
ਹਫਤਾਵਾਰੀ
# ਦੇਸ਼ ਦੁਆਬਾ
VOL - 4 ISSUE - 38
December 23, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

GR Video Production

Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings, Call (510) 921-6626
or Kash Fabrics (510) 538-1138

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਅਦਾਰਾ 'ਦੇਸ਼ ਦੁਆਬਾ' ਵੱਲੋਂ ਪ੍ਰਭੂ ਯੀਸ਼ੂ ਮਸੀਹ ਜੀ ਦੇ ਸ਼ਰਧਾਲੂਆਂ ਅਤੇ ਕੁੱਲ ਲੋਕਾਈ ਨੂੰ ਮੈਰੀ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

# ਖਡੂਰ ਸਾਹਿਬ ਉਪ ਚੋਣ ਤਹਿ ਕਰ ਸਕਦੀ ਹੈ ਪੰਜਾਬ ਦਾ ਸਿਆਸੀ ਭਵਿੱਖ

**ਖਡੂਰ ਸਾਹਿਬ (ਬਿਊਰੋ)–** ਪੰਜਾਬ ਵਿਚ ਜਨਵਰੀ ਦੇ ਮਹੀਨੇ ਹੋਣ ਵਾਲੀ ਖਡੂਰ ਸਾਹਿਬ ਹਲਕੇ ਦੀ ਉਪ ਚੋਣ ਪੰਜਾਬ ਦਾ ਸਿਆਸੀ ਭਵਿੱਖ ਤਹਿ ਕਰਨ ਲਈ ਨਿਰਣਾਇਕ ਮੰਨੀ ਜਾ ਰਹੀ ਹੈ। ਇਸ ਉਪ ਚੋਣ ਲਈ ਹਾਲਾਂਕਿ ਅਕਾਲੀ ਦਲ ਅਤੇ ਕਾਂਗਰਸ ਨੇ ਆਪਣੇ ਉਮੀਦਵਾਰਾਂ ਦਾ ਖੁੱਲ੍ਹਾ ਐਲਾਨ ਨਹੀਂ ਕੀਤਾ ਪਰ ਦੋਵੇਂ ਧਿਰਾਂ ਇਸ ਉਪ ਚੋਣ ਨੂੰ ਜਿੱਤਣ ਲਈ ਪੱਬਾਂ ਭਾਰ ਹਨ। ਇਸ ਹਲਕੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਕਈ ਦਿਨਾਂ ਤੋਂ ਸੰਗਤ ਦਰਸ਼ਨ ਅਤੇ ਗਰਾਂਟਾਂ ਦਾ ਹੜ੍ਹ ਲਿਆਂਦਾ ਹੋਇਆ ਹੈ। ਇੱਧਰ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਇਸ ਹਲਕੇ ਦੀ ਉਪ ਚੋਣ ਨੂੰ ਬਹੁਤ ਹੀ ਮਹੱਤਵਪੂਰਨ ਮੰਨ ਰਹੇ ਹਨ। ਪਿਛਲੀ ਵਾਰ ਵੀ ਉਹਨਾਂ ਦੀ ਅਗਵਾਈ ਵਿਚ ਜਦੋਂ ਕਾਂਗਰਸ ਸੱਤਾ ਵਿਚ ਆਈ ਸੀ ਤਾਂ ਉਹਨਾਂ ਨੂੰ ਦੀ ਪਾਰਟੀ ਦੇ ਉਮੀਦਵਾਰ ਨੂੰ ਆਦਮਪੁਰ ਹਲਕੇ ਤੋਂ ਸਿਰਫ 3 ਵੋਟਾਂ ਨਾਲ ਜਿੱਤ ਐਨ ਉਸ ਵੇਲੇ ਮਿਲੀ ਸੀ, ਜਦੋਂ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਸਨ। ਉਸ ਤੋਂ ਬਾਅਦ ਉਹ ਲਗਾਤਾਰ ਦੋ ਵਾਰ ਅਕਾਲੀ ਦਲ-ਭਾਜਪਾ ਗੱਠਜੋੜ ਤੋਂ ਹਾਰ ਚੁੱਕੇ ਹਨ ਅਤੇ ਇਸ ਵਾਰ ਉਹਨਾਂ ਦੀ ਆਖਰੀ ਪਾਰੀ ਮੰਨੀ ਜਾ ਰਹੀ ਹੈ। ਇਸ ਹਲਕੇ ਵਿਚ ਆਮ ਆਦਮੀ ਪਾਰਟੀ ਵੀ ਕਾਫੀ ਸਰਗਰਮ ਹੈ ਕਿਉਂਕਿ ਲੋਕ ਸਭਾ ਚੋਣਾਂ ਵਿਚ ਇਸ ਹਲਕੇ ਤੋਂ ਆਪ ਨੂੰ ਕਾਫੀ ਵੱਡੀ ਵੋਟ ਮਿਲੀ ਸੀ। ਫਿਲਹਾਲ ਆਮ ਆਦਮੀ ਪਾਰਟੀ ਨੂੰ ਪਾਟੋਧਾੜ ਦਾ ਵੀ ਸਾਹਮਣਾ ਕਰ ਰਿਹਾ ਹੈ ਅਤੇ ਇਸ ਦੇ ਬਾਗੀ ਗਰੁੱਪ ਨੇ ਖਡੂਰ ਸਾਹਿਬ ਹਲਕੇ ਤੋਂ ਆਪਣਾ ਉਮੀਦਵਾਰ ਵੀ ਉਤਾਰ ਦਿੱਤਾ ਹੈ।





ਆਮ ਆਦਮੀ ਪਾਰਟੀ ਤੋਂ ਅਲੱਗ ਹੋਏ ਆਗੂ ਭਾਈ ਬਲਦੀਪ ਸਿੰਘ ਨੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਆਮ ਆਦਮੀ ਪਾਰਟੀ (ਆਪ) ਨਾਲੋਂ ਟੁੱਟੀਆਂ ਧਿਰਾਂ ਸਵਰਾਜ ਲਹਿਰ, ਆਮ ਆਦਮੀ ਵਲੰਟੀਅਰ ਫਰੰਟ ਅਤੇ 'ਆਪ' ਦੇ ਦੋ ਬਾਗੀ ਸੰਸਦ ਮੈਂਬਰਾਂ ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਨੇ ਹਮਾਇਤ ਦਿੱਤੀ ਹੈ।

ਇਹ ਧਿਰਾਂ ਜ਼ਿਮਨੀ ਚੋਣ ਦੇ ਮੰਚ ਨੂੰ 'ਆਪ' ਤੋਂ ਨਿਰਾਸ਼ ਵਲੰਟੀਅਰਾਂ ਨੂੰ ਇਕੱਠੇ ਕਰਨ ਲਈ ਵਰਤਣ ਦੇ ਰੌਅ ਵਿੱਚ ਹਨ। ਦੱਸਣਯੋਗ ਹੈ ਕਿ ਭਾਈ ਬਲਦੀਪ ਸਿੰਘ ਨੇ 'ਆਪ' ਦੀ ਟਿਕਟ ਤੋਂ ਖਡੂਰ ਸਾਹਿਬ ਲੋਕ ਸਭਾ ਚੋਣਾਂ ਲੜ ਕੇ 1.44 ਲੱਖ ਦੇ ਕਰੀਬ ਵੋਟਾਂ ਹਾਸਲ ਕੀਤੀਆਂ ਸਨ, ਜਿਨ੍ਹਾਂ ਵਿੱਚੋਂ 12,400 ਵੋਟਾਂ ਖਡੂਰ ਸਾਹਿਬ ਵਿਧਾਨ ਸਭਾ ਵਿੱਚੋਂ ਮਿਲੀਆਂ ਸਨ। ਇਹ ਐਲਾਨ ਇੱਥੇ ਸਵਰਾਜ ਲਹਿਰ ਪੰਜਾਬ ਦੇ ਕਨਵੀਨਰ ਪ੍ਰੋ. ਮਨਜੀਤ ਸਿੰਘ ਤੇ ਕੌਮੀ ਕਾਰਜਕਾਰਨੀ ਦੇ ਮੈਂਬਰ ਤਰਸੇਮ ਜੋਧਾਂ, ਆਮ ਆਦਮੀ ਵਲੰਟੀਅਰ ਫਰੰਟ ਪੰਜਾਬ ਦੇ ਪ੍ਰਧਾਨ ਸਮੀਤ ਭੁੱਲਰ, ਇੰਦਰਜੋਤ ਸਿੰਘ ਗਰੇਵਾਲ ਅਤੇ ਡਾ. ਗੁਰਪ੍ਰੀਤ ਸਿੰਘ ਨੇ ਕਰਦਿਆਂ ਕਿਹਾ ਕਿ 'ਆਪ' ਨੇ ਇਸ ਜ਼ਿਮਨੀ ਚੋਣ ਤੋਂ ਪਿੱਛੇ ਹੱਟ ਕੇ ਲੋਕਾਂ ਦਾ ਭਰੋਸਾ ਤੋੜਿਆ ਹੈ ਅਤੇ ਉਹ ਆਮ ਆਦਮੀ ਦੀ ਸਿਆਸਤ ਦੇ ਇਸ ਖਲਾਅ ਨੂੰ ਭਰਨ ਲਈ ਮੈਦਾਨ ਵਿੱਚ ਨਿੱਤਰੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ 'ਆਪ' ਪੰਜਾਬ ਦੀ ਪ੍ਰਚਾਰ ਕਮੇਟੀ ਦੇ ਸਾਬਕਾ ਕਨਵੀਨਰ ਸੁਮੇਲ ਸਿੰਘ ਸਿੱਧੂ ਨੇ ਬਿਨਾਂ ਕਿਸੇ ਨਾਲ ਸਲਾਹ ਕੀਤਿਆਂ ਇੱਥੋਂ ਨਿੱਜੀ ਤੌਰ 'ਤੇ ਚੋਣ ਲੜਣ ਦਾ ਫ਼ੈਸਲਾ ਲਿਆ ਹੈ ਅਤੇ ਇਨ੍ਹਾਂ ਧਿਰਾਂ ਦਾ ਉਸ ਨਾਲ ਕੋਈ ਸਬੰਧ ਨਹੀਂ ਹੈ। ਆਗੂਆਂ ਨੇ ਦੱਸਿਆ ਕਿ 'ਆਪ' ਤੋਂ ਮੁਅੱਤਲ ਦੋ ਸੰਸਦ ਮੈਂਬਰਾਂ ਸ੍ਰੀ ਗਾਂਧੀ ਅਤੇ ਸ੍ਰੀ ਖਾਲਸਾ ਨੇ ਵੀ ਭਾਈ ਬਲਦੀਪ ਸਿੰਘ ਨੂੰ ਚੋਣ ਲੜ-ਾਉਣ ਦੀ ਸਹਿਮਤੀ ਦਿੱਤੀ ਹੈ। ਤਰਕਸ਼ੀਲ ਸੁਸਾਇਟੀ ਦੇ ਬਾਨੀ ਮੈਂਬਰ ਮੇਘ ਰਾਜ ਮਿੱਤਰ ਨੇ ਵੀ ਉਨ੍ਹਾਂ ਨੂੰ ਸਮਰਥਨ ਦਿੱਤਾ ਹੈ।

Raja SWEETS & CATERING
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders

ITEMS SERVING
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Catering Services
Wedding Ceremonies, Receptions, Birthday Parties, Corporale Events, Religious Gatherings, Picnic/Bar-B-Que
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com

A & S Auto Repair & Services
9:00 AM to 6:00 PM Mon-Sat
Specializing in Brakes & Axles
Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
msandhu2014@gmail.com
SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU
Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.

Offices
New York
37-18 73 Street Suite # 401
Jackson Heights Ny 11372
Phone : 718-533-8444
Fremont
44790 S Grimmer Blvd # 208
Fremont CA 94538
Phone : 510-657-6444
Fresno
4491 W Shaw ave # 131
Fresno CA 93711
Phone : 559-271-5511
Sacramento
2901 W Capitol ave
West Sacramento CA 95691
Phone : 916-385-2288
Jaspreet Singh
Email : jaspreetsinghlawoffice@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
Follow us on Twitter
rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਪੰਜਾਬ ਯੂਨੀਵਰਸਿਟੀ ਦੇ ਡੀਨ ਦੀ ਚੋਣ: ਯੂਨੀਵਰਸਿਟੀ ਗਰੁੱਪ ਦਾ ਦਬਦਬਾ ਬਰਕਰਾਰ

## ਡੀਨ ਦੇ ਲਈ ਚਾਰ ਫੈਕਲਟੀ ਵਿਚ ਵੋਟਿੰਗ, ਤਿੰਨ 'ਤੇ ਯੂਨੀਵਰਸਿਟੀ ਗਰੁੱਪ ਦੀ ਜਿੱਤ

**ਚੰਡੀਗੜ੍ਹ–** ਪੰਜਾਬ ਯੂਨੀਵਰਸਿਟੀ (ਪੀ. ਯੂ.) ਦੇ ਡੀਨ ਚੋਣਾਂ ਵਿਚ ਸਿੰਡੀਕੇਟ ਵਾਂਗ ਹੀ ਯੂਨੀਵਰਸਿਟੀ ਗਰੁੱਪ (ਪਹਿਲਾਂ ਚਤਰਥ ਗਰੁੱਪ) ਦਾ ਦਬਦਬਾ ਰਿਹਾ ਹੈ। ਡੀਨ ਦੇ ਚਾਰ ਸੀਟਾਂ 'ਤੇ ਸਿੱਧੇ ਤੌਰ 'ਤੇ ਯੂਨੀਵਰਸਿਟੀ ਗਰੁੱਪ ਅਤੇ ਦੋ ਸੀਟਾਂ 'ਤੇ ਅਸ਼ੋਕ ਗੋਇਲ ਗਰੁੱਪ ਨੇ ਜਿੱਤ ਹਾਸਲ ਕੀਤੀ ਹੈ। ਵੱਖ ਵੱਖ ਫੈਕਲਟੀ ਅਤੇ ਸਕੱਤਰ ਦੇ ਅਹੁਦੇ ਦੇ ਲਈ ਸ਼ਨਿਚਰਵਾਰ (19 ਦਸੰਬਰ) ਨੂੰ ਹੋਈਆਂ ਚੋਣਾਂ ਵਿਚ ਤਿੰਨ ਫੈਕਲਟੀ ਦੇ ਲਈ ਵੋਟਿੰਗ ਹੋਈ, ਜਦਕਿ 4 ਮੈਂਬਰਾਂ ਦੀ ਚੋਣ ਸਰਬ-ਸੰਮਤੀ ਨਾਲ ਕਰ ਲਈ ਗਈ। ਸਵੇਰੇ ਸਭ ਤੋਂ ਪਹਿਲਾਂ ਆਰਟਸ ਫੈਕਲਟੀ ਚੋਣਾਂ ਵਿਚ ਪ੍ਰੋ. ਰੌਣਕੀ ਰਾਮ ਨੇ ਡਾ. ਆਸ਼ਾ ਮੋਦਗਿੱਲ ਨੂੰ 73 ਦੇ ਮੁਕਾਬਲੇ 26 ਵੋਟਾਂ ਨਾਲ ਹਰਾ ਦਿੱਤਾ।

ਡੀਨ ਚੋਣਾਂ ਵਿਚ ਫੈਕਲਟੀ ਆਫ ਆਰਟਸ, ਐਜੂਕੇਸ਼ਨ, ਡਿਜ਼ਾਇਨ ਐਂਡ ਫਾਈਨ ਆਰਟਸ ਅਤੇ ਫੈਕਲਟੀ ਆਫ ਸਾਇੰਸ ਵਿਚ ਯੂਨੀਵਰਸਿਟੀ ਗਰੁੱਪ ਦਾ ਦਬਦਬਾ ਰਿਹਾ ਹੈ। ਜਦਕਿ ਲੈਂਗੁਏਜ ਅਤੇ ਬਿਜਨਸ ਮੈਨੇਜਮੈਂਟ ਐਂਡ ਕਾਮਰਸ ਵਿਚ ਅਸ਼ੋਕ ਗੋਇਲ ਗਰੁੱਪ ਨੇ ਜਿੱਤ ਹਾਸਲ ਕੀਤੀ ਹੈ। ਡੀਨ ਚੋਣਾਂ ਵਿਚ ਫੈਕਲਟੀ ਆਫ ਡਿਜਾਇਨ ਐਂਡ ਫਾਈਨ ਆਰਟਸ ਵਿਚ ਡਾ. ਕੁਲਦੀਪ ਸਿੰਘ ਨੇ ਇਕ ਦਿਨ ਪਹਿਲਾਂ ਹੀ ਸਿੰਡੀਕੇਟ ਚੋਣਾਂ ਜਿੱਤਣ ਵਾਲੇ ਡਾ. ਹਰਪ੍ਰੀਤ ਸਿੰਘ ਦੁਆ ਨੂੰ ਹਰਾ ਦਿੱਤਾ। ਡਾ. ਕੁਲਦੀਪ ਕੌਰ ਨੇ ਡਾ. ਦੁਆ ਨੂੰ ਤਿੰਨ ਵੋਟਾਂ ਨਾਲ ਹਰਾਇਆ।

**ਪ੍ਰੋ. ਰੌਣਕੀ ਰਾਮ ਨੇ ਬਣਾਇਆ ਨਵਾਂ ਰਿਕਾਰਡ**

ਪੰਜਾਬ ਯੂਨੀਵਰਸਿਟੀ ਥਿੰਕ ਟੈਂਕ ਦਾ ਮੁੱਖ ਹਿੱਸਾ ਮੰਨੇ ਜਾਣ ਵਾਲੇ ਪੌਲੀਟੀਕਲ ਸਾਇੰਸ ਡਿਪਾਰਟਮੈਂਟ ਦੇ ਪ੍ਰੋ. ਰੌਣਕੀ ਰਾਮ ਨੇ ਡੀਨ ਚੋਣਾਂ ਵਿਚ ਰਿਕਾਰਡ ਤੋੜ ਜਿੱਤ ਹਾਸਲ ਕੀਤੀ ਹੈ। ਉਹਨਾਂ ਨੇ ਡਾ. ਆਸ਼ਾ ਮੋਦਗਿਲ ਨੂੰ 47 ਵੋਟਾਂ ਨਾਲ ਮਾਤ ਦਿੱਤੀ। ਪ੍ਰੋ ਰੌਣਕੀ ਰਾਮ ਨੇ ਲਗਾਤਾਰ ਤਿੰਨ ਸਾਲ ਆਰਟਸ ਫੈਕਲਟੀ ਡੀਨ ਰਹਿੰਦੇ ਹੋਏ ਨਵਾਂ ਰਿਕਾਰਡ ਬਣਾਇਆ ਹੈ। ਰੌਣਕੀ ਰਾਮ 2004 ਅਤੇ 2008 ਵਿਚ ਪੂਟਾ ਪ੍ਰੈਜ਼ੀਡੈਂਟ 'ਤੇ ਵੀ ਰਿਕਾਰਡ ਵੋਟਾਂ ਨਾਲ ਜਿੱਤ ਚੁੱਕੇ ਹਨ।



ਪ੍ਰੋ. ਰੌਣਕੀ ਰਾਮ

**ਪ੍ਰੋ. ਗੋਇਲ ਦਾ ਮੈਨੇਜਮੈਂਟ ਫੰਡਾ ਸਫਲ**

ਪੰਜਾਬ ਯੂਨੀ-ਵਰਸਿਟੀ 2016 ਸਿੰਡੀਕੇਟ ਅਤੇ ਡੀਨ ਚੋਣਾਂ ਵਿਚ ਯੂਨੀਵਰਸਿਟੀ ਗਰੁੱਪ ਦੀ ਜਿੱਤ ਦਾ ਪੂਰਾ ਮੈਨੇਜਮੈਂਟ ਪ੍ਰੋ. ਨਵਦੀਪ ਗੋਇਲ ਨੇ ਤਿਆਰ ਕੀਤਾ ਸੀ। ਵੀ. ਸੀ. ਦੇ ਕਾਫੀ ਕਰੀਬੀ ਮੰਨੇ ਜਾਣ ਵਾਲੇ ਪ੍ਰੋ. ਨਵਦੀਪ ਡੀ. ਐਸ. ਡਬਲਿਊ. ਵੀ ਹਨ। ਸਿੰਡੀਕੇਟ ਵਿਚ ਕੰਬਾਇਨ ਫੈਕਲਟੀ ਤੋਂ ਸਭ ਤੋਂ ਜ਼ਿਆਦਾ 43 ਵੋਟਾਂ ਲੈ ਕੇ ਜਿੱਤ ਦੇ ਨਾਲ ਹੀ ਉਹਨਾਂ ਨੇ ਡੀਨ ਚੋਣਾਂ ਵਿਚ ਵੀ ਗਰੁੱਪ ਨੂੰ ਸਪਸ਼ਟ ਬਹੁਮਤ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। 2016 ਸੈਨੇਟ ਚੋਣਾਂ ਤੋਂ ਪਹਿਲਾਂ ਪ੍ਰੋ. ਗੋਇਲ ਦੀ ਅਗਵਾਈ ਵਿਚ ਇਹ ਜਿੱਤ ਕਾਫੀ ਮਾਅਨੇ ਰੱਖਦੀ ਹੈ। ਸਵਰਗੀ ਜੀ. ਕੇ. ਚਤਰਥ ਤੋਂ ਬਾਅਦ ਪ੍ਰੋ. ਗੋਇਲ ਨੇ ਪੀ. ਯੂ. ਸਿੰਡੀਕੇਟ ਰਾਜਨੀਤੀ ਵਿਚ ਅਹਿਮ ਰੋਲ ਅਦਾ ਕੀਤਾ ਹੈ।

**ਕਿਸ ਫੈਕਲਟੀ ਵਿਚ ਕਿਸਨੂੰ ਮਿਲੀ ਜਿੱਤ**

ਫੈਕਲਟੀ ਆਫ ਆਰਟਸ
ਪ੍ਰੋ. ਰੌਣਕੀ ਰਾਮ (73) ਜਿੱਤੇ
ਡਾ. ਆਸ਼ਾ ਮੋਦਗਿੱਲ (26) ਹਰੇ

**ਫੈਕਲਟੀ ਆਫ ਲੈਂਗੁਏਜ**
ਪ੍ਰੋ. ਪੰਕਜ ਮਾਲਵੀਆ (ਸਰਬਸੰਮਤੀ ਨਾਲ ਚੁਣੀ ਗਈ)

ਫੈਕਲਟੀ ਆਫ ਬਿਜਨਸ ਮੈਨੇਜਮੈਂਟ ਐਂਡ ਕਾਮਰਸ
ਪ੍ਰੋ. ਕਰਮਜੀਤ ਸਿੰਘ (54) ਜਿੱਤੇ
ਪ੍ਰੋ. ਸੰਜੀਵ ਸ਼ਰਮਾ (33) ਹਾਰੇ
(ਨੋਟ- ਅਰਵਿੰਦ ਕੁਮਾਰ ਮਲਹੋਤਰਾ ਨੂੰ ਸਰਬ ਸੰਮਤੀ ਨਾਲ ਸਕੱਤਰ ਚੁਣਿਆ ਗਿਆ ਹੈ)

**ਫੈਕਲਟੀ ਆਫ ਐਜੂਕੇਸ਼ਨ**
ਡਾ. ਐਨ. ਆਰ. ਸ਼ਰਮਾ (52) ਜਿੱਤੇ
ਡਾ. ਤ੍ਰਿਲੋਕ ਬੰਧੂ (30) ਹਾਰੇ
(ਨੋਟ: ਡਾ. ਸਰਬਜੀਤ ਕੌਰ ਨੂੰ ਸਰਬ ਸੰਮਤੀ ਨਾਲ ਸਕੱਤਰ ਚੁਣਿਆ ਗਿਆ ਹੈ।)

**ਫੈਕਲਟੀ ਆਫ ਡਿਜਾਇਨ ਐਂਡ ਫਾਈਨ ਆਰਟਸ**
ਡਾ. ਕੁਲਦੀਪ ਸਿੰਘ (15) ਜਿੱਤੇ
ਡਾ. ਹਰਪ੍ਰੀਤ ਦੁਆ (12) ਹਾਰੇ

ਫੈਕਲਟੀ ਆਫ ਸਾਇੰਸ
ਪ੍ਰੋ. ਪ੍ਰਵੀਣ ਰਿਸ਼ੀ ਸਰਬ ਸੰਮਤੀ ਨਾਲ ਡੀਨ ਚੁਣੀ ਗਈ)

ਫੈਕਲਟੀ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ
ਪ੍ਰੋ. ਮੀਨਾਕਸ਼ੀ ਗੋਇਲ (ਸਰਬ ਸੰਮਤੀ ਨਾਲ ਡੀਨ ਚੁਣੀ ਗਈ)
ਪ੍ਰੋ. ਅੰਮ੍ਰਿਤਪਾਲ ਤੂਰ (ਸਰਬ ਸੰਮਤੀ ਨਾਲ ਸਕੱਤਰ ਚੁਣੀ ਗਈ।

**ਫੈਕਲਟੀ ਆਫ ਫਾਰਮਾਸਿਊਟੀਕਲ**
ਪ੍ਰੋ. ਅਨੁਪਮ ਸ਼ਰਮਾ (ਸਰਬਸੰਮਤੀ ਨਾਲ ਡੀਨ ਚੁਣੀ ਗਈ)
ਪ੍ਰੋ. ਇੰਦੂ ਪਾਲ ਕੌਰ (ਸਰਬਸੰਮਤੀ ਨਾਲ ਸਕੱਤਰ ਚੁਣੀ ਗਈ)

# ਭਾਰਤੀ ਨੈਸ਼ਨਲ ਹਾਕੀ ਟੀਮ ਦੇ ਕਪਤਾਨ ਸ. ਸਰਦਾਰਾ ਸਿੰਘ ਦਾ ਬੇ-ਏਰੀਆ ਅਤੇ ਸੈਕਰਾਮੈਂਟੋ 'ਚ ਨਿੱਘਾ ਸਵਾਗਤ

**ਸੈਕਰਾਮੈਂਟੋ (ਡੀ. ਡੀ. ਬੀ.)–** ਉੱਘੇ ਹਾਕੀ ਖਿਡਾਰੀ ਅਤੇ ਕੈਸ਼ ਫੈਬਰਿਕਸ ਦੇ ਮਾਲਿਕ ਸ: ਕਸ਼ਮੀਰ ਸਿੰਘ ਧੁੱਗਾ ਅਤੇ ਨਾਮਵਰ ਪਹਿਲਵਾਨ ਸ੍ਰੀ ਰਾਜ ਕੁਮਾਰ (ਰਾਜੂ ਪਹਿਲਵਾਨ) ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਬੇ-ਏਰੀਆ ਪਹੁੰਚੇ ਭਾਰਤੀ ਨੈਸ਼ਨਲ ਹਾਕੀ ਟੀਮ ਦੇ ਮੌਜੂਦਾ ਕਪਤਾਨ ਸ: ਸਰਦਾਰਾ ਸਿੰਘ ਦਾ ਬੇ-ਏਰੀਆ ਅਤੇ ਸੈਕਰਾਮੈਂਟੋ 'ਚ ਨਿੱਘਾ ਸਵਾਗਤ ਕੀਤਾ ਗਿਆ।

19 ਦਸੰਬਰ ਦਿਨ ਸ਼ਨਿਚਰਵਾਰ ਦੀ ਸ਼ਾਮ ਨੂੰ ਬੇ-ਏਰੀਆ ਦੇ ਪੰਜਾਬੀ ਭਾਈਚਾਰੇ ਵੱਲੋਂ ਹਾਕੀ ਕਪਤਾਨ ਸ. ਸਰਦਾਰਾ ਸਿੰਘ ਦੇ ਸਵਾਗਤ 'ਚ ਓਸੀਸ ਪੈਲੇਸ ਨਿਊਵਾਰਕ ਵਿਖੇ ਸ਼ਾਮ ਨੂੰ ਸ਼ਾਨਦਾਰ ਡਿਨਰ ਦਿੱਤਾ ਗਿਆ। ਇਸ ਮੌਕੇ ਲੱਗਭੱਗ ਸੌ ਤੋਂ ਵੱਧ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ ਤੇ ਕਪਤਾਨ ਸਰਦਾਰਾ ਸਿੰਘ ਨਾਲ ਮਿਲ ਕੇ ਆਪਦੀ ਜਾਣ-ਪਹਿਚਾਣ ਕਰਵਾਉਂਦਿਆਂ ਸਭ ਨੇ ਆਪਣੀ ਅਥਾਹ ਖੁਸ਼ੀ ਤੇ ਨਿੱਘੇ ਪਿਆਰ/ਸਤਿਕਾਰ ਦਾ ਇਜ਼ਹਾਰ ਕੀਤਾ।

ਕਪਤਾਨ ਸਰਦਾਰਾ ਸਿੰਘ ਜੀ ਨੇ ਆਪਣੀ ਤਰਫੋਂ ਸਭ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਆਪਣੀ ਹਾਕੀ ਖੇਡ ਜੀਵਨ ਤੋਂ ਜਾਣੂ ਕਰਵਾਉਂਦਿਆਂ ਆਪਣੀ ਕਪਤਾਨੀ ਦੌਰਾਨ ਬੀਤੇ ਦਿਨੀਂ ਹੋਈਆਂ ਖੇਡਾਂ 'ਚ ਭਾਰਤ ਨੂੰ ਬਰਾਊਂਜ਼ ਮੈਡਲ ਵਿਜੇਤਾ ਬਣਾਉਣ ਦੇ ਪਲਾਂ ਦਾ ਵਰਣਨ ਕਰਦਿਆਂ ਪੰਜਾਬੀ ਭਾਈਚਾਰੇ ਨੂੰ ਖੇਡਾਂ 'ਚ ਖਾਸ ਕਰਕੇ ਹਾਕੀ ਖੇਡ ਲਈ ਬੱਚੇ-ਬੱਚੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿਉਂਕਿ ਹਾਕੀ ਖੇਡ 'ਚ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਤੇ ਸ਼ਾਨਦਾਰ ਇਤਿਹਾਸ ਰਚਿਆ ਗਿਆ ਹੈ। ਬੱਚਿਆਂ ਨੂੰ ਜਿੱਥੇ ਵਿੱਦਿਆ ਜ਼ਰੂਰੀ ਹੈ, ਉਥੇ ਖੇਡ ਵੀ ਜ਼ਰੂਰੀ ਹੈ ਜੋ ਇਨਸਾਨ ਲਈ ਜਿੱਥੇ ਸਿਹਤ ਨੂੰ ਤੰਦਰੁਸਤ ਬਣਾਉਂਦੀ ਹੈ, ਉਥੇ ਚੰਗੀ ਖੇਡ ਖੇਡਣ ਵਾਲੇ ਬੱਚਿਆਂ ਨੂੰ ਮਾਣ-ਸਨਮਾਨ ਦੇ ਨਾਲ ਇਕ ਵਧੀਆ ਕੈਰੀਅਰ ਵੀ ਪ੍ਰਦਾਨ ਕਰ ਸਕਦੀ ਹੈ। ਕਪਤਾਨ ਸਰਦਾਰਾ ਸਿੰਘ ਦੀ ਗੱਲ ਦਾ ਇੰਨਾ ਅਸਰ ਹੋਇਆ ਕਿ ਅਗਲੇ ਦਿਨ ਫਰੀਮਾਂਟ ਦੀਆਂ ਗਰਾਊਂਡਾਂ 'ਚ ਬੱਚੇ-ਬੱਚੀਆਂ ਨੇ ਆਪੋ ਆਪਣੀਆਂ ਹਾਕੀਆਂ ਦੇ ਨਾਲ ਕਪਤਾਨ ਦੇ ਨਾਲ ਬੜੇ ਚਾਹਵਾਂ ਨਾਲ ਫੋਟੋਆਂ ਵੀ ਕਰਾਈਆਂ ਤੇ ਹਾਕੀ ਦੇ ਨਿਯਮਾਂ ਪ੍ਰਤੀ ਜਾਣਿਆ। ਇਸ ਮੌਕੇ ਬੱਚਿਆਂ ਦੇ ਮਾਤਾ-ਪਿਤਾ ਵੀ ਸ਼ਾਮਲ ਸਨ। ਇਸੇ ਤਰ੍ਹਾਂ ਇਕ ਦਿਨ ਪਹਿਲਾਂ ਕਪਤਾਨ ਸਰਦਾਰਾ ਸਿੰਘ ਨੇ ਹੇਵਰਡ ਦੀ ਇਕ ਗਰਾਊਂਡ 'ਚ ਬੱਚਿਆਂ ਨਾਲ ਮੁਲਾਕਾਤ ਤੇ ਗਰੁੱਪ ਫੋਟੋ ਕੀਤੀ।

20 ਦਸੰਬਰ ਦਿਨ ਐਤਵਾਰ ਨੂੰ ਕਪਤਾਨ ਸਰਦਾਰਾ ਸਿੰਘ ਨੂੰ ਸ: ਕਸ਼ਮੀਰ ਸਿੰਘ ਧੁੱਗਾ ਅਤੇ ਮਨਜੀਤ ਸਿੰਘ ਗਿੱਲ ਆਦਿ ਲੈ ਕੇ ਗੁਰਦੁਆਰਾ ਸਾਹਿਬ ਫਰੀਮਾਂਟ ਮੱਥਾ ਟੇਕਣ ਲਈ ਗਏ, ਜਿੱਥੇ ਗੁਰੂ ਘਰ ਦੀ ਕਮੇਟੀ ਵੱਲੋਂ ਕਪਤਾਨ ਸਰਦਾਰਾ ਸਿੰਘ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਇਸ ਮੌਕੇ ਤੇ ਕਸ਼ਮੀਰ ਸਿੰਘ ਧੁੱਗਾ, ਕਰਮਜੀਤ ਸਿੰਘ, ਹਰਿੰਦਰਪਾਲ ਸਿੰਘ (ਹਾਕੀ ਕਲੱਬ ਹੇਵਰਡ), ਦੀਪਾ (ਸੈਨਹੇਜੇ ਹਾਕੀ ਕਲੱਬ), ਬੂਟਾਂ ਸਿੰਘ (ਸੈਕਰਾਮੈਂਟੋ ਹਾਕੀ ਕਲੱਬ), ਗੋਗਾ (ਟਰੇਸੀ ਹਾਕੀ ਕਲੱਬ), ਕੈਮ ਗਿੱਲ (ਸਿੱਖ ਸਪੋਰਟਸ ਕਲੱਬ), ਹਰਦੀਪ ਔਲਖ, ਲਛਮਣ ਮਾਂਗਟ, ਭੁਪਿੰਦਰ ਪਰਮਾਰ, ਰੋਬਿਨ ਸਿੰਘ, ਅਵਤਾਰ ਸਿੰਘ ਤਾਰੀ, ਰਾਮ ਸਿੰਘ, ਸੁਖਵੰਤ ਢਿੱਲੋਂ, ਕਸ਼ਮੀਰ ਸ਼ਾਹੀ, ਅਮਰਜੀਤ ਨਿਰਵਾਲ, ਕਮਲ ਅਟਵਾਲ (ਗੁਰਦੁਆਰਾ ਸਾਹਿਬ ਫਰੀਮਾਂਟ), ਮੋਹਿੰਦਰ ਭੱਟੀ, ਗੁਰਦੀਪ ਸੂਚ, ਜਤਿੰਦਰ ਤੱਖਰ, ਜਸਵੰਤ ਸਰਾਂ, ਕੁਲਵੰਤ ਨਿਜਰ, ਘੋਲੀਆ, ਸੁੱਖਾ ਅਬਲੋਵਾਲ, ਤਜਿੰਦਰ ਸਿੰਘ ਹੁੰਦਲ (ਮਡੈਸਟੋ) ਆਦਿ ਸ਼ਾਮਲ ਸਨ।

ਇਸ ਪ੍ਰੋਗਰਾਮ ਨੂੰ ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਰਬਿਕਸ, ਹੇਵਰਡ), ਮਨਜੀਤ ਗਿੱਲ (ਗਿੱਲ ਫਾਇਨਾਂਸ ਐਂਡ ਇੰਸ਼ੋਰੈਂਸ ਸਰਵਿਸਿਜ਼), ਹਰਜੋਤ ਧੁੱਗਾ ਅਤੇ ਨਵੀ ਪੁਰੇਵਾਲ ਨੇ ਆਯੋਜਿਤ ਕੀਤਾ।

ਇਸ ਉਪਰੰਤ ਕਪਤਾਨ ਸਰਦਾਰਾ ਸਿੰਘ ਨੇ ਸ੍ਰੀ ਧੁੱਗਾ, ਗੁਰਿੰਦਰ ਸਿੰਘ ਪੁਰੇਵਾਲ ਆਦਿ ਮੈਂਬਰਾਂ ਨੇ ਹਾਕੀ ਪਲੇਅਰ ਰਹਿ ਚੁੱਕੇ ਸ: ਬੂਟਾ ਸਿੰਘ ਦੇ ਵਿਸ਼ੇਸ਼ ਸੱਦੇ 'ਤੇ 'ਚਾਟ ਆਫ ਇੰਡੀਆ' ਸੈਕਰਾਮੈਂਟੋ ਵਿਖੇ ਡਿਨਰ ਦਿੱਤਾ ਗਿਆ, ਜਿੱਥੇ ਬਹੁਤ ਸਾਰੇ ਪੰਜਾਬੀ ਭਾਈਚਾਰੇ ਵੱਲੋਂ ਸ਼ਮੂਲੀਅਤ ਕੀਤੀ ਗਈ, ਜਿਹਨਾਂ ਦੇ ਨਾਂ ਇਸ ਪ੍ਰਕਾਰ ਹਨ: ਭੁਪਿੰਦਰ ਸਿੰਘ ਰੰਧਾਵਾ, ਜੋਰਾਵਰ ਸਿੰਘ ਪੁਰੇਵਾਲ, ਦਵਿੰਦਰ ਸਿੰਘ ਜਵਾਹਰ, ਪਰਮਿੰਦਰ ਸਿੰਘ ਵਿਰਕ, ਨਰਿੰਦਰ ਸਿੰਘ ਭੰਡਾਲ, ਨਿਰਮਲ ਸਿੰਘ, ਹਰਨੇਕ ਸਿੰਘ ਅਟਵਾਲ, ਪਿੰਕੀ ਅਟਵਾਲ, ਸੁਰਜੀਤ ਸਿੰਘ ਨਿੱਜਰ, ਹਰਵਿੰਦਰ ਸਿੰਘ ਬਰਾੜ, ਕਰਮਵੀਰ ਸਿੰਘ ਕਾਮੀ ਆਦਿ ਹਾਜਰ ਸਨ ਤੇ ਨੌਜਵਾਨ ਬੱਚਿਆਂ ਵੱਲੋਂ ਇਕ ਸ਼ਾਨਦਾਰ ਯਾਦਗਾਰੀ ਪਲੈਕ ਕਪਤਾਨ ਸਰਦਾਰਾ ਸਿੰਘ ਦੇ ਸਨਮਾਨ ਵਿਚ ਭੇਂਟ ਕੀਤੀ।

ਇਸ ਪ੍ਰੋਗਰਾਮ ਦੀ ਲਾਈਵ ਪ੍ਰਫਾਰਮੈਂਸ ਸੁਲਤਾਨ ਅਖਤਰ ਅਤੇ ਵੀਡੀਓ ਅਤੇ ਕੈਮਰੇ ਦੀ ਸੇਵਾ ਗੁਰਿੰਦਰ ਪੁਰੇਵਾਲ (ਜੀ. ਆਰ. ਵੀਡੀਓ) ਨੇ ਕੀਤੀ।

**(ਸਬੰਧਿਤ ਤਸਵੀਰਾਂ ਦੇਖੋ ਸਫਾ 12, 13 ਤੇ)**

# ਸੁਧਾਰ ਕਾਲਜ ਦਾ ਮੋਢੀ ਗਾਇਕ ਪ੍ਰੀਤਮ ਸਿੰਘ ਸੋਹੀ ਨਹੀਂ ਰਿਹਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਖਾਲਸਾ ਕਾਲਜ ਗੁਰੂਸਰ ਸਧਾਰ ਦੇ ਸਾਬਕਾ ਵਿਦਿਆਰਥੀ, ਰੰਗ-ਮੰਚ ਨਾਲ ਜੁੜੇ ਅਤੇ ਸਾਫ਼ ਸੁਥਰੀ ਗਾਇਕੀ ਦੇ ਮੁਦੱਈ ਸ. ਪ੍ਰੀਤਮ ਸਿੰਘ ਸੋਹੀ (59) ਸਿਆਟਲ ਵਿਖੇ ਦਿਲ ਦਾ ਦੌਰਾ ਪੈਣ ਕਰਕੇ ਪਿਛਲੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ।

ਕਈ ਸਾਲਾ ਤੋਂ ਉਹ ਪੱਕੇ ਤੌਰ 'ਤੇ ਫਰਿਜ਼ਨੋ ਵਿਖੇ ਰਹਿ ਰਹੇ ਸਨ। ਪਰ ਕੁਝ ਸਮਾਂ ਪਹਿਲਾ ਆਪਣੇ ਕਾਰੋਬਾਰੀ ਸਿਲਸਿਲੇ ਵਿੱਚ ਸਿਆਟਲ ਵਿਖੇ ਸੈਂਟਲ ਹੋ ਗਏ ਸਨ। ਅਮ-ਰੀਕਾ ਵਿੱਚ ਰਹਿੰਦੇ ਹੋਏ ਉਨ੍ਹਾਂ ਆਪਣੀ ਸਾਫ-ਸੁਥਰੀ ਗਾਇਕੀ ਕਰਕੇ ਬਹੁਤ ਮਾਣ ਖੱਟਿਆ। ਇਸ ਤੋਂ ਇਲਾਵਾ ਉਹ ਗੁਰੂਸਰ ਸੁਧਾਰ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਦੇ ਮੁਢਲੇ ਮੈਂਬਰਾਂ ਵਿੱਚੋਂ ਸਨ। ਗਦਰੀ ਬਾਬਿਆ ਦੀ ਯਾਦ ਨੂੰ ਸਮਰਪਿਤ ਸੰਸਥਾ ਤੋਂ ਇਲਾਵਾ ਸੱਭਿਆਚਾਰਕ



ਅਤੇ ਧਾਰਮਿਕ ਸੰਸਥਾਵਾਂ ਵਿੱਚ ਸੇਵਾਵਾ ਦਿੰਦੇ ਰਹਿੰਦੇ ਸਨ। ਉਹ ਆਪਣੇ ਪਿੱਛੇ ਦੋ ਪੁੱਤਰ ਭਾਰਤ ਅਤੇ ਇਕ ਧੀ ਜੋ ਸਿਆਟਲ ਵਿਖੇ ਰਹਿ ਰਹੀ ਹੈ ਛੱਡ ਗਏ ਹਨ। ਜਿੰਨ੍ਹਾਂ ਦਾ ਪਿਛਲਾ ਪਿੰਡ ਸੋਹੀਆਂ ਜੋ ਕਿ ਜਗਰਾਉ ਦੇ ਨਜ਼ਦੀਕ ਜਿਲ੍ਹਾ ਲੁਧਿਆਣਾ ਹੈ। ਉਨ੍ਹਾਂ ਦਾ ਅੰਤਮ ਸੰਸਕਾਰ 26 ਦਸੰਬਰ ਨੂੰ ਸਵੇਰੇ 10 ਤੋਂ 12 ਵਜੇ ਤੱਕ Marlatt Funeral Home, 713 Central Ave., N. Kent, WA-98032 ਵਿਖੇ ਹੋਵੇਗਾ। ਇਸ ਬਾਅਦ ਅੰਤਮ ਅਰਦਾਸ 'ਗੁਰਦੁਆਰਾ ਸਿੰਘ ਸਭਾ ਆਫ ਵਸਿੰਗਟਨ' 5200 Talbot Road South, Renton, WA-98055 ਵਿਖੇ ਹੋਵੇਗੀ।

**ਵਧੇਰੇ ਜਾਣਕਾਰੀ ਅਤੇ ਦੁੱਖ ਸਾਝਾ ਕਰਨ ਲਈ ਜੱਗਾ ਸੁਧਾਰ (559) 709-9599 ਜਾਂ ਸਤਵੰਤ ਵਿਰਕ- (559)978-3361 ਨਾਲ ਸੰਪਰਕ ਕੀਤਾ ਜਾ ਸਕਦਾ ਹੈ।**

# ਆਪ ਇਕਾਈ ਫਰਿਜ਼ਨੋ ਵੱਲੋਂ ਪੱਤਰਕਾਰ ਕੰਵਰ ਸੰਧੂ ਤੇ ਹਮਲੇ ਦੀ ਨਿੰਦਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਪੰਜਾਬ ਅੰਦਰ ਪ੍ਰੈਸ ਦੀ ਅਜ਼ਾਦੀ ਨੂੰ ਲੈਕੇ ਪ੍ਰਵਾਸੀ ਪੰਜਾਬੀ ਕਾਫੀ ਫਿਕਰਮੰਦ ਹਨ। ਇਸੇ ਸੰਦਰਭ ਅਧੀਨ ਪਿਛਲੇ ਦਿਨੀਂ ਪਟਿਆਲਾ ਜੇਲ੍ਹ ਵਿੱਚ ਫਾਸੀ ਦੀ ਸਜਾ ਜਾਫ਼ਤਾ ਕੈਦੀ ਬਲਵੰਤ ਸਿੰਘ ਰਾਜੋਆਣਾ ਵੱਲੋਂ ਸੀਨੀਅਰ ਪੱਤਰਕਾਰ ਕੰਵਰ ਸੰਧੂ ਤੇ ਹਮਲਾ




ਕਰਨ ਦੀ ਮੰਦਭਾਗੀ ਘਟਨਾਂ ਸਾਹਮਣੇ ਆਈ। ਜਿਸ ਦੇ ਰੋਸ ਵਜੋਂ ਫਰਿਜ਼ਨੋ ਆਮ ਆਮਦੀ ਵਲੰਟੀਅਰਾਂ ਨੇ ਇੱਕ ਮੀਟਿੰਗ ਕਰਕੇ ਇਸ ਘਟਨਾ ਦਾ ਕਰੜੇ ਸ਼ਬਦਾ ਵਿੱਚ ਵਿਰੋਧ ਕੀਤਾ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਨੇ ਕਿਹਾ ਕਿ ਇਹ ਸਭ ਮਿਲੀਭੁਗਤ ਸ਼ਾਜਿਸ਼ ਅਧੀਨ ਪੱਤਰਕਾਰ ਕੰਵਰ ਸੰਧੂ ਦਾ ਮੂੰਹ ਬੰਦ ਕਰਵਾਉਣ ਲਈ ਸਾਬਕਾ ਪੁਲਿਸ ਮੁਲਾਜ਼ਮ ਗੁਰਮੀਤ ਸਿੰਘ ਪੈਕੀ ਦੇ ਖੁਲਾਸਿਆ ਤੋਂ ਘਬਰਾਈ ਸਰਕਾਰ ਵੱਲੋਂ ਰਾਜੋਆਣਾ ਨੂੰ ਮੋਹਰੇ ਦੇ ਤੌਰ ਤੇ ਵਰਤਦਿਆਂ ਇਸ ਘਿਨਾਉਣੀ ਹਰਕਤ ਨੂੰ ਅੰਜ਼ਾਮ ਦਿੱਤਾ ਗਿਆ ਹੈ।

ਉਹਨਾਂ ਕਿਹਾ ਕਿ ਇਹਨਾਂ ਕੋਝੀਆਂ ਚਾਲਾਂ ਨੂੰ ਪੰਜਾਬੀ ਹੁਣ ਚੰਗੀ ਤਰਾਂ ਸਮਝਦੇ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਨਾਦਰਸ਼ਾਹੀ ਗੌਰਮਿੰਟ ਨੂੰ ਮੂੰਹ ਤੋੜਵਾਂ ਜੁਆਬ ਦੇਣਗੇ। ਇਸ ਮੌਕੇ ਉਹਨਾਂ ਰਾਜੋਆਣਾ ਦੀ ਮੂੰਹ ਬੋਲੀ ਭੈਂਣ ਤੇ ਕਮਲਜੀਤ ਕੌਰ ਤੇ ਵੀ ਬੁਲਾਰਿਆ ਨੇ ਨਿਸ਼ਾਨੇ ਸਾਧੇ ਤੇ ਕਿਹਾ ਕਿ ਕਿਸੇ ਪੱਤਰਕਾਰ ਨੂੰ ਵਿਸ਼ਵਾਸ ਵਿੱਚ ਲੈਕੇ ਧੋਖਾ ਕਰਨਾ, ਕਿਥੋਂ ਦੀ ਇਨਸਾਨੀਅਤ ਹੈ..ਇਹ ਪੱਤਰਕਾਰਤਾ ਦੇ ਕਿੱਤੇ ਨਾਲ ਵਿਸ਼ਵਾਸਘਾਤ ਹੈ, ਕੱਲ ਨੂੰ ਕੌਣ ਇਹਨਾਂ ਤੇ ਯਕੀਨ ਕਰਕੇ ਇਹਨਾਂ ਦੀ ਗੱਲ ਸੁਣਨ ਲਈ ਅੱਗੇ ਆਵੇਗਾ।

ਉਹਨਾਂ ਪੰਜਾਬ ਸਰਕਾਰ ਦੇ ਇਸ ਰਵੱਈਏ ਤੇ ਵੀ ਸਵਾਲ ਖੜ੍ਹੇ ਕੀਤੇ ਕਿ ਜੇਲ੍ਹ ਵਾਲੀ ਵੀਡੀਏ ਜਨਤਕ ਕਿਵੇਂ ਹੋਈ...? ਗੁਰਮੀਤ ਪੈਕੀ ਦੇ ਝੂਠੇ ਪੁਲਿਸ ਮੁਕਾਬਲੇ ਵਾਲੇ ਬਿਆਨਾ ਤੇ ਐਕਸ਼ਨ ਕਿਉ ਨਹੀ ਤੇ ਸੰਧੂ ਮਾਮਲੇ ਵਿੱਚ ਇੱਕ ਦਿਨ ਚੋ ਜਾਂਚ ਮੁਕੰਮਲ ਕਿਵੇਂ?

ਬੁਲਾਰਿਆ ਨੇ ਰਾਜੋਆਣਾ ਦੁਆਰਾ ਸੰਧੂ ਦੀ ਦਸਤਾਰ ਉਤਾਰਨ ਦਾ ਸਖਤ ਨੋਟਿਸ ਲੈਦਿਆਂ ਉਹਨਾਂ ਕਿਹਾ ਕਿ ਅਗਰ ਇੱਕ ਅੰਮ੍ਰਿਤਧਾਰੀ ਸਿੰਘ ਹੀ ਦਸਤਾਰ ਦੀ ਬੇਅਦਬੀ ਕਰ ਰਿਹਾ ਫੇਰ ਸਾਡਾ ਬਾਕੀ ਰੌਲਾ ਪਾਇਆ ਬੇਅਰਥ ਹੈ।

ਇਸ ਮੀਟਿੰਗ ਵਿੱਚ ਗੁਰਨੇਕ ਸਿੰਘ ਬਾਗੜੀ, ਰਣਜੀਤ ਗਿੱਲ, ਅਮੋਲਕ ਸਿੰਘ ਸਿੱਧੂ, ਗੁਰਦੇਵ ਨਿੱਝਰ, ਜੰਗੀਰ ਸਿੰਘ ਗਿੱਲ, ਮਿੱਟੂ ਉਪਲੀ, ਪਾਲ ਧਾਲੀਵਾਲ, ਡਾ ਲਵਨੀਤ ਸਿੰਘ, ਨਾਜ਼ਰ ਸਿੰਘ ਸਹੋਤਾ, ਹਾਕਮ ਸਿੰਘ ਢਿੱਲੋਂ, ਜੱਸੀ ਸਟੋਨ ਟਰੱਕਿੰਗ ਅਤੇ ਪ੍ਰਮੋਦ ਲੋਈ ਅਦਿ ਸ਼ਾਮਲ ਸਨ।

# ਸ੍ਰੀ ਗੁਰੂ ਰਵਿਦਾਸ ਸਭਾ ਵਿਆਨਾ ਵਲੋਂ ਬਾਬਾ ਸਾਹਿਬ ਡਾ.ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਸ਼ਰਧਾ ਪੂਰਵਕ



**ਫਗਵਾੜਾ (ਬੀ ਕੇ ਰੱਤੂ)–** ਸ੍ਰੀ ਗੁਰੂ ਰਵਿਦਾਸ ਸਭਾ ਵਿਆਨਾ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ, ਸਮੁੱਚੀ ਮਾਨਵਤਾ ਦੇ ਮਸੀਹਾ, ਭਾਰਤ ਦੇ ਪਹਿਲੇ ਕਾਨੂੰਨ ਮੰਤਰੀ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਸਤਿਗੁਰੂ ਰਵਿਦਾਸ ਮੰਦਿਰ ( ਪੈਲਸ ਰਾਸੇ 17 ) ਵਿਆਨਾ ਆਸਟਰੀ ਵਿਖੇ ਮਨਾਇਆ ਗਿਆ। ਇਸ ਮੌਕੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਾਪ ਉਪਰੰਤ ਭੋਗ ਪਾਏ ਗਏ।

ਇਸ ਮੌਕੇ ਵੱਖ – ਵੱਖ ਬੁਲਾਰਿਆਂ ਨੇ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਜੀ ਦੇ ਦੱਸੇ ਮਾਰਗ ’ਤੇ ਚਲਦਿਆਂ ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਦ ਪੜ੍ਹਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੜ੍ਹਿਆ – ਲਿਖਿਆ ਸਮਾਜ ਹੀ ਬਾਬਾ ਸਾਹਿਬ ਜੀ ਦੇ ਸੁਪਨਿਆਂ ਨੂੰ ਪੂਰਾ ਕਰਨ ’ਚ ਅਹਿਮ ਰੋਲ ਅਦਾ ਕਰ ਸਕਦਾ ਹੈ। ਇਸ ਮੌਕੇ ਪੁਰਤਗਾਲ ਤੋਂ ਵਿਸ਼ੇਸ਼ ਤੌਰ ’ਤੇ ਪਹੁੰਚੇ ਮਿਸ਼ਨਰੀ ਗਾਇਕ ਜਗਦੀਸ਼ ਲਾਲ ਨੇ ਆਪਣੇ ਇਨਕਲਾਬੀ ਗੀਤਾਂ ਨਾਲ ਬਾਬਾ ਸਾਹਿਬ ਜੀ ਦੇ ਜੀਵਨ ਤੇ ਸੰਘਰਸ਼ ’ਤੇ ਵਿਸ਼ਥਾਰਪੂਰਵਕ ਚਾਨਣਾ ਪਾਇਆ। ਅੰਤ ਵਿੱਚ ਸਭਾ ਦੇ ਸਾਬਕਾ ਪ੍ਰਧਾਨ ਬਲਵਿੰਦਰ ਕੁਮਾਰ ਲੱਡੂ ਤੇ ਮੌਜੂਦਾ ਪ੍ਰਧਾਨ ਨਰਿੰਦਰ ਚੋਪੜਾ ਨੇ ਇਸ ਸਮਾਗਮ ’ਚ ਪਹੁੰਚੀਆਂ ਸੰਗਤਾਂ ਨੂੰ ਜੀ ਆਇਆ ਆਖਦਿਆਂ ਧੰਨਵਾਦ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਕਰੋੜਾਂ ਲੋਕਾਂ ਦੀ ਤਕਦੀਰ ਬਦਲੀ ਅਤੇ ਭਾਰਤ ਵਾਸੀਆਂ ਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ ਤੇ ਭਾਰਤ ਇੱਕ ਲੋਕਤੰਤਰ ਦੇਸ਼ ਬਣਿਆ।

ਉਕਤ ਆਗੂਆਂ ਨੇ ਕਿਹਾ ਕਿ ਬਾਬਾ ਸਾਹਿਬ ਜੀ ਦਾ ਕਰਜ਼ ਅਸੀਂ ਕਿਸੇ ਵੀ ਕੀਮਤ ਤੇ ਮੋੜ ਨਹੀਂ ਸਕਦੇ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।

ਸਟੇਜ ਸਕੱਤਰ ਦੀ ਭੂਮਿਕਾ ਸੋਮਦੇਵ ਨੇ ਬਾਖੂਬੀ ਨਿਭਾਈ। ਸਭਾ ਵਲੋਂ ਪ੍ਰਮੁੱਖ ਸਖ਼ਸ਼ੀਅਤਾਂ ਤੇ ਮਿਸ਼ਨਰੀ ਗਾਇਕ ਨੂੰ ਵਿਸ਼ੇਸ ਤੌਰ ’ਤੇ ਸਨਮਾਨਿਤ ਕੀਤਾ ਗਿਆ।

# ਡਾ.ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫ਼ੇਅਰ ਸੁਸਾਇਟੀ ਦੀ ਅਹਿਮ ਮੀਟਿੰਗ ਹੋਈ, ਸਮਾਜ ਸੇਵਾ ਦੇ ਕੰਮ ਉਲੀਕੇ



**ਫਗਵਾੜਾ (ਬੀ. ਕੇ. ਰੱਤੂ)–** ਡਾ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫ਼ੇਅਰ ਸੁਸਾਇਟੀ ਪੰਜਾਬ (ਰਜਿ.) ਦੀ ਵਿਸ਼ੇਸ਼ ਮੀਟਿੰਗ ਕੇ.ਜੀ. ਰਿਸੋਟਜ ਫਗਵਾੜਾ ਵਿਖੇ ਮਹਿੰਦਰ ਸਿੰਘ ਧਾਮੀ ਯੂ.ਐਸ.ਏ. ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸੁਸਾਇਟੀ ਵਲੋਂ ਭਵਿੱਖ ’ਚ ਕੀਤੇ ਜਾਣ ਵਾਲੇ ਸਮਾਜ ਸੈਵੀ ਕੰਮਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਕਿ ਹੁਸ਼ਿਆਰ ਵਿਦਿਆਰਥੀਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨਾ ਤੇ ਉਨ੍ਹਾਂ ਨੂੰ ਆਪਣੇ ਪੈਰਾਂ ’ਤੇ ਖੜ੍ਹਨ ਲਈ ਰੋਜ਼ਗਾਰ ਦੇਣਾ, ਵਿਧਵਾ ਔਰਤਾਂ ਨੂੰ ਸਿਲਾਈ ਮਸ਼ੀਨਾਂ ਦੇਣਾ, ਲੋੜਵੰਦ ਲੜਕੀਆਂ ਲਈ ਸਿਲਾਈ ਸੈਂਟਰ ਖੋਲ੍ਹਣਾ ਤੇ ਬਿਊਟੀ ਪਾਰਲਰ ਦੇ ਕੋਰਸ ਕਰਵਾਉਣਾ, ਹੈਂਡੀਕੈਪਡ ਵਿਅਕਤੀਆਂ ਨੂੰ ਵੀਲ੍ਹ ਚੇਅਰ ਦੇਣਾ, ਤਕਨੀਕੀ ਸਿੱਖਿਆ ਸੈਂਟਰ ਖੋਲ੍ਹਣਾ, ਜ਼ਰੂਰਤਮੰਦ ਬੱਚਿਆਂ ਨੂੰ ਸਟੇਸ਼ਨਰੀ ਤੇ ਵਰਦੀਆਂ ਨਾਲ ਹੀ ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚਾ ਦੇਣ ਦੇ ਨਾਲ – ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ, ਭਗਵਾਨ ਵਾਲਮੀਕਿ ਜੀ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰਕਾਸ਼ ਦਿਹਾੜੇ ਤੇ ਪ੍ਰਨਿਰਵਾਣ ਦਿਵਸ ਮਨਾਏ ਜਾਣਗੇ। ਇਸ ਮੌਕੇ ਆਪਣੇ ਸੰਬੋਧਨ ’ਚ ਮਹਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੁਸਾਇਟੀ ਵਲੋਂ ਉਲੀਕੇ ਪ੍ਰੋਗਰਾਮਾਂ ਨੂੰ ਇਨਬਿੰਨ੍ਹ ਲਾਗੂ ਕਰਨ ਲਈ ਸਾਰੇ ਮੈਂਬਰ ਆਪਣਾ ਵਡਮੱਲਾ ਯੋਗਦਾਨ ਪਾਉਣ ਅਤੇ ਮਾਨਵਤਾ ਦੀ ਭਲਾਈ ਤਨ,ਮਨ,ਧਨ ਨਾਲ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਸੁਸਾਇਟੀ ਸਮਾਜ ਦੇ ਖੇਤਰ ’ਚ ਆਪਣੀ ਨਿਵੇਕਲੀ ਪਹਿਚਾਣ ਬਣਾਏਗੀ ਅਤੇ ਲੋੜਵੰਦ ਤੇ ਹੁਸ਼ਿਆਰ ਬੱਚਿਆਂ ਨੂੰ ਪੜ੍ਹਾਈ ਲਈ ਹਰ ਸੰਭਵ ਮੱਦਦ ਕਰੇਗੀ। ਇਸ ਮੀਟਿੰਗ ’ਚ ਡਾ. ਬਖ਼ਸ਼ੀਸ਼ ਸਿੰਘ, ਤੇਜਰਾਮ ਗੰਗੜ ਐਕਸੀਅਨ, ਸੰਤੋਖ਼ ਸਿੰਘ ਸਰਪੰਚ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਹਰਵਿੰਦਰ ਸਿੰਘ ਸੈਣੀ, ਹਰਜਿੰਦਰ ਦਾਦਰਾ, ਜਸਵੰਤ ਰਾਏ, ਇਕਬਾਲ ਸਿੰਘ ਜੱਸੋਵਾਲ, ਬਲਦੇਵ ਭਾਰਦਵਾਜ ਕੈਸ਼ੀਅਰ ਸਮਤਾ ਦਲ, ਵਰਿੰਦਰ ਕੁਮਾਰ ਸਮਤਾ ਦਲ, ਸੁਰਜੀਤ ਸਿੰਘ, ਲਿੱਲੀ ਦਾਦਰਾ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।

# ਟੈਕਸ ਸਬੰਧੀ ਸਮੱਸਿਆਵਾਂ ਪ੍ਰਤੀ ਵਿਚਾਰ ਵਟਾਦਰਾਂ ਕਰਨ ਲਈ ਮੁੱਖ ਸੰਸਦੀ ਸਕੱਤਰ ਵਲੋਂ ਵਪਾਰੀਆਂ ਨਾਲ ਵਿਸੇਸ਼ ਮੀਟਿੰਗ

**ਫਗਵਾੜਾ (ਬੀ ਕੇ ਰੱਤੂ)–** ਵਪਾਰੀਆਂ ਦੀਆਂ ਟੈਕਸ ਸਬੰਧੀ ਸਮੱਸਿਆਵਾਂ ਪ੍ਰਤੀ ਵਿਚਾਰ ਵਿਟਾਦਰਾਂ ਕਰਨ ਲਈ ਉੱਪ ਮੁੱਖ ਮੰਤਰੀ ਪੰਜਾਬ ਸ: ਸੁਖਬੀਰ ਸਿੰਘ ਬਾਦਲ ਦੇ ਦਿਸਾ ਨਿਰਦੇਸਾ ਅਨੁਸਾਰ ਅੱਜ ਸਥਾਨਕ ਇੱਕ ਨਿੱਜੀ ਹੋਟਲ ਵਿਖੇ ਮੁੱਖ ਸੰਸਦੀ ਸਕੱਤਰ ਕਰ ਤੇ ਆਬਕਾਰੀ ਵਿਭਾਗ ਪੰਜਾਬ ਸ੍ਰੀ ਸਰੂਪ ਚੰਦ ਸਿੰਗਲਾ ਦੀ ਪ੍ਰਧਾਨਗੀ ਹੇਠ ਫਗਵਾੜਾ ਦੇ ਵਪਾਰੀਆਂ ਨਾਲ ਵਿਸੇਸ਼ ਮੀਟਿੰਗ ਹੋਈ । ਮੀਟਿੰਗ ਦੌਰਾਨ ਵਪਾਰੀਆਂ ਦੀਆਂ ਵੈਟ ਸਬੰਧੀ ਅਤੇ ਹੋਰ ਸਮੱਸਿਆਵਾਂ ਬਾਰੇ ਚਰਚਾ ਕੀਤੀ ਗਈ ਇਸ ਮੋਕੇ ਤੇ ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈਡ ਪੰਜਾਬ, ਸ੍ਰੀ ਨਰੋਤਮ ਦੇਵ ਰੱਤੀ ਚੇਅਰਮੈਨ ਪੰਜਾਬ ਵਪਾਰ ਬੋਰਡ, ਸ੍ਰੀ ਮਦਨ ਬੱਗਾ ਵਾਈਸ ਚੇਅਰਮੈਨ ਪੰਜਾਬ ਵਪਾਰ ਬੋਰਡ, ਸ੍ਰੀ ਸ਼ੀਤਸ ਢਾਂਡਾ ਮੈਂਬਰ ਹਾਈ ਪਾਵਰ ਕਮੇਟੀ ਅਤੇ ਸ਼੍ਰੀਮਤੀ ਸਰੋਜਨੀ ਗੋਤਮ ਸਾਰਦਾ ਕਮਿਸ਼ਨਰ ਕਰ ਅਤੇ ਆਬਕਾਰੀ ਵਿਭਾਗ ਪੰਜਾਬ ਤੋ ਇਲਾਵਾ ਫਗਵਾੜਾ ਦੀਆਂ ਵੱਖ ਵੱਖ ਵਪਾਰੀ ਐਸੋਸੀਏਸ਼ਨਾ ਦੇ ਅਹੁੱਦੇਦਾਰ ਅਤੇ ਮੈਬਰ ਵੀ ਹਾਜਰ ਸਨ।

ਮੀਟਿੰਗ ਦੌਰਾਨ ਵਪਾਰੀਆਂ ਨੇ ਦੱਸਿਆ ਕਿ ਜਿਨ੍ਹਾਂ ਐਕਸਪੋਰਟਰਾ ਤੇ ਵੇਟ ਨਹੀ ਲੱਗਦਾ ਉਹ ਨਾ ਲਿਆ ਜਾਵੇ ਨਹੀ ਤਾ ਨਾਲ ਦੀ ਨਾਲ ਵਾਪਿਸ ਕੀਤਾ ਜਾਵੇ ਇਸ ਤੋ ਇਲਾਵਾ ਜੋ ਵਪਾਰੀ ਸਟੇਟ ਤੋ ਬਾਹਰ ਆਪਣੇ ਮਾਲ ਵੇਚਦੇ ਹਨ ਤਾ ਉਹਨਾ ਨੂੰ ਦੂਜੇ ਰਾਜਾਂ ਕੋਲੋ ਸੀ ਫਾਰਮ ਪ੍ਰਾਪਤ ਕਰਨ ਲਈ ਵਕਤ ਲੱਗ ਜਾਦਾ ਹੈ ਅਤੇ ਉਨ੍ਹਾਂ ਦਾ ਵੈਟ ਸਮੇ ਸਿਰ ਵਾਪਿਸ ਨਹੀ ਹੁੰਦਾ। ਵਪਾਰਿਆ ਨੇ ਮੰਗ ਕੀਤੀ ਕਿ ਉਹਨਾ ਨੂੰ 75 ਫੀਸਦੀ ਵੈਟ ਪਹਿਲਾ ਵਾਪਿਸ ਕੀਤਾ ਜਾਵੇ ਅਤੇ ਬਾਕੀ ਸੀ ਫਾਰਮ ਜਮਾ ਕਰਵਾਉਣ ਉਪਰੰਤ ਵਾਪਿਸ ਕਰ ਦਿੱਤਾ ਜਾਵੇ।



ਮੀਟਿੰਗ ਦੌਰਾਨ ਸ੍ਰੀ ਸਿੰਗਲਾ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਉਹਨਾ ਦਾ ਜਲਦੀ ਤੋ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ । ਸ੍ਰੀ ਸਿੰਗਲਾ ਨੇ ਕਿਹ ਕਿ ਵਪਾਰੀਆਂ ਦੀ ਵੈਟ ਵਾਪਿਸ ਦੀ ਚੌਥੀ ਸਟੇਜ ਵਾਲੀ ਮੰਗ ਨੂੰ ਸਰਕਾਰ ਅੱਗੇ ਰੱਖਿਆ ਜਾਵੇਗਾ ਅਤੇ ਸੀ ਫਾਰਮ ਸਬੰਧੀ ਵੀ ਜਲਦੀ ਤੋ ਜਲਦੀ ਕੋਈ ਫੈਸਲਾ ਲਿਆ ਜਾਵੇਗਾ। ਸ੍ਰੀ ਸਿੰਗਲਾ ਨੇ ਕਿਹਾ ਕਿ ਵਪਾਰੀਆ ਸਰਕਾਰ ਦੀ ਰੀੜ ਦੀ ਹੱਡੀ ਹਨ ਅਤੇ ਕੋਈ ਵੀ ਸੂਬਾ ਵਪਾਰੀਆਂ ਦੀ ਤਰੱਕੀ ਤੋ ਬਿਨ੍ਹਾਂ ਉਨਤੀ ਨਹੀ ਕਰ ਸਕਦਾ । ਉਨ੍ਹਾਂ ਨੇ ਦੱਸਿਆ ਕਿ ਵਪਾਰੀਆਂ ਨੂੰ ਸਰਕਾਰੀ ਦਫਤਰਾਂ ਵਿੱਚ ਕੰਮ ਕਰਾਉਣ ਲਈ ਕੋਈ ਪ੍ਰੇਸ਼ਾਨੀ ਨਹੀ ਆਵੇਗੀ ਇਸ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਵਿਸੇਸ਼ ਦਿਸਾ ਨਿਰਦੇਸ ਜਾਰੀ ਕੀਤੇ ਗਏ ਹਨ ਕਿ ਉਹਨਾ ਦੀਆਂ ਸਮੱਸਿਆਵਾਂ ਨੂੰ ਸਮੇ ਸਿਰ ਹੱਲ ਕੀਤਾ ਜਾਵੇਗਾ।

ਇਸ ਮੋਕੇ ਤੇ ਸ੍ਰੀ ਸਿੰਗਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਵਪਾਰੀਆਂ ਲਈ ਰਾਹਤ ਯੋਜਨਾ ਸੁਰੂ ਕੀਤੀ ਗਈ ਹੈ ਇਸ ਸਕੀਮ ਤਹਿਤ ਜਿਹੜੇ ਵਪਾਰੀ ਸਿਰਫ ਪੰਜਾਬ ਵਿੱਚ ਟਰੇਡ ਕਰਦੇ ਹਨ ਅਤੇ ਉਨ੍ਹਾਂ ਦੀ ਸਲਾਨਾ ਟਰਨਓਵਰ 1ਕਰੌੜ ਰੁਪਏ ਤੋ ਘੱਟ ਹੈ ਉਹ ਵੱਧ ਤੋ ਵੱਧ 20 ਹਜਾਰ ਰੁਪਏ ਸਲਾਨਾ ਟੈਕਸ ਤੇ ਕੇ ਇਸ ਸਕੀਮ ਦਾ ਲਾਭ ਲੈ ਸਕਦੇ ਹਨ ਉਨ੍ਹਾਂ ਨੇ ਦੱਸਿਆ ਕਿ ਇਸ ਸਕੀਮ ਤਹਿਤ ਉਨ੍ਹਾਂ ਨੂੰ ਕੋਈ ਵੀ ਰਿਕਾਰਡ ਮੇਨਟੇਨ ਨਹੀ ਕਰਨਾ ਪਵੇਗਾ ਅਤੇ ਕਰ ਅਤੇ ਅਬਕਾਰੀ ਵਿਭਾਗ ਦਾ ਕੋਈ ਵੀ ਅਧਿਕਾਰੀ ਉਨ੍ਹਾਂ ਦੇ ਦਫਤਰ ਦੀ ਚੈਕਿੰਗ ਨਹੀ ਕਰੇਗਾ ਉਨ੍ਹਾਂ ਨੇ ਦੱਸਿਆ ਇਸ ਤੋ ਇਲਾਵਾ ਵਪਾਰੀ ਦਾ 80 ਹਜਾਰ ਰੁਪਏ ਤੱਕ ਦਾ ਸਲਾਨਾ ਮੁੱਫਤ ਇਲਾਜ ਦਾ ਬੀਮਾ ਵੀ ਕੀਤਾ ਜਾਵੇਗਾ।

ਇਸ ਮੋਕੇ ਤੇ ਰਣਜੀਤ ਸਿੰਘ ਖੁਰਾਣਾ ਡਿਪਟੀ ਮੇਅਰ, ਬਲਜਿੰਦਰ ਸਿੰਘ ਠੇਕੇਦਾਰ ਕੌਲਸਰ, ਲਘੂ ਉਦਯੋਗ ਭਾਰਤੀ ਤੋ ਸ੍ਰੀ ਮੁਖਇੰਦਰ ਸਿੰਘ, ਅਸ਼ੋਕ ਸੇਠੀ, ਆਟੋਮੋਬਾਇਲ ਡੀਲਰ ਤੋ ਪੰਕਜ ਗੋਤਮ, ਸੁਰਿੰਦਰ ਚਾਵਲਾ, ਐਕਸਪੋਰਟਰਜ਼ ਤੋ ਸ਼੍ਰੀ ਓਮ ਉੱਪਲ, ਇੰਦਰਪਾਲ ਖੁਰਾਣਾ , ਸਮਾਕ ਸਕੇਲ ਇੰਡਸਟਰੀ ਤੋ ਕੰਚਨ ਗੋਇਲ, ਅਨਿਲ ਸਿੰਗਲਾ ਤੋ ਇਲਾਵਾ ਦੀਪਲ ਕੋਹਲੀ ਵਿਕਾਸ ਉੱਪਲ, ਸੁਬੋਧ ਸੋਬਤੀ, ਗੁਲਸ਼ਨ ਮਨਚੰਦਾ ਅਤੇ ਹੋਰ ਵਪਾਰੀ ਹਾਜਰ ਸਨ।

# ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਬਣਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਦਖਲਅੰਦਾਜੀ ਦਾ ਡਰ

**ਅੰਮ੍ਰਿਤਸਰ–** ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਵਿਸ਼ਵ ਵਿਰਾਸਤ ਦੀ ਸੂਚੀ ਵਿੱਚ ਸ਼ਾਮਲ ਕਰਾਉਣ ਦਾ ਜ਼ਿਕਰ ਸੰਸਦ ਵਿੱਚ ਆਉਣ ਨਾਲ ਇਹ ਮਾਮਲਾ ਮੁੜ ਚਰਚਾ ਵਿੱਚ ਆ ਗਿਆ ਹੈ, ਪਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿੱਚ ਕੋਈ ਵਿਸ਼ੇਸ਼ ਰੁਚੀ ਨਹੀਂ ਦਿਖਾਈ ਗਈ ਹੈ।

ਦੱਸਣਯੋਗ ਹੈ ਕਿ 2005 ਵਿੱਚ ਵੀ ਇਹ ਮਾਮਲਾ ਚਰਚਾ ਵਿੱਚ ਆਇਆ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਨੇ ਸਾਂਝੇ ਯਤਨ ਨਾਲ ਇਸ ਸਬੰਧੀ ਇਕ ਡੋਜ਼ੀਅਰ (ਦਸਤਾਵੇਜ਼) ਤਿਆਰ ਕੀਤਾ ਸੀ, ਪਰ ਐਨ ਮੌਕੇ ਉਸ ਵੇਲੇ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਹ ਦਸਤਾਵੇਜ਼ ਵਾਪਸ ਲੈ ਲਿਆ ਸੀ, ਜਿਸ ਕਾਰਨ ਇਹ ਕਾਰਵਾਈ ਮੁਕੰਮਲ ਨਹੀਂ ਹੋ ਸਕੀ।

ਹੁਣ ਬੀਤੇ ਦਿਨ ਸੰਸਦ ਵਿੱਚ ਇਕ ਸਵਾਲ ਦਾ ਜਵਾਬ ਦਿੰਦਿਆਂ ਕੇਂਦਰੀ ਸੱਭਿਆਚਾਰ ਤੇ ਸੈਰ ਸਪਾਟਾ ਮੰਤਰੀ ਤੇ ਮਹੇਸ਼ ਸ਼ਰਮਾ ਨੇ ਦੱਸਿਆ ਕਿ ਵਿਸ਼ਵ ਵਿਰਾਸਤ ਦਾ ਦਰਜਾ ਦਿਵਾਉਣ ਲਈ ਤਿਆਰ ਆਰਜ਼ੀ ਸੂਚੀ ’ਚ 46 ਭਾਰਤੀ ਸਥਾਨ ਸ਼ਾਮਲ ਹਨ, ਜਿਨ੍ਹਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਵੀ ਸ਼ਾਮਲ ਹੈ। ਯੂਨੈਸਕੋ ਵੱਲੋਂ ਪਹਿਲਾਂ ਹੀ ਵਿਸ਼ਵ ਵਿਰਾਸਤ ਦੀ ਸੂਚੀ ਵਿੱਚ ਐਲਾਨੇ ਹੋਏ ਅਸਥਾਨਾਂ ਵਿੱਚ ਭਾਰਤ ਦੇ 32 ਅਸਥਾਨ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਜੇਕਰ ਕੋਈ ਅਸਥਾਨ ਵਿਸ਼ਵ ਵਿਰਾਸਤ ਦੀ ਸੂਚੀ ਵਿੱਚ ਦਰਜ ਕੀਤਾ ਜਾਂਦਾ ਹੈ ਤਾਂ ਉੱਥੇ ਕੋਈ ਵੀ ਨਵਾਂ ਇਮਾਰਤੀ ਢਾਂਚਾ ਆਪਣੀ ਮਰਜ਼ੀ ਨਾਲ ਨਹੀਂ ਉਸਾਰਿਆ ਜਾ ਸਕਦਾ। ਉਨ੍ਹਾਂ ਦੱਸਿਆ ਕਿ ਵਿਸ਼ਵ ਵਿਰਾਸਤ ਵਾਲੇ ਅਸਥਾਨਾਂ ਦੀ ਸੂਚੀ ਵਿੱਚ ਪੱਛਮੀ ਬੰਗਾਲ ਦਾ ਬਿਸ਼ਨੂਪੁਰ ਮੰਦਿਰ, ਕੇਰਲ ਦਾ ਐਰਨਾਕੁਲਮ, ਮੱਧ ਪ੍ਰਦੇਸ਼ ਦੀ ਮਾਂਡੂ ਯਾਦਗਾਰ, ਬੁੱਧ ਧਰਮ ਦੇ ਅਸਥਾਨ, ਭੁਵਨੇਸ਼ਵਰ ਦਾ ਮੰਦਿਰ ਅਤੇ ਰਾਜਸਥਾਨ ਦਾ ਜੈਪੁਰ ਸ਼ਹਿਰ ਸ਼ਾਮਲ ਹਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਜਿਨ੍ਹਾਂ ਦੀ ਅਗਵਾਈ ਹੇਠ 2005 ਵਿੱਚ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦੀ ਸੂਚੀ ਵਿੱਚ ਸ਼ਾਮਲ ਕਰਾਉਣ ਲਈ ਯਤਨ ਹੋਏ ਸਨ, ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ 2005 ਤੋਂ ਹੀ ਆਰਜ਼ੀ ਸੂਚੀ ਵਿੱਚ ਸ਼ਾਮਲ ਹੈ। 2005 ਤੋਂ ਲੈ ਕੇ 2015 ਤਕ ਇੱਥੇ ਇਮਾਰਤੀ ਢਾਂਚੇ ਵਿੱਚ ਵੱਡੀ ਤਬਦੀਲੀ ਆਈ ਹੈ, ਜਿਸ ਨਾਲ ਇਸ ਦੀ ਪੁਰਾਤਨ ਦਿੱਖ ਲਗਪਗ ਖ਼ਤਮ ਹੋ ਗਈ ਹੈ। ਨਵੇਂ ਬਣੇ ਇਮਾਰਤੀ ਢਾਂਚੇ ਵਿੱਚ ਸ਼ਾਮਲ ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਅਤੇ ਅਕਾਲ ਤਖ਼ਤ ਦੇ ਨੇੜੇ ਬਣਾਈ ਗਈ ਸ਼ਹੀਦੀ ਯਾਦਗਾਰ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਗੁਰਦੁਆਰਾ ਥੜ੍ਹਾ ਸਾਹਿਬ ਦੀ ਇਮਾਰਤ ਨਾਲ ਵੀ ਛੇੜਛਾੜ ਕੀਤੀ ਗਈ ਹੈ, ਜਿਸ ਨਾਲ ਇਸ ਦੀ ਪੁਰਾਤਨ ਦਿੱਖ ਖ਼ਤਮ ਹੋਈ ਹੈ। ਅਜਿਹੀ ਸਥਿਤੀ ਵਿੱਚ ਇਸ ਅਸਥਾਨ ਨੂੰ ਵਿਸ਼ਵ ਵਿਰਾਸਤ ਤੇ ਪੁਰਾਤਨ ਅਸਥਾਨਾਂ ਦੀ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਘੱਟ ਗਈ ਹੈ। ਉਂਜ ਵੀ ਜਦੋਂ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਕੋਈ ਰੁਚੀ ਨਹੀਂ ਦਿਖਾਈ ਜਾਂਦੀ, ਕੇਂਦਰ ਸਰਕਾਰ ਆਪਣੇ ਤੌਰ ’ਤੇ ਇਸ ਮਾਮਲੇ ਨੂੰ ਅਗਾਂਹ ਨਹੀਂ ਭੇਜ ਸਕਦੀ। ਇਸ ਲਈ ਇਹ ਮਾਮਲਾ ਫਿਲਹਾਲ ਠੰਢੇ ਬਸਤੇ ਵਿਚ ਹੀ ਹੈ।

**ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦਾ ਖਦਸ਼ਾ: ਜਥੇਦਾਰ ਅਵਤਾਰ ਸਿੰਘ**

ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਜੇਕਰ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ਵ ਵਿਰਾਸਤ ਦਾ ਦਰਜਾ ਮਿਲਦਾ ਹੈ ਤਾਂ ਇਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੂਨੀ ਮਾਮਲਿਆਂ ਅਤੇ ਇਮਾਰਤਸਾਜ਼ੀ ਵਿੱਚ ਦਖਲ ਅੰਦਾਜ਼ੀ ਸ਼ੁਰੂ ਹੋ ਜਾਵੇਗੀ, ਜਿਸ ਨੂੰ ਸ਼੍ਰੋਮਣੀ ਕਮੇਟੀ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਪਹਿਲਾਂ ਹੀ ਵਿਸ਼ਵ ਭਰ ਵਿੱਚ ਇਕ ਰੂਹਾਨੀ ਅਸਥਾਨ ਹੈ ਅਤੇ ਉਸ ਨੂੰ ਸ਼ਰਧਾਲੂਆਂ ਵੱਲੋਂ ਵਿਸ਼ਵ ਵਿਰਾਸਤ ਦਾ ਦਰਜਾ ਮਿਲਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਜੇਕਰ ਵਿਸ਼ਵ ਵਿਰਾਸਤ ਦਾ ਦਰਜਾ ਮਿਲਣ ਮਗਰੋਂ ਕੋਈ ਦਖ਼ਲ ਅੰਦਾਜ਼ੀ ਨਾ ਹੋਵੇ ਜਾਂ ਫਿਰ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਤੋਂ ਬਿਨਾਂ ਕੰਮ ਨਾ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਇਹ ਦਰਜਾ ਹਾਸਲ ਕਰਨ ਲਈ ਯਤਨ ਕਰਨ ਵਿੱਚ ਕੋਈ ਗੁਰੇਜ਼ ਨਹੀਂ ਹੈ।

# ’84 ਦੇ ਕਤਲੇਆਮ ਲਈ ਦਿੱਲੀ ’ਚ 442 ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ

**ਨਵੀਂ ਦਿੱਲੀ–** 1984 ਦੇ ਸਿੱਖ ਕਤਲੇਆਮ ਦੇ ਵੱਖ ਵੱਖ ਮਾਮਲਿਆਂ ’ਚ ਦਿੱਲੀ ਦੀਆਂ ਅਦਾਲਤਾਂ ਨੇ ਹੁਣ ਤਕ 442 ਵਿਅਕਤੀਆਂ ਨੂੰ ਸਜ਼ਾਵਾਂ ਸੁਣਾਈਆਂ ਹਨ। ਰਾਜ ਸਭਾ ’ਚ ਗ੍ਰਹਿ ਰਾਜ ਮੰਤਰੀ ਹਰੀਭਾਈ ਪਰਾਥੀਭਾਈ ਚੌਧਰੀ ਨੇ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੇ ਕੌਮੀ ਰਾਜਧਾਨੀ ਖੇਤਰ ਦਿੱਲੀ ’ਚ ਸਿੱਖ ਕਤਲੇਆਮ ਦੇ ਸਬੰਧ ’ਚ ਦਰਜ ਗੰਭੀਰ ਕੇਸਾਂ, ਜਿਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ ਸੀ, ਦੀ ਮੁੜ ਤੋਂ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਅਜਿਹੇ ਕੇਸਾਂ ਦੇ ਰਿਕਾਰਡਾਂ ਦੀ ਨਵੇਂ ਸਿਰੇ ਤੋਂ ਪੜਤਾਲ ਕਰੇਗੀ।



ਸ੍ਰੀ ਚੌਧਰੀ ਨੇ ਕਿਹਾ ਕਿ 2006 ਦੇ ਮੁੜ ਵਸੇਬਾ ਪੈਕਜ ਤਹਿਤ 1984 ਕਤਲੇਆਮ ਦੇ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਦਿੱਲੀ ਸਰਕਾਰ ਨੂੰ ਇਸ ਪੈਕਜ ਤਹਿਤ 154.54 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਹੈ। ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਨਜ਼ਦੀਕੀਆਂ ਨੂੰ ਪੰਜ ਲੱਖ ਰੁਪਏ ਦਾ ਵਾਧੂ ਮੁਆਵਜ਼ਾ ਵੀ ਮਨਜ਼ੂਰ ਕੀਤਾ ਹੈ। ਦਿੱਲੀ ਦੀ ਸਰਕਾਰ ਨੇ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਪੀੜਤਾਂ ਦੇ ਪਰਿਵਾਰਾਂ ਨੂੰ 73 ਕਰੋੜ 53 ਲੱਖ 24 ਹਜ਼ਾਰ ਰੁਪਏ ਵੰਡੇ ਹਨ।

# ਪ੍ਰਭੂ ਯਿਸੂ ਮਸੀਹ ਦੇ ਦੇਹ-ਧਾਰੀ ਹੋਣ ਦਾ ਦਿਨ- "ਵੱਡਾ ਦਿਨ"

ਪ੍ਰਭੂ ਪ੍ਰਮੇਸ਼ਵਰ ਦੇ ਦੇਹ-ਧਾਰੀ ਹੋਣ ਦੀ ਕਥਾ, ਪਵਿੱਤਰ ਬਾਈਬਲ ਅਨੁਸਾਰ ਇਸ ਪ੍ਰਕਾਰ ਹੈ ਕਿ ਜਦ ਇੱਥੇ ਕੁਝ ਵੀ ਨਹੀਂ ਸੀ, ਕੇਵਲ ਸੁੰਨਸਾਨ ਹੀ ਸੀ ਤਾਂ ਪਰਮੇਸ਼ਵਰ ਨੇ ਧਰਤੀ-ਆਕਾਸ਼ ਅਤੇ ਇਸ ਵਿਚਲਾ ਸਭ ਕੁਝ ਸਿਰਜਿਆ ਅਤੇ ਦੇਖ ਕੇ ਆਖਿਆ ਕਿ "ਅੱਛਾ ਹੈ।" ਅੰਤ ਵਿਚ ਪਰਮੇਸ਼ਵਰ ਨੇ ਧਰਤੀ ਦੀ ਮਿੱਟੀ ਤੋਂ ਆਦਮ ਨੂੰ ਸਿਰਜ ਕੇ ਉਸ ਵਿਚ ਆਪਣਾ ਦਮ ਫੂਕਿਆ ਤਾਂ ਉਹ ਜਿਉਂਦੀ ਜਾਨ ਹੋ ਗਿਆ। ਆਪਣੀ ਇਸ ਅਤਿ-ਪਿਆਰੀ ਰਚਨਾ ਨੂੰ ਉਹਨੇ ਇਕ ਸੁੰਦਰ ਬਾਗ ਵਿਚ ਰੱਖ ਕੇ ਇਕ ਆਗਿਆ ਉਹਦੇ ਭਲੇ ਵਾਸਤੇ ਦਿੱਤੀ। ਪਰ ਆਦਮ ਨੇ ਆਗਿਆ ਤੋੜ ਕੇ ਪਰਮੇਸ਼ਵਰ ਨੂੰ ਗੁੱਸਾ ਦੁਆ ਦਿੱਤਾ। ਸਿੱਟੇ ਵਜੋਂ ਉਹਨੂੰ ਪਰਮੇਸ਼ਵਰ ਨੇ ਬਾਗ 'ਚੋਂ ਕੱਢ ਕੇ ਦੰਡਿਤ ਕਰ ਦਿੱਤਾ।



Rt. Rev. Younas Massey
Bishop
Diocese of Chandigarh

ਪਰਮੇਸ਼ਵਰ ਨੂੰ ਆਪਣੀ ਪਿਆਰੀ ਰਚਨਾ ਉਤੇ ਫੇਰ ਦਇਆ ਆ ਗਈ। ਉਹਨੇ ਉਹਦੀ ਗਲਤੀ ਦੀ ਮਾਫੀ ਦਾ ਪ੍ਰਬੰਧ ਕਰ ਦਿੱਤਾ। ਉਹਨੇ ਆਪਣਾ ਪਿਆਰਾ ਪੁੱਤਰ ਧਰਤੀ ਉਤੇ, ਆਦਮ ਦੇ ਗੁਨਾਹਾਂ ਦੀ ਮਾਫੀ ਵਾਸਤੇ, ਕੁਰਬਾਨ ਹੋਣ ਵਾਸਤੇ ਘੱਲਣ ਦੀ ਯੋਜਨਾ ਬਣਾ ਲਈ ਤਾਂ ਉਸ ਮੁਕਤੀਦਾਤੇ ਦੇ ਧਰਤੀ ਉਤੇ ਆਗਮਨ ਦਾ ਦਿਹਾੜਾ "ਵੱਡਾ ਦਿਨ" ਹੋ ਗਿਆ।

ਪ੍ਰਭੂ ਦਾ ਆਗਮਨ ਅਚਨਚੇਤ ਨਹੀਂ ਹੋਇਆ। ਸੈਂਕੜੇ-ਹਜ਼ਾਰਾਂ ਵਰ੍ਹੇ ਪਹਿਲਾਂ, ਇਸ ਬਾਰੇ ਨਬੀਆਂ ਨੇ ਭਵਿੱਖਬਾਣੀਆਂ ਕੀਤੀਆਂ ਸਨ ਕਿ ਇਕ ਕੰਵਾਰੀ ਦੀ ਕੁੱਖੋਂ, ਪਵਿੱਤਰ ਆਤਮਾ ਦੀ ਕਿਰਪਾ ਨਾਲ ਉਹਦਾ ਜਨਮ ਹੋਵੇਗਾ। ਉਸਦੇ ਜਨਮ ਸਮੇਂ ਪੂਰਬ ਵਿਚ ਇਕ ਅਦਭੁੱਤ ਤਾਰਾ ਚਮਕਿਆ ਜਿਸ ਨੂੰ ਦੇਖ ਕੇ ਪੂਰਬੀ ਦੇਸ਼ਾਂ ਦੇ ਨਜੂਮੀ, ਸੋਨਾ, ਮੁੱਰ ਅਤੇ ਲੁਬਾਨ ਵਰਗੀਆਂ ਸੁਗਾਤਾਂ ਲੈ ਕੇ ਉਹਨੂੰ ਭੇਂਟ ਚੜ੍ਹਾਉਣ ਲਈ ਆਏ।

ਉਹ ਬਾਲਗ ਯਿਸੂ, ਪੁਰਖਾਂ ਅਤੇ ਪਰਮੇਸ਼ਵਰ ਦੀ ਨਜ਼ਰ ਵਿਚ ਮਕਬੂਲ ਹੁੰਦਾ ਹੋਇਆ ਲਹੂ-ਮਾਸ ਅਰਥਾਤ ਦੇਹ ਅਤੇ ਆਤਮਾ ਵਿਚ ਵੱਧਦਾ ਗਿਆ। ਉਸਦਾ ਪਹਾੜੀ ਉਪਦੇਸ਼ ਦੱਸਦਾ ਹੈ ਕਿ ਕਿਹੜੀਆਂ ਕਿਹੜੀਆਂ ਵਿਸ਼ੇਸ਼ਤਾਈਆਂ ਧਾਰਨ ਕਰਕੇ ਮਨੁੱਖ ਧੰਨ ਹੋ ਸਕਦਾ ਹੈ। ਉਹਨੇ ਸਹਿਣਸ਼ੀਲਤਾ ਦਾ ਪਾਠ ਪੜ੍ਹਾਇਆ ਕਿ ਜੇ ਤੇਰੀ ਇਕ ਗੱਲ੍ਹ ਉਪਰ ਕੋਈ ਥੱਪੜ ਮਾਰੇ ਤਾਂ ਦੂਜਾ ਪਾਸਾ ਵੀ ਉਹਦੇ ਵੱਲ ਫੇਰ ਦੇ। ਆਪਣੇ ਦੋਖੀਆਂ ਨੂੰ 7 ਦੇ 70 ਵਾਰ ਮਾਫ ਕਰਨ ਦੀ ਸਿੱਖਿਆ ਦਿੱਤੀ।



ਪਿਆਰ ਉਹਦੀ ਸਿੱਖਿਆ ਦਾ ਧੁਰਾ ਹੈ। ਉਸ ਆਖਿਆ ਕਿ ਸਭ ਤੋਂ ਵੱਡਾ ਹੁਕਮ ਹੈ ਕਿ- ਤੂੰ ਆਪਣੇ ਪੜੌਸੀ ਨੂੰ ਆਪਣੇ ਵਾਂਗ ਪਿਆਰ ਕਰ। ਪੜੌਸੀ ਕੌਣ ਹੈ? ਬਾਰੇ ਉਹਨਾਂ ਸਪਸ਼ਟ ਕੀਤਾ ਕਿ ਹਰੇਕ ਲੋੜਵੰਦ ਜਿਸ ਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ, ਉਹ ਤੁਹਾਡਾ ਪੜੌਸੀ ਹੈ। ਉਹਨੇ ਆਖਿਆ ਜਿਸ ਨ ਭੁੱਖੇ ਨੂੰ ਭੋਜਨ ਦਿੱਤਾ ਉਹਨੇ ਮੈਨੂੰ ਅਰਥਾਤ ਖੁਦਾ ਨੂੰ ਦਿੱਤਾ ਜਿਸਦਾ ਅਜ਼ਰ ਉਹਨੂੰ ਮਿਲੇਗਾ।

ਲੋੜ ਹੈ ਕਿ ਅਸੀਂ ਪ੍ਰਭੂ ਦੇ ਆਗਮਨ ਦਾ ਦਿਹਾੜਾ- "ਵੱਡਾ ਦਿਨ" ਉਹਦੀਆਂ ਸਿੱਖਿਆਵਾਂ ਉਤੇ ਚੱਲਣ ਦਾ ਪ੍ਰਣ ਲੈ ਕੇ ਮਨਾਏ.ਏ। ਆਮੀਨ।

ਪ੍ਰਭੂ ਆਪ ਸਭ ਨੂੰ ਬਰਕਤ ਦੇਵੇ।

# ਮੁੱਕਤੀ ਦੇ ਤਾਜ ਦਾ ਹੱਕਦਾਰ ਕੌਣ?

ਰੋਜ਼ੇ ਹਸ਼ਰ ਸਮੇਂ ਪ੍ਰਭੂ ਯਿਸੂ ਸਾਡੀਆਂ ਡਿਗਰੀਆਂ ਡਿਪਲੋਮੇ ਨਹੀਂ ਵੇਖੇਗਾ। ਉਹ ਕਹੇਗਾ- "ਜਦੋਂ ਮੈਂ ਭੁੱਖਾ ਸੀ ਤੁਸੀਂ ਮੈਨੂੰ ਰੋਟੀ ਦਿੱਤੀ, ਜਦੋਂ ਮੈਂ ਨੰਗਾ ਸਾਂ ਤੁਸੀਂ ਮੈਨੂੰ ਕੱਪੜਾ ਦਿੱਤਾ, ਜਦ ਮੈਂ ਬੇਘਰਾਂ ਸੀ ਤੁਸਾਂ ਮੈਨੂੰ ਆਪਣੇ ਘਰ ਵਿੱਚ ਸ਼ਰਣ ਦਿੱਤੀ, ਜਦ ਮੈਂ ਬਿਮਾਰ ਸੀ ਤੁਸੀਂ ਮੇਰੀ ਤਿਮਾਰਦਾਰੀ ਕੀਤੀ, ਜਦ ਮੈਂ ਜੇਲ ਵਿੱਚ ਸਾਂ ਤੁਸਾਂ ਮੇਰੀ ਖਬਰ ਲੈਣ ਆਏ।" (ਮੱਤੀ 25) ਇਹ ਉਹ ਪੈਮਾਨਾ ਹੈ ਜਿਸ ਉਤੇ ਖੁਦਾ ਦੇ ਰਾਜ ਵਿੱਚ ਦਾਖਲ ਹੋਣ ਦਾ ਫੈਸਲਾ ਕੀਤਾ ਜਾਵੇਗਾ।



ਫਰੈਡੀ ਜੋਜ਼ਫ

ਜੇਕਰ ਤੁਸੀ ਇਹਨਾਂ ਗੱਲਾਂ ਉਤੇ ਅਮਲ ਨਹੀਂ ਕੀਤਾ ਤਾਂ ਤੁਹਾਡੀਆਂ ਡਿਗਰੀਆਂ ਅਤੇ ਡਿਪਲੋਮਿਆਂ ਦਾ ਕੋਈ ਲਾਭ ਨਹੀਂ। ਅੱਜ ਜਦ ਕਿ ਅਸੀ 2015ਵਾਂ ਵੱਡਾ ਦਿਨ ਮਨਾਉਣ ਜਾ ਰਹੇ ਹਾਂ ਤਾਂ ਸਾਨੂੰ ਸੋਚ ਲੈਣਾ ਚਾਹੀਦਾ ਹੈ ਕਿ ਸਾਡੇ ਅਮਲਾਂ ਦਾ ਪ੍ਰੈਕਟੀਕਲ ਰਿਕ-ਾਰਡ ਕੀ ਹੈ।

ਅਸੀ ਮਹਿਸੂਸ ਕਰਦੇ ਹਾਂ ਕਿ ਦੇਸੀ ਈਸਾਈਆਂ ਨੇ ਵਿਦੇਸ਼ੀ ਈਸਾਈ ਮਿਸ਼ਨਰੀਆਂ ਦੇ ਕੰਮ ਕਰਨ ਦੇ ਢੰਗ ਤੋਂ ਕੋਈ ਸਬਕ ਨਹੀਂ ਸਿਖਿਆ। ਵਿਦੇਸ਼ੀ ਮਿਸ਼ਨਰੀਆਂ ਨੇ ਜੋ ਕੁਝ ਵੀ ਕੀਤਾ ਪ੍ਰਭੂ ਯਿਸੂ ਦੇ ਮੁਕਤੀ ਦੇ ਉਪਰੋਕਤ ਏਜੰਡੇ ਨੂੰ ਮੁਖ ਰਖਦਿਆਂ ਹੀ ਕੀਤਾ। ਉਹਨਾਂ ਨੇ ਇਸ ਦੇਸ਼ ਵਿੱਚ ਖੇਤੀ ਪ੍ਰੋਜੈਕਟ ਚਲਾਏ, ਇੰਡਸਟਰੀਅਲ ਪ੍ਰੋਜੈਕਟ ਚਲਾਏ, ਵਿਦਿਆ ਅਤੇ ਸਿਹਤ ਦੇ ਕੇਂਦਰ ਸਥਾਪਿਤ ਕੀਤੇ, ਮੀਡੀਆ ਆਰੰਭ ਕੀਤਾ ਅਤੇ ਇਨਸਾਨੀਅਤ ਨੂੰ ਕੁਚਲ ਰਹੀਆਂ ਸਮਾਜਿਕ ਬੁਰਾਈਆਂ ਵਿਰੁਧ ਜੇਹਾਦ ਸ਼ੁਰੂ ਕੀਤੇ। ਸਮਾਂ ਆ ਗਿਆ ਹੈ ਕਿ ਵਿਦੇਸ਼ੀ ਈਸਾਈਮਿਸ਼ਨਰੀਆਂ ਦੀ ਦੇਣ ਨੂੰ ਪ੍ਰਭੂ ਯਿਸੂ ਦੇ ਮੁਕਤੀ ਦੇ ਏਜੰਡੇ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਅਤੇ ਆਪਣੇ ਅਮਲ ਬਦਲੇ ਜਾਣ।

**- ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ**

# ਕੰਵਰ ਸੰਧ ਦੀ ਕੁੱਟਮਾਰ- ਪਟਿਆਲਾ ਜੇਲ੍ਹ ਵਿੱਚ ਵਾਪਰੀ ਘਟਨਾ ਦੀ ਜਾਂਚ ਆਰੰਭ

**ਪਟਿਆਲਾ-** ਮੁੱਖ ਮੰਤਰੀ ਬੇਅੰਤ ਸਿੰਘ ਸਮੇਤ ਡੇਢ ਦਰਜਨ ਵਿਅਕਤੀਆਂ ਦੀਆਂ ਸਮੂਹਿਕ ਹੱਤਿਆਵਾਂ ਦੇ ਕੇਸ ਵਿੱਚ ਫਾਂਸੀ ਦੀ ਸਜ਼ਾ ਅਧੀਨ ਇੱਥੇ ਬੰਦ ਬਲਵੰਤ ਸਿੰਘ ਰਾਜੋਆਣਾ ਅਤੇ ਸੀਨੀਅਰ ਪੱਤਰਕਾਰ ਕੰਵਰ ਸੰਧੂ ਦਰਮਿਆਨ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਹੋਈ ਕਥਿਤ ਝੜਪ ਸਬੰਧੀ ਘਟਨਾ ਦੀ ਜਾਂਚ ਅੱਜ ਬਾਕਾਇਦਾ ਸ਼ੁਰੂ ਹੋ ਗਈ। ਜਾਂਚ ਅਧਿਕਾਰੀ ਗ੍ਰਹਿ ਵਿਭਾਗ ਦੇ ਵਧੀਕ ਪ੍ਰਿੰਸੀਪਲ ਸਕੱਤਰ ਜਗਪਾਲ ਸਿੰਘ ਵੱਲੋਂ ਅੱਜ ਰਾਜੋਆਣਾ ਸਮੇਤ ਕਈ ਹੋਰਨਾਂ ਦੇ ਬਿਆਨ ਕਲਮਬੰਦ ਕੀਤੇ ਗਏ। ਇਸ ਮੌਕੇ ਏਡੀਜੀਪੀ (ਜੇਲ੍ਹਾਂ) ਰਾਜਪਾਲ ਮੀਨਾ ਤੇ ਹੋਰ ਅਧਿਕਾਰੀ ਵੀ ਨਾਲ ਸਨ ।

ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜਾਂਚ ਅਧਿਕਾਰੀ ਨੇ ਜੇਲ੍ਹ ਸੁਪਰਡੈਂਟ ਭੁਪਿੰਦਰਜੀਤ ਸਿੰਘ ਵਿਰਕ ਸਮੇਤ ਮੌਕੇ ਉੱਤੇ ਮੌਜੂਦ ਜੇਲ੍ਹ ਅਧਿਕਾਰੀਆਂ ਅਤੇ ਮੁਲਾਜ਼ਮਾਂ ਸਮੇਤ ਆਸੇ ਪਾਸ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਲਈ ਆਏ ਕੈਦੀਆਂ ਅਤੇ ਜੇਲ੍ਹ ਦੇ ਦਫ਼ਤਰੀ ਕੰਮਾਂ ਵਿੱਚ ਹੱਥ ਵਟਾਉਣ ਵਾਲੇ ਕੈਦੀਆਂ ਤੋਂ ਵੀ ਜਾਣਕਾਰੀ ਲਈ। ਉਨ੍ਹਾਂ ਬਲਵੰਤ ਸਿੰਘ ਰਾਜੋਆਣਾ ਦੇ ਬਿਆਨ ਵੀ ਲਏ।

ਉਂਜ ਅਧਿਕਾਰੀ ਨੇ ਸਭ ਤੋਂ ਪਹਿਲਾਂ ਵੀਡੀਓ ਕਲਿੱਪ ਵਿੱਚ ਪਿੰਕੀ ਨਾਲ ਹੱਥ ਮਿਲਾਉਂਦੇ ਨਜ਼ਰ ਆ ਰਹੇ ਮੁਲਾਜ਼ਮਾਂ ਤੋਂ ਪੁੱ-ਛਗਿੱਛ ਕੀਤੀ । ਘਟਨਾ ਵਾਲੇ ਕਮਰੇ ਦਾ ਵੀ ਦੌਰਾ ਕੀਤਾ ਗਿਆ, ਜਿਸ ਵਿੱਚ ਵੀ ਕੈਮਰੇ ਲਾਉਣ ਦੀ ਹਦਾਇਤ ਕੀਤੀ ਗਈ । ਉਨ੍ਹਾਂ ਨੇ ਦੋ ਘੰਟੇ ਜੇਲ੍ਹ ਕੰਪਲੈਕਸ ਵਿੱਚ ਬਿਤਾਏ। ਵੀਡੀਓ ਕਲਿੱਪ ਵਾਇਰਲਲ ਹੋਣ ਦਾ ਵੀ ਗੰਭੀਰ ਨੋਟਿਸ ਲਿਆ ਗਿਆ, ਜਿਸ ਵਿੱਚ ਸ੍ਰੀ ਸੰਧੂ ਮੁਲਾਕਾਤ ਵਾਲੇ ਕਮਰੇ ਵਿੱਚੋਂ ਵਾਪਸੀ ਉੱਤੇ ਆਪਣੀ ਪੱਗ ਹੱਥ ਵਿੱਚ ਲੈ ਕੇ ਆ ਰਹੇ ਨਜ਼ਰ ਆਉਂਦੇ ਹਨ । ਡਿਵੀਜ਼ਨਲ ਕਮਿਸ਼ਨਰ ਅਜੀਤ ਸਿੰਘ ਪਨੂੰ, ਡਿਪਟੀ ਕਮਿਸ਼ਨਰ ਵਰੁਣ ਰੂਜ਼ਮ ਵੀ ਇਸ ਮੌਕੇ ਹਾਜ਼ਰ ਸਨ।

# ਮਾਣਹਾਨੀ ਕੇਸ 'ਚ ਕੇਜਰੀਵਾਲ ਤੇ ਪੰਜ 'ਆਪ' ਆਗੂਆਂ ਨੂੰ ਨੋਟਿਸ

**ਨਵੀਂ ਦਿੱਲੀ-** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਕੀਤੇ ਮਾਣਹਾਨੀ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ ਅੱਜ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ 'ਆਪ' ਦੇ ਪੰਜ ਹੋਰ ਆਗੂਆਂ ਨੂੰ ਨੋਟਿਸ ਜਾਰੀ ਕਰਕੇ ਤਿੰਨ ਹਫ਼ਤਿਆਂ ਅੰਦਰ ਜਵਾਬ ਦੇਣ ਲਈ ਕਿਹਾ ਹੈ। 'ਆਪ' ਦੇ ਪੰਜ ਆਗੂਆਂ ਵਿੱਚ ਕੁਮਾਰ ਵਿਸ਼ਵਾਸ, ਰਾਘਵ ਚੱਢਾ, ਆਸ਼ੂਤੋਸ਼, ਸੰਜੈ ਸਿੰਘ ਤੇ ਦੀਪਕ ਬਾਜਪਾਈ ਦੇ ਨਾਮ ਸ਼ਾਮਲ ਹਨ। ਅੱਜ ਜਦੋਂ ਜੁਆਇੰਟ ਰਜਿ-ਜਸਟਰਾਰ ਕ. ਵੈਨੂਗੋਪਾਲ ਨੇ ਇਹ ਆਦੇਸ਼ ਦਿੱਤੇ ਤਾਂ ਕੁਮਾਰ ਵਿਸ਼ਵਾਸ ਤੇ ਸ੍ਰੀ ਕੇਜਰੀਵਾਲ ਨੂੰ ਛੱਡ ਕੇ ਬਾਕੀ ਚਾਰ ਆਗੂ ਹਾਜ਼ਰ ਸਨ। 5 ਫਰਵਰੀ ਨੂੰ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ। ਉਧਰ ਸੀ ਪੀ ਆਈ (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਦਾਅਵਾ ਕੀਤਾ ਹੈ ਕਿ ਡੀਡੀਸੀਏ ਵਿਵਾਦ ਦੇ ਚਲਦਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਅਸਤੀਫ਼ੇ ਦਾ ਸੰਕੇਤ ਦਿੱਤਾ ਹੈ।

## ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਨ 'ਤੇ ਚਰਨ ਛੋਹ ਗੰਗਾ ਵਿਖੇ ਮਹਾਨ ਸਮਾਗਮ 31 ਤੇ 1 ਜਨਵਰੀ ਨੂੰ

**ਸ੍ਰੀ ਚਰਨ ਛੋਹ ਗੰਗਾ (ਸੁਰੀਲਾ) ਮਹਾਨ ਗਦਰੀ ਬਾਬਾ ਤੇ ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਜਨਮ ਵਰ੍ਹੇਗੰਢ ਦੇ ਸਬੰਧ 'ਚ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨ ਛੋਹ ਗੰਗਾ (ਅੰਮ੍ਰਿਤ-ਕੁੰਡ) ਸੱਚਖੰਡ ਸਾਹਿਬ ਖੁਰਾਲਗੜ੍ਹ ਵਿਖੇ ਮਹਾਨ ਸਮਾਗਮ ਦੇਸ਼-ਵਿਦੇਸ਼ ਦੀ ਸੰਗਤ ਦੇ ਸਹਿਯੋਗ ਨਾਲ 31 ਦਸੰਬਰ ਤੋਂ 1 ਜਨਵਰੀ 2016 ਨੂੰ ਗੁਰੂ ਘਰ ਵਿਖੇ ਹੋ ਰਹੇ ਹਨ। 31 ਦਸੰਬਰ ਰਾਤ ਨੂੰ ਵੀ ਗੁਰੂ ਘਰ ਵਿਖੇ ਸਮਾਗਮ ਹੋਵੇਗਾ ਅਤੇ 1 ਜਨਵਰੀ ਨੂੰ ਉਹਨਾਂ ਦੀ ਕੌਮ ਪ੍ਰਤੀ ਕੁਰਬਾਨੀ ਤੇ ਆਦਿ ਧਰਮ ਮੰਡਲ ਬਣਾਉਣ ਦੀ ਕਿਉਂ ਜ਼ਰੂਰਤ ਪਈ ਆਦਿ ਬਾਰੇ ਬੁੱਧੀਜੀਵੀ ਤੇ ਸੰਤ ਮਹਾਂਪੁਰਸ਼ ਆਪਣੇ-ਆਪਣੇ ਵਿਚਾਰ ਪੇਸ਼ ਕਰਨਗੇ। ਸੰਤ ਸਤਵਿੰਦਰ ਹੀਰਾ ਜੀ ਨੇ ਜਾਣਕਾਰੀ ਦਿੰਦਿਆਂ ਸਮੂਹ ਸੰਗਤ ਨੂੰ ਵੱਧ ਤੋਂ ਵੱਧ ਗਿਣਤੀ 'ਚ ਚਰਨ-ਛੋਹ ਗੰਗਾ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।**



# ਪੰਜਾਬੀ ਦੀ ਪੜ੍ਹਾਈ ਲਈ ਸੀ. ਬੀ. ਐਸ. ਈ. ਸਕੂਲਾਂ 'ਤੇ ਛਾਪੇ ਮਾਰ ਸਕਣਗੇ ਡੀ. ਈ. ਓ.

**ਚੰਡੀਗੜ੍ਹ-** ਪੰਜਾਬ 'ਚ ਹੁਣ 'ਮਾਂ-ਬੋਲੀ ਪੰਜਾਬੀ' ਦੀ ਵਿਸ਼ੇ ਵਜੋਂ ਪੜ੍ਹਾਈ ਨਾ ਕਰਾਉਣ ਵਾਲੇ ਸਕੂਲਾਂ ਖਾਸ ਕਰਕੇ ਸੀ. ਬੀ. ਐਸ. ਈ. ਬੋਰਡ ਅਤੇ ਆਈ. ਸੀ. ਐਸ. ਈ. ਸਕੂਲਾਂ ਦੀ ਪੈੜ ਜ਼ਿਲ੍ਹਾ ਸਿੱਖਿਆ ਅਧਿਕਾਰੀ ਅਧਿਕਾਰਿਤ ਤੌਰ 'ਤੇ ਨੱਪ ਸਕਣਗੇ। ਪੰਜਾਬ ਭਾਸ਼ਾ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਦਿਆਂ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਡੀ. ਈ. ਓ.-ਸੈਕੰਡਰੀ) ਨੂੰ ਇਹ ਸ਼ਕਤੀਆਂ ਦੇ ਦਿੱਤੀਆਂ ਹਨ, ਜਿਸ ਤੋਂ ਬਾਅਦ ਅਧਿਕਾਰੀ ਹੁਣ ਪੰਜਾਬੀ ਵਿਸ਼ੇ ਨੂੰ ਪਹਿਲੀ ਤੋਂ ਦਸਵੀਂ ਜਮਾਤ ਤੱਕ ਲਾਜ਼ਮੀ ਤੌਰ 'ਤੇ ਪੜ੍ਹਾਉਣ ਦਾ ਜਾਇਜ਼ਾ ਲੈਣ ਲਈ ਸਕੂਲਾਂ ਦੀ ਅਚਨਚੇਤੀ ਜਾਂਚ ਵੀ ਕਰ ਸਕਣਗੇ ਅਤੇ ਉਹਨਾਂ ਤੇ ਰਿਪੋਰਟਾਂ ਵੀ ਹਾਸਲ ਕਰ ਸਕਣਗੇ।

ਜਾਣਕਾਰੀ ਅਨੁਸਾਰ ਹੁਣ ਤੱਕ ਪੰਜਾਬ 'ਚ 'ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ-2008' ਤਾਂ ਮੌਜੂਦ ਸੀ, ਪਰ ਜ਼ਿਲ੍ਹਾ ਸਿੱਖਿਆ ਅਧਿਕਾਰੀ, ਜਿਹਨਾਂ ਨੇ ਜ਼ਮੀਨੀ ਪੱਧਰ 'ਤੇ ਇਸ ਐਕਟ ਨੂੰ ਲਾਗੂ ਕਰਨਾ ਸੀ, ਉਹ ਅਧਿਕਾਰੀ ਸਕੂਲਾਂ ਦਾ ਜਾਇਜ਼ਾ ਅਤੇ ਰਿਪੋਰਟਾਂ ਲੈਣ ਦੇ ਸਮਰੱਥ ਨਹੀਂ ਸਨ, ਜਿਸਦੇ ਚੱਲਦਿਆਂ ਸਿੱਖਿਆ ਵਿਭਾਗ ਨੇ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਨੂੰ ਲਿਖਿਆ ਸੀ ਕਿ ਡੀ. ਈ. ਓ. ਨੂੰ ਇਸ ਬਾਰੇ ਸਕੂਲਾਂ ਦਾ ਜਾਇਜ਼ਾ ਲੈਣ ਦੇ ਸਮਰੱਥ ਕੀਤਾ ਜਾਵੇ।

ਇੱਥੇ ਇਹ ਵੀ ਦੱਸ ਦਈਏ ਕਿ ਉਪਰੋਕਤ ਐਕਟ ਤਹਿਤ ਪੰਜਾਬ 'ਚ ਪੰਜਾਬੀ ਨਾ ਪੜ੍ਹਾਉਣ ਵਾਲੇ ਸਕੂਲਾਂ ਦੀ ਰਿਪੋਰਟ ਡੀ. ਪੀ. ਆਈ. ਸੈਕੰਡਰੀ ਸ: ਬਲਬੀਰ ਸਿੰਘ ਨੇ 24 ਦਸੰਬਰ ਨੂੰ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੂੰ ਸੌਂਪਣੀ ਸੀ। ਸੂਤਰਾਂ ਦੀ ਮੰਨੀਏ ਤਾਂ ਸਿੱਖਿਆ ਮਹਿਕਮੇ ਵੱਲੋਂ ਹੁਣ ਤੱਕ ਤਿਆਰ ਇਸ ਸੂਚੀ ਵਿਚ 50 ਕੁ ਅਜਿਹੇ ਸੀ. ਬੀ. ਐਸ. ਈ. ਅਤੇ ਆਈ. ਸੀ. ਐਸ. ਈ. ਸਕੂਲ ਸ਼ਾਮਲ ਹਨ, ਜੋ ਪੰਜਾਬੀ ਭਾਸ਼ਾ ਦੀ ਪੜ੍ਹਾਈ ਕਰਾਉਣ ਲਈ ਬਿਲਕੁਲ ਵੀ ਰਾਜ਼ੀ ਨਹੀਂ ਹਨ, ਜਦਕਿ ਜਾਣਕਾਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਅਜਿਹੇ ਸਕੂਲਾਂ ਦੀ ਸੰਖਿਆ ਕਿਤੇ ਜ਼ਿਆਦਾ ਹੈ, ਜੋ ਉਪਰੋਕਤ ਐਕਟ ਦੀ ਉਲੰਘਣਾ ਕਰ ਰਹੇ ਹਨ।

ਦਰਅਸਲ, ਸੂਬੇ ਦੇ ਕਈ ਸਕੂਲਾਂ ਵਿਚ 'ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ-2008' ਦੀ ਉਲੰਘਣਾ ਹੋ ਰਹੀ ਹੈ ਅਤੇ ਪੰਜਾਬੀ ਨੂੰ ਪਹਿਲੀ ਅਤੇ ਹਿੰਦੀ ਨੂੰ ਤੀਜੀ ਜਮਾਤ ਤੋਂ ਨਹੀਂ ਪੜ੍ਹਾਇਆ ਜਾ ਰਿਹਾ।

ਪਿਛਲੇ ਦਿਨੀਂ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਹੁਕਮ ਜਾਰੀ ਕੀਤੇ ਸਨ ਕਿ ਅਜਿਹੇ ਸਕੂਲਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਜਿਹੜੇ ਭਾਸ਼ਾ ਐਕਟ ਨੂੰ ਲਾਗੂ ਨਹੀਂ ਕਰ ਰਹੇ ਹਨ। ਉਹਨਾਂ ਕਿਹਾ ਸੀ ਕਿ ਐਕਟ ਤਹਿਤ ਸੂਬੇ ਦੇ ਸਾਰੇ ਸਕੂਲਾਂ ਨੂੰ ਪੰਜਾਬੀ ਪਹਿਲੀ ਜਮਾਤ ਅਤੇ ਹਿੰਦੀ ਨੂੰ ਤੀਜੀ ਜਮਾਤ ਤੋਂ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣਾ ਜ਼ਰੂਰੀ ਹੈ, ਇਸ ਲਈ ਐਕਟ ਦੀ ਉਲੰਘਣਾ ਕਰਨ ਵਾਲੇ ਸਕੂਲ ਨੂੰ ਪਹਿਲੇ ਮਹੀਨੇ 25 ਹਜ਼ਾਰ ਰੁਪਏ ਜੁਰਮਾਨਾ, ਦੂਜੇ ਮਹੀਨੇ 50 ਹਜ਼ਾਰ ਰੁਪਏ ਤੇ ਤੀਜੇ ਮਹੀਨੇ ਇਕ ਲੱਖ ਰੁਪਏ ਜੁਰਮਾਨਾ ਕੀਤਾ ਜਾਵੇਗਾ।

ਇਕ ਸਾਲ ਤੱਕ ਐਕਟ ਦੀ ਉਲੰਘਣਾ ਕਰਨ ਵਾਲੇ ਸਕੂਲ ਦੀ ਮਾਨਤਾ ਰੱਦ ਕੀਤੀ ਜਾਵੇਗੀ। ਡਾ. ਚੀਮਾ ਨੇ ਐਕਟ ਤਹਿਤ ਡੀ. ਈ. ਓ. ਪੱਧਰ 'ਤੇ ਸਕੂਲਾਂ ਦੀ ਚੈਕਿੰਗ ਦੀ ਰਿਪੋਰਟ 20 ਨਵੰਬਰ ਤੱਕ ਮੰਗੀ ਸੀ, ਪ੍ਰੰਤੂ ਜ਼ਿਲ੍ਹਾ ਪੱਧਰ 'ਤੇ ਡੀ. ਈ. ਓਜ਼. ਵੱਲੋਂ ਬੇਹੱਦ ਸੁਸਤੀ ਵਰਤਣ ਕਾਰਨ ਅਤੇ ਕਥਿਤ ਤੌਰ 'ਤੇ ਸਕੂਲਾਂ ਨਾਲ ਇਸ ਬਾਰੇ ਮਿੱਠਾ ਮੇਲ-ਮਿਲਾਪ ਰੱਖਣ ਕਾਰਨ ਇਹ ਰਿਪੋਰਟ ਤਿਆਰ ਹੋਣ 'ਚ ਦੇਰੀ ਹੋਈ ਹੈ।

### ਕੀ ਕਹਿੰਦਾ ਹੈ ਨੋਟੀਫਿਕੇਸ਼ਨ?

ਹੁਣ ਪੰਜਾਬ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਨੇ ਲੰਘੀ 14 ਦਸੰਬਰ ਨੂੰ ਨੋਟੀਫਿਕੇਸ਼ਨ (ਨੰ: 6/49×2015-1 ਸਿੱ ਸੈਲ/179) ਜਾਰੀ ਕਰਦਿਆਂ ਕਿਹਾ ਗਿਆ ਹੈ 'ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ, 2008 ਪੰਜਾਬ ਦੇ ਸਮੂਹ ਸਰਕਾਰੀ/ਅਰਧ ਸਰਕਾਰੀ/ਗੈਰ ਸਰਕਾਰੀ ਸਕੂਲਾਂ ਵਿਚ ਲਾਗੂ ਕਰਵਾਉਣ ਲਈ ਇਸ ਐਕਟ ਦੀ ਧਾਰਾ 6 ਅਨੁਸਾਰ ਪੰਜਾਬ ਵਿਚ ਸਥਿਤ ਸਮੂਹ ਸਕੂਲਾਂ 'ਚ ਪੰਜਾਬੀ ਭਾਸ਼ਾ ਨੂੰ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਵਿਸ਼ੇ ਵਜੋਂ ਲਾਜ਼ਮੀ ਤੌਰ 'ਤੇ ਪੜ੍ਹਾਉਣ ਸਬੰਧੀ ਸਥਿਤੀ ਦਾ ਜਾਇਜ਼ਾ ਲੈਣ/ਰਿਪੋਰਟ ਕਰਨ ਦਾ ਅਧਿਕਾਰ ਡੀ. ਈ. ਓ. ਸੈਕੰਡਰੀ ਨੂੰ ਇਸ ਅਧਿਸੂਚਨਾ ਦੇ ਜਾਰੀ ਹੋਣ ਦੀ ਮਿਤੀ ਤੋਂ ਦਿੱਤਾ ਜਾਂਦਾ ਹੈ।

ਦੇਸ਼ ਦੁਆਬਾ

# ਸਿੱਖਾਂ ਤੇ ਹਮਲੇ ਅਤੇ ਅਮਰੀਕੀ ਅਰਥਚਾਰਾ

ਹਾਲ ਹੀ ਵਿਚ ਅਮਰੀਕਾ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਇਕ ਵਾਰ ਫਿਰ ਸਿੱਖਾਂ ਤੇ ਨਸਲੀ ਹਮਲੇ ਵੱਧ ਗਏ ਹਨ। ਇਕ ਗੁਰੂ ਘਰ ਤੇ ਕਿਸੇ ਨੇ ਨਸਲੀ ਫਿਕਰੇ ਲਿਖ ਦਿੱਤੇ ਅਤੇ ਕਈ ਥਾਵਾਂ ਤੇ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਇਸ ਦਰਮਿਆਨ ਇਕ ਚੰਗੀ ਖਬਰ ਇਹ ਵੀ ਆਈ ਕਿ ਸਿੱਖਾਂ ਨੂੰ ਅਮਰੀਕੀ ਫੌਜ ਵਿਚ ਪੱਗੜੀ ਅਤੇ ਕੇਸ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ, ਪਰ ਸਿੱਖਾਂ ਤੇ ਹੋ ਰਹੇ ਨਸਲੀ ਹਮਲਿਆਂ ਨੂੰ ਸਰਕਾਰ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਰੋਕ ਨਹੀਂ ਪਾ ਰਹੀ। ਦਰਅਸਲ ਅਮਰੀਕਾ ਸਰਕਾਰ ਇਸ ਸਮੱਸਿਆ ਨੂੰ ਸਮਝਦੀ ਹੈ, ਇਸ ਕਰਕੇ ਇਸ ਤੋਂ ਬਚਾਅ ਲਈ ਕਾਫੀ ਸਮੇਂ ਤੋਂ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਪਰ ਇਸ ਦੇ ਬਾਵਜੂਦ ਅਮਰੀਕੀ ਸਮਾਜ ਫਿਲਹਾਲ ਸਿੱਖਾਂ ਅਤੇ ਮੁਸਲਿਮ ਫਿਰਕੇ ਵਿਚਕਾਰ ਫਰਕ ਸਮਝਣ ਦੇ ਯੋਗ ਨਹੀਂ ਹੋ ਸਕਿਆ ਹੈ। ਇਸੇ ਕਾਰਨ ਹੀ ਸਿੱਖਾਂ ਤੇ ਵਾਰ-ਵਾਰ ਹਮਲੇ ਹੋ ਰਹੇ ਹਨ।

ਅਮਰੀਕਾ ਕੌਮਾਂਤਰੀ ਅਰਥ ਵਿਵਸਥਾ ਦੀ ਧੁਰੀ ਹੈ। ਇਸਦੀ ਅਰਥ ਵਿਵਸਥਾ ਸੁਧਰਦੀ ਹੈ ਤਾਂ ਦੂਜੇ ਮੁਲਕਾਂ ਦਾ ਵੀ ਭਰੋਸਾ ਵਧਦਾ ਹੈ। ਅਮਰੀਕਾ ਦੇ ਕੇਂਦਰੀ ਬੈਂਕ ਫੈਡਰਲ ਰਿਜ਼ਰਵ ਦੁਆਰਾ 9 ਸਾਲ ਬਾਅਦ ਵਿਆਜ ਦਰਾਂ ਵਿਚ ਵਾਧੇ ਨੂੰ ਦੁਨੀਆਂ ਦੇ ਸਾਰੇ ਮੁਲਕ ਆਪਣੇ ਲਈ ਸਕਾਰਾਤਮਕ ਮੰਨ ਰਹੇ ਹਨ। ਕਾਰਨ? ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਅਮਰੀਕੀ ਅਰਥਚਾਰੇ ਪਟੜੀ ਤੇ ਆ ਰਿਹਾ ਹੈ। ਭਾਰਤੀ ਨਿਰਯਾਤ, ਖਾਸ ਤੌਰ ਤੇ ਸੂਚਨਾ ਤਕਨੀਕੀ ਖੇਤਰ ਦੇ ਲਈ ਇਹ ਚੰਗਾ ਸੰਕੇਤ ਹੈ।ਫੈਡਰਲ ਰਿਜ਼ਰਵ ਨੇ ਆਪਣੀ ਮੁੱਖ ਵਿਆਜ ਦਰ ਨੂੰ 0.25 ਪ੍ਰਤੀਸ਼ਤ ਵਧਾ ਕੇ 0.5 ਫੀਸਦੀ ਤੇ ਲਿਆ ਦਿੱਤਾ ਹੈ। ਇਸ ਤੋਂ ਪਹਿਲਾਂ ਕਰੀਬ ਸੱਤ ਸਾਲ ਤੱਕ ਇਹ ਦਰ ਜ਼ੀਰੋ ਤੋਂ 0.25 ਪ੍ਰਤੀਸ਼ਤ ਵਿਚਕਾਰ ਸਥਿਰ ਸੀ। ਹਾਲੇ ਸੋਚਣ ਤੇ ਬਹੁਤ ਹੀ ਅਜੀਬ ਲੱਗਣ ਵਾਲੇ ਇਸ ਠਹਿਰਾਅ ਦੀ ਸ਼ੁਰੂਆਤ 2008 ਦੇ ਵਿੱਤੀ ਸੰਕਟ ਦੇ ਵਕਤ ਹੋਈ ਸੀ, ਹਾਲਾਂਕਿ ਵਿਆਜ ਦਰਾਂ ਨੂੰ ਸਥਿਰ ਰੱਖਣ ਜਾਂ ਇਹਨਾਂ ਨੂੰ ਹੇਠਾਂ ਲਿਆਉਣ ਦਾ ਸਿਲਸਿਲਾ 2006 ਤੋਂ ਆਰੰਭ ਹੋ ਗਿਆ ਸੀ। ਫੈਡਰਲ ਰਿਜ਼ਰਵ ਦੀ ਮੁਖੀ ਜੈਨੇਟ ਯੇਲ ਦਾ ਕਹਿਣਾ ਹੈ ਕਿ ਇਹ ਫੈਸਲਾ ਆਮਦਨ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਅਤੇ ਨਵੇਂ ਰੁਜ਼ਗਾਰਾਂ ਦੀ ਸਿਰਜਣਾ ਲਈ ਕੀਤਾ ਗਿਆ ਹੈ।

ਆਰਥਿਕ ਸੰਕਟ ਖਤਮ ਹੋਣ ਤੋਂ ਬਾਅਦ ਕਈ ਹੋਰ ਵਿਕਸਤ ਦੇਸ਼ਾਂ ਨੇ ਵੀ ਅਜਿਹਾ ਕੀਤਾ, ਪਰ ਉਹਨਾਂ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ ਕਿਉਂਕਿ ਉਹ ਇਸਨੂੰ ਸੰਭਾਲ ਨਹੀਂ ਸਕੇ। ਭਾਰਤ ਸਮੇਤ ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ ਵਿਚ ਇਹ ਸਾਲ ਡਰਦੇ-ਡਰਦੇ ਹੀ ਬੀਤ ਗਿਆ ਕਿ ਅਮੀਕਾ ਦੀਆਂ ਵਿਆਜ ਦਰਾਂ ਦੇ ਵਧਣ ਨਾਲ ਕਿਤੇ ਪੂੰਜੀ ਪਲਾਇਨ ਵਰਗੀ ਸਥਿਤੀ ਨਾ ਪੈਦਾ ਹੋ ਜਾਵੇ। ਪਰ ਸ਼ੇਅਰ ਬਾਜ਼ਾਰਾਂ ਦਾ ਰੁਝਾਨ ਦੱਸਦਾ ਹੈ ਕਿ ਸਾਰੇ ਵਿਕਾਸਸ਼ੀਲ ਦੇਸ਼ ਇਸ ਸੰਕੇ ਤੋਂ ਪੂਰੀ ਤਰ੍ਹਾਂ ਉਭਰ ਚੁੱਕੇ ਹਨ। ਅਸਲ ਵਿਚ ਮੰਦੀ ਦੇ ਦੌਰ ਵਿਚ ਵਿਆਜ ਦਰਾਂ ਨੂੰ ਲੱਗਭੱਗ ਜ਼ੀਰੋ ਤੇ ਰੱਖ ਕੇ ਕਮਜ਼ੋਰ ਆਰਥਿਕ ਗਤੀਵਿਧੀਆਂ ਵਿਚ ਜਾਨ ਫੂਕਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸਤੋਂ ਘਰੇਲੂ ਮੰਗ ਪੈਦਾ ਹੋਈ ਅਤੇ ਰੋਜ਼ਗਾਰ ਦੇ ਮੌਕੇ ਵੀ ਔਸਤਨ ਵਧੇ ਹਨ। ਪਰ ਇਸਦਾ ਮਾੜਾ ਪਹਿਲੂ ਇਹ ਰਿਹਾ ਕਿ ਸਸਤੇ ਕਰਜ਼ੇ ਨੇ ਲੋਕਾਂ ਨੂੰ ਕਾਹਲੀ ਵਿਚ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ। ਲੋਕਾਂ ਨੇ ਅੱਖਾਂ ਬੰਦ ਕਰਕੇ ਆਪਣਾ ਪੈਸਾ ਕੰਮ-ਧੰਦਿਆਂ ਵਿਚ ਲਗਾਇਆ, ਜਿਸਦਾ ਨੁਕਸਾਨ ਵੀ ਹੋਇਆ।ਹੁਣ ਸਮੇਂ ਦੇ ਨਾਲ ਪਤਾ ਲੱਗੇਗਾ ਕਿ ਇਸ ਕਿਸਮ ਦੇ ਹੋਰ ਕਿੰਨੇ ਧੰਦਿਆਂ ਵਿਚ ਪੈਸੇ ਬਰਬਾਦ ਕੀਤੇ ਗਏ ਹਨ। ਠੋਸ ਬੁਨਿਆਦ ਹੀ ਠੋਸ ਅਰਥਚਾਰੇ ਦੀ ਨੀਂਹ ਹੁੰਦੀ ਹੈ।ਇਸ ਕਰਕੇ ਸੰਭਲ ਕੇ ਕਦਮ ਚੁੱਕਣ ਦੀ ਲੋੜ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 30



ਮੇਘ ਰਾਜ ਮਿੱਤਰ
+91-98887-87440

? ਆਤਮਾਵਾਂ ਕੀ ਹੁੰਦੀਆਂ ਹਨ।

* ਪ੍ਰਾਚੀਨ ਮਨੁੱਖ ਨੇ ਬਹੁਤ ਸਾਰੀਆਂ ਗੱਲਾਂ ਦੀ ਕਲਪਨਾ ਕੀਤੀ ਸੀ। ਉਹਨ੍ਹਾਂ ਵਿੱਚੋਂ ਕਾਫੀ ਗੱਲਾਂ ਅੱਜ ਦੇ ਵਿਗਿਆਨਕਾਂ ਨੇ ਝੂਠੀਆਂ ਸਿੱਧ ਕਰ ਦਿੱਤੀਆਂ ਹਨ। ਆਤਮਾ ਵੀ ਅਜਿਹੀ ਕਲਪਨਾ ਹੀ ਸੀ।

? ਮੰਨ ਲਓ ਕਿ ਤੁਸੀਂ ਪ੍ਰਧਾਨ ਮੰਤਰੀ ਬਣ ਗਏ ਫੇਰ ਕੀ-ਕੀ ਕੰਮ ਕਰੋਗੇ।

* ਕੋਈ ਵੀ ਤਰਕਸ਼ੀਲ ਉਸ ਸਮੇਂ ਤੱਕ ਪ੍ਰਧਾਨ ਮੰਤਰੀ ਨਹੀਂ ਬਣੇਗਾ ਜਦ ਤੱਕ ਉਸ ਦੀ ਜਥੇਬੰਦੀ ਜਾਂ ਪਾਰਟੀ ਲੋਕਾਂ ਵਿਚ ਆਪਣਾ ਅਧਾਰ ਨਹੀਂ ਬਣਾ ਲਵੇਗੀ। ਆਪਣੀ ਸਿਆਸੀ ਜਥੇਬੰਦੀ ਜਾਂ ਪਾਰਟੀ ਰਾਹੀਂ ਸਭ ਤੋਂ ਪਹਿਲਾਂ ਤਾਂ ਲੋਕਾਂ ਦੇ ਵਿਚ ਕੰਮ ਨਾ ਕਰਨ ਦੀ ਪ੍ਰਵਿਰਤੀ ਖਤਮ ਕੀਤੀ ਜਾਵੇਗੀ, ਉਸ ਤੋਂ ਬਾਅਦ ਬੇਈਮਾਨੀ, ਭ੍ਰਿਸ਼ਟਾਚਾਰ, ਰਿਸ਼ਵਤ ਖੋਰੀ ਖਤਮ ਕਰਨ ਬਾਰੇ ਮੁਹਿੰਮਾਂ ਲਾਮਬੰਦ ਕੀਤੀਆਂ ਜਾਣਗੀਆਂ, ਕ੍ਰਿਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਗਰੀਬੀ ਵਿਚ ਹੀ, ਸਾਫ਼ ਸੁਥਰੀ, ਸਿਹਤਮੰਦ ਅਤੇ ਸਤਿਕਾਰ ਯੋਗ ਜ਼ਿੰਦਗੀ ਜਿਉਣਾ ਸਿਖਾਉਣ ਲਈ ਮੁਹਿੰਮ ਵਿੱਢੀ ਜਾਵੇਗੀ। ਸਮੁੱਚੀ ਦੁਨੀਆਂ ਵਿਚੋਂ ਸਰਹੱਦਾਂ ਅਤੇ ਹਥਿਆਰ ਖਤਮ ਕਰਵਾਉਣ ਲਈ ਯਤਨ ਕੀਤੇ ਜਾਣਗੇ। ਆਬਾਦੀ ਨੂੰ ਕਾਬੂ ਵਿਚ ਰੱਖਣ ਲਈ ਪ੍ਰਚਾਰ ਦੇ ਨਾਲ ਸਖ਼ਤ ਕਾਨੂੰਨਾਂ ਦਾ ਸਹਾਰਾ ਵੀ ਲਿਆ ਜਾਵੇਗਾ। ਸਮੁੱਚੇ ਲੋਕਾਂ ਨੂੰ ਰੁਜ਼ਗਾਰ ਦਿਵਾਉਣ ਦੇ ਯਤਨ ਕੀਤੇ ਜਾਣਗੇ। ਪ੍ਰਜੀਵੀਆਂ ਤੇ ਵਿਹਲੜਾਂ ਨੂੰ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਵੇਗਾ।

? ਤਰਕਸ਼ੀਲ ਕੋਈ ਧਾਰਮਿਕ ਰਸਮ ਕੀਤਿਆਂ ਬਿਨਾਂ ਵਿਆਹ ਕਿਵੇਂ ਕਰਾਉਣ।

* ਤਰਕਸ਼ੀਲਾਂ ਨੂੰ ਵਿਆਹ ਕਰਵਾਉਣ ਸਮੇਂ ਕਿਸੇ ਦੇ ਧਰਮ ਦਾ ਸਹਾਰਾ ਨਹੀਂ ਲੈਣਾ ਚਾਹੀਦਾ। ਜੇ ਹੋ ਸਕੇ ਤਰਕਸ਼ੀਲਾਂ ਨੂੰ ਵਿਆਹ ਦੀਆਂ ਰਸਮਾਂ ਆਪਣੇ ਢੰਗਾਂ ਰਾਹੀਂ ਹੀ ਕਰਨੀਆਂ ਚਾਹੀਦੀਆਂ ਹਨ।

? ਕੀ ਗਾਂ, ਮੱਝ ਆਦਿ ਦਾ ਦੁੱਧ ਮਾਸਾਹਾਰੀ ਹੈ, ਕੀ ਮਨੁੱਖ ਵੱਲੋਂ ਇਸ ਨੂੰ ਵਰਤਣਾ ਜਾਇਜ਼ ਹੈ।

* ਮੱਝਾਂ ਅਤੇ ਗਾਵਾਂ ਦਾ ਦੁੱਧ ਬਹੁਤ ਸਾਰੇ ਪ੍ਰੋਟੀਨਾਂ ਅਤੇ ਵਿਟਾਮਿਨਾਂ ਦਾ ਸੋਮਾ ਹੈ। ਇਸ ਲਈ ਤੰਦਰੁਸਤ ਸਰੀਰ ਵਾਸਤੇ ਇਸ ਦੀ ਵਰਤੋਂ ਜ਼ਰੂਰੀ ਹੈ। ਦੁੱਧ ਵਿਚ ਮੱਝਾਂ ਅਤੇ ਗਾਵਾਂ ਦੀ ਚਰਬੀ ਦੇ ਕੁਝ ਅੰਸ਼ ਹੁੰਦੇ ਹਨ। ਇਸ ਲਈ ਦੁੱਧ ਨੂੰ ਵਿਗਿਆਨਕ ਨਜ਼ਰੀਏ ਤੋਂ ਸ਼ਾਕਾਹਾਰੀ ਨਹੀਂ ਕਿਹਾ ਜਾ ਸਕਦਾ।

? ਕੀ ਹਾਥੀ ਦੀ ਸੁੰਡ ਵਿੱਚ ਇੱਕ ਭੂਰੀ ਕੀੜੀ ਲੜਨ ਤੇ ਹਾਥੀ ਮਰ ਜਾਂਦਾ ਹੈ?

* ਇਸ ਗੱਲ ਵਿੱਚ ਬਹੁਤੀ ਸੱਚਾਈ ਨਹੀਂ। ਹਾਂ, ਭੂਰੀ ਕੀੜੀ ਦੁਆਰਾ ਵੱਢੀ ਗਈ ਦੰਦੀ ਨਾਲ ਉਸਦੀ ਲਾਰ ਵੀ ਹਾਥੀ ਦੇ ਖ਼ੂਨ ਵਿੱਚ ਸ਼ਾਮਲ ਹੋ ਜਾਂਦੀ ਹੈ। ਲਾਰ ਵਿੱਚ ਮੌਜੂਦ ਵਾਇਰਸ ਹਾਥੀ ਨੂੰ ਕੋਈ ਅਜਿਹੀ ਬਿਮਾਰੀ ਪੈਦਾ ਕਰ ਹੀ ਸਕਦਾ ਹੈ, ਜਿਸ ਨਾਲ ਉਹ ਮਰ ਵੀ ਸਕਦਾ ਹੈ।

? ਸੁੰਦਰਤਾ ਅਤੇ ਸ਼ਿੰਗਾਰ ਨਾਲ ਸਬੰਧਤ ਵਸਤਾਂ ਬਣਾਉਣ ਲਈ ਕੀ ਜਾਨਵਰਾਂ ਉੱਪਰ ਅੱਤਿਆਚਾਰ ਕੀਤੇ ਜਾਂਦੇ ਹਨ?

* ਜਿਵੇਂ ਜਾਨਵਰਾਂ ਦੀ ਚਮੜੀ ਦੇ ਕੋਟ, ਹੈਟ, ਜੁੱਤੀਆਂ, ਪਰਸ ਤੇ ਦਸਤਾਨੇ ਬਣਾਏ ਜਾਂਦੇ ਹਨ। ਇਸ ਲਈ ਇਹ ਸਾਰਾ ਕੁਝ ਪ੍ਰਾਪਤ ਕਰਨ ਲਈ ਜਾਨਵਰਾਂ ਨੂੰ ਮਾਰਿਆ ਜਾਂਦਾ ਹੈ।

? ਅਕਸਰ ਦੇਖਿਆ ਗਿਆ ਹੈ ਕਿ ਰਾਤ ਨੂੰ ਜਾਂ ਕਦੇ-ਕਦੇ ਦਿਨ ਨੂੰ ਵੀ ਕੁੱਤੇ ਲੰਬੀ ਆਵਾਜ਼ ਵਿਚ ਰੋਂਦੇ ਹੁੰਦੇ ਹਨ। ਕੁਝ ਲੋਕ ਕਹਿੰਦੇ ਹਨ ਕਿ ਇਸਦੇ ਰੋਣ ਦਾ ਕਾਰਨ ਨੇੜੇ-ਤੇੜੇ ਕਿਸੇ ਦੀ ਮੌਤ ਹੋਣਾ ਹੁੰਦਾ ਹੈ ਅਤੇ ਕੁੱਤੇ ਨੂੰ ਯਮਦੂਤ ਦਿਖਾਈ ਦਿੰਦੇ ਹਨ। ਕਿਰਪਾ ਕਰਕੇ ਵਿਸਥਾਰ ਨਾਲ ਦੱਸੋ ਕਿ ਕੁੱਤੇ ਦੇ ਰੋਣ ਦਾ ਅਸਲ ਕਾਰਨ ਕੀ ਹੁੰਦਾ ਹੈ।

* ਇਹ ਕੁੱਤਿਆਂ ਦਾ ਇੱਕ ਦੂਜੇ ਨਾਲ ਸੰਪਰਕ ਕਰਨ ਦਾ ਢੰਗ ਹੈ। ਇਸ ਵਿੱਚ ਕੋਈ ਸੱਚਾਈ ਨਹੀਂ ਕਿ ਕੁੱਤਿਆਂ ਨੂੰ ਕੋਈ ਯਮਦੂਤ ਆਦਿ ਦਿਖਾਈ ਦਿੰਦੇ ਹਨ।

? ਟਟੀਰੀ (ਟਟੀਹਰੀ) ਨਾਂ ਦਾ ਪੰਛੀ ਹੈ, ਉਹ ਕਿਸੇ ਵੀ ਦਰੱਖਤ 'ਤੇ ਕਿਉਂ ਨਹੀਂ ਬੈਠਦਾ?

* ਟਟੀਰੀ ਇੱਕ ਅਜਿਹਾ ਪੰਛੀ ਹੈ ਜਿਹੜਾ ਹਮੇਸ਼ਾ ਆਪਣੇ ਖੰਭਾਂ ਨੂੰ ਫੜਫੜਾਉਂਦਾਰੲਹਿੰਦਾ ਹੈ। ਇਹ ਆਪਣੇ ਆਂਡੇ ਉੱਚੀਆਂ ਥਾਵਾਂ ਜਾਂ ਲੁਕਵੀਆਂ ਥਾਵਾਂ ਤੇ ਦਿੰਦੇ ਹਨ। ਇਸ ਲਈ ਦਰੱਖਤਾਂ ਤੇ ਸ਼ਿਕਾਰੀ ਪੰਛੀਆਂ ਦੀ ਹੋਂਦ ਤੋਂ ਇਹ ਬਹੁਤ ਚੁਕੰਨੇ ਰਹਿੰਦੇ ਹਨ। ਇਸ ਲਈ ਇਹ ਆਮ ਤੌਰ 'ਤੇ ਦਰੱਖਤਾਂ ਤੇ ਪਹਿਰਾ ਦਿੰਦੇ ਹੀ ਨਜ਼ਰ ਆਉਂਦੇ ਹਨ।

? ਬਾਘ ਨੂੰ ਕਿਵੇਂ ਪਤਾ ਲੱਗਦਾ ਹੈ ਕਿ ਉਸਦੇ ਨੇੜੇ-ਤੇੜੇ ਕੋਈ ਹੈ? ਕੀ ਇਸ ਦਾ ਕਾਰਨ ਖ਼ੂਨ ਹੈ ਜਾਂ ਨਹੀਂ?

* ਇਹਨਾਂ ਦੀ ਸੁੰਘਣ ਸ਼ਕਤੀ ਜ਼ਿਆਦਾ ਹੁੰਦੀ ਹੈ। ਇਸ ਲਈ ਇਨ੍ਹਾਂ ਨੂੰ ਇਨ੍ਹਾਂ ਦੇ ਸ਼ਿਕਾਰ ਦਾ ਮੁਸ਼ਕ 'ਤੋਂ ਪਤਾ ਲੱਗ ਜਾਂਦਾ ਹੈ।

? ਉੱਲੂ ਨੂੰ ਰਾਤ ਨੂੰ ਹੀ ਕਿਉਂ ਦਿਖਾਈ ਦਿੰਦਾ ਹੈ ਦਿਨੇ ਕਿਉਂ ਨਹੀਂ।

* ਉੱਲੂਆਂ ਦੇ ਵੱਡੇ ਵਡੇਰੇ ਕਰੋੜਾਂ ਵਰ੍ਹਿਆਂ ਤੋਂ ਗੁਫਾਵਾਂ ਵਿੱਚ ਰਹਿਣ ਦੇ ਆਦੀ ਹੋ ਗਏ ਸਨ। ਇਸ ਲਈ ਵੱਧ ਰੌਸ਼ਨੀ ਉਹਨਾਂ ਦੀਆਂ ਅੱਖਾਂ ਬੰਦ ਕਰ ਦਿੰਦੀ ਹੈ। ਇਸ ਲਈ ਉਹਨਾਂ ਨੂੰ ਦਿਨੇ ਦਿਖਾਈ ਨਹੀਂ ਦਿੰਦਾ। ਜਦੋਂ ਅਸੀਂ ਕਿਸੇ ਸਿਨੇਮਾ ਹਾਲ ਵਿਚੋਂ ਦਿਨ ਵੇਲੇ ਪਿਕਚਰ ਵੇਖ ਕੇ ਬਾਹਰ ਨਿਕਲਦੇ ਹਾਂ ਤਾਂ ਸਾਡੀਆਂ ਅੱਖਾਂ ਬਾਹਰਲੀ ਤੇਜ ਰੌਸ਼ਨੀ ਕਾਰਨ ਚੁੰਧਿਆ ਜਾਂਦੀਆਂ ਹਨ। ਇਸੇ ਤਰ੍ਹਾਂ ਹੀ ਉੱਲੂਆਂ ਨਾਲ ਵਾਪਰਦਾ ਹੈ।

? ਸੱਪ ਆਪਣੀ ਕੰਜ਼ ਕਿਵੇਂ ਉਤਾਰਦਾ ਹੈ?

* ਸੱਪ ਜ਼ਮੀਨ ਤੇ ਸਰਕ ਕੇ ਸਫਰ ਕਰਦਾ ਹੈ। ਇਸ ਤਰ੍ਹਾਂ ਉਸਦੀ ਚਮੜੀ ਥੱਲੇ ਤੋਂ ਫਟ ਜਾਂਦੀ ਹੈ। ਇਸਨੂੰ ਬਦਲਣਾ ਸੱਪਾਂ ਦੀ ਲੋੜ ਹੁੰਦੀ ਹੈ। ਨਵੀਂ ਚਮੜੀ ਪੁਰਾਣੀ ਦੇ ਥੱਲੇ ਹੀ ਬਣਨੀ ਸ਼ੁਰੂ ਹੋ ਜਾਂਦੀ ਹੈ। ਜਦੋਂ ਇਹ ਪੂਰੀ ਤਰ੍ਹਾਂ ਤਿਆਰ ਹੋ ਜਾਂਦੀ ਹੈ ਤਾਂ ਸੱਪ ਦੇ ਸਰੀਰ ਵਿੱਚੋਂ ਇੱਕ ਰਸ ਨਿਕਲਦਾ ਹੈ।

ਜਿਹੜਾ ਦੋਹਾਂ ਚਮੜੀਆਂ ਦੇ ਵਿਚਕਾਰ ਆ ਜਾਂਦਾ ਹੈ ਤੇ ਇਹ ਤੇਲ ਦੀ ਤਰ੍ਹਾਂ ਚੀਕਣਾ ਹੁੰਦਾ ਹੈ। ਇਸ ਨਾਲ ਸੱਪ ਨੂੰ ਕੁਝ ਦਿਨ ਲਈ ਧੁੰਦਲਾ ਦਿਖਾਈ ਦੇਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਸੱਪ ਇਹਨਾਂ ਦਿਨਾਂ ਵਿੱਚ ਲੁਕ ਕੇ ਆਪਣੇ ਮੂੰਹ ਵਾਲੇ ਪਾਸੇ ਤੋਂ ਪੁਰਾਣੀ ਚਮੜੀ ਨੂੰ ਉਲਟਾ ਲੈਂਦਾ ਹੈ। ਇਸ ਤਰ੍ਹਾਂ ਇਹ ਇਸ ਵਿੱਚੋਂ ਪੂਰੀ ਤਰ੍ਹਾਂ ਨਿਕਲ ਜਾਂਦਾ ਹੈ।

? ਅਸੀਂ ਆਪ ਜੀ ਦੀਆਂ ਕਿਤਾਬਾਂ ਵਿਚੋਂ ਪੜ੍ਹਿਆ ਹੈ ਕਿ 20ਗ ਸੱਪ ਜ਼ਹਿਰੀਲੇ ਹੁੰਦੇ ਹਨ ਕੀ ਜੇ ਕਿਸੇ ਨੂੰ ਬਿਨਾਂ ਜ਼ਹਿਰ ਵਾਲਾ ਸੱਪ ਕੱਟੇ, ਤੇ ਡਾਕਟਰ ਉਸ ਦੇ ਜ਼ਹਿਰ ਦਾ ਟੀਕਾ ਲਾ ਦੇਣ। (ਜਿਵੇਂ ਕਿ ਕਹਿੰਦੇ ਹਨ ਕਿ ਜ਼ਹਿਰ ਨੂੰ ਜ਼ਹਿਰ ਮਾਰਦਾ ਹੈ। ਇਸ ਲਈ ਡਾਕਟਰ ਜ਼ਹਿਰ ਦਾ ਟੀਕਾ ਲਾਉਂਦੇ ਹਨ।) ਤਾਂ ਫੇਰ ਕੀ ਉਹ ਬੰਦਾ ਮਰ ਜਾਂਦਾ ਹੈ? ਜੇ ਨਹੀਂ ਤਾਂ ਕਿਉਂ?

* ਸੱਪ ਜ਼ਹਿਰੀਲਾ ਨਾ ਹੋਣ ਦੀ ਸੂਰਤ ਵਿੱਚ ਐਂਟੀ ਵੈਨਮ ਇੰਜੈਕਸ਼ਨ ਲੱਗ ਜਾਣ ਦਾ ਕੋਈ ਨੁਕਸਾਨ ਤਾਂ ਇਸ ਕਰਕੇ ਨਹੀਂ ਹੁੰਦਾ ਕਿਉਂਕਿ ਵਿਅਕਤੀ ਡਾਕਟਰਾਂ ਦੀ ਦੇਖ ਰੇਖ ਵਿੱਚ ਹੁੰਦਾ ਹੈ ਜੇ ਉਹਨਾਂ ਨੂੰ ਲੱਗਦਾ ਹੈ ਕਿ ਜ਼ਹਿਰ ਦਾ ਅਸਰ ਮਾਰੂ ਹੋ ਰਿਹਾ ਹੈ ਤਾਂ ਉਹ ਦਵਾਈਆਂ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੰਦੇ ਹਨ।

# ਲੋਕਾਂ ਦੇ ਨਾਂ

ਮੇਘ ਰਾਜ ਮਿੱਤਰ

**ਮੇਰੇ ਪੰਜਾਬ ਦੇ ਪਿਆਰੇ ਲੋਕੋ,**

ਪਿਛਲੇ 31 ਵਰ੍ਹਿਆਂ ਤੋਂ ਅਸੀਂ ਲਗਾਤਾਰ ਇਸ ਗੱਲ ਲਈ ਜੂਝਦੇ ਆ ਰਹੇ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਗ਼ਰੀਬੀ ਤੇ ਅੰਧਵਿਸ਼ਵਾਸੀ ਦਲਦਲ ਵਿਚੋਂ ਬਾਹਰ ਕੱਢਿਆ ਜਾ ਸਕੇ। ਇਸ ਕੰਮ ਲਈ ਸਾਨੂੰ ਧਮਕੀਆਂ ਵੀ ਮਿਲੀਆਂ ਹਨ ਤੇ ਸਾਨੂੰ ਜਨਤਕ ਤੌਰ 'ਤੇ ਜ਼ਲੀਲ ਕਰਨ ਦੇ ਯਤਨ ਕੀਤੇ ਗਏ ਤੇ ਵੱਡੀ ਮਾਤਰਾ ਵਿਚ ਕੇਸਾਂ ਤੇ ਗਾਲ੍ਹਾਂ ਦਾ ਸਾਹਮਣਾ ਵੀ ਕਰਨਾ ਪਿਆ ਹੈ। ਬਹੁਤ ਸਾਰੀਆਂ ਕਿਤਾਬਾਂ ਦੇ ਲੇਖਕ ਤੇ ਪਾਠਕ ਹੋਣ ਦੇ ਬਾਵਜੂਦ ਸਾਨੂੰ ਲੁਟੇਰੇ ਰਾਜਨੀਤਕ ਆਗੂਆਂ ਤੇ ਗਿਆਨਹੀਣ ਸਾਧਾਂ-ਸੰਤਾਂ ਤੋਂ ਹੇਠਾਂ ਰੱਖਣ ਦਾ ਯਤਨ ਕੀਤਾ ਗਿਆ ਹੈ। ਜਦੋਂ ਅਸੀਂ ਇਸ ਗੱਲ ਦੀ ਪੜਤਾਲ ਵਿਚ ਪੈਂਦੇ ਹਾਂ ਕਿ ਸਾਡੇ ਐਨੇ ਸਾਰੇ ਸੁਹਿਰਦ ਯਤਨਾਂ ਦੇ ਬਾਵਜੂਦ ਅਸੀਂ ਨਾਂ ਤਾਂ ਗ਼ਰੀਬ-ਅਮੀਰ ਵਿਚ ਪਾੜਾ ਅਤੇ ਨਾ ਹੀ ਅੰਧਵਿਸ਼ਵਾਸਾਂ ਨੂੰ ਘੱਟ ਨਹੀਂ ਕਰ ਸਕੇ ਹਾਂ ਤਾਂ ਸਾਨੂੰ ਇਹ ਗੱਲ ਦਿਨ ਦੇ ਚਾਨਣ ਵਾਂਗ ਸਪੱਸ਼ਟ ਹੋ ਜਾਂਦੀ ਹੈ ਕਿ ਕੁੱਤੀ ਚੋਰਾਂ ਨਾਲ ਮਿਲੀ ਹੋਈ ਹੈ। ਯਾਨੀ ਕਿ ਮੌਜੂਦਾ ਹਾਕਮ ਪਾਰਟੀਆਂ ਵੋਟਾਂ ਦੀ ਖ਼ਾਤਰ ਸਾਧਾਂ-ਸੰਤਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਟੈਲੀਵਿਜ਼ਨ ਚੈਨਲਾਂ 'ਤੇ ਨਜ਼ਰ ਆਉਂਦੇ ਸੈਂਕੜੇ ਸਾਧ-ਸੰਤ ਤੇ ਜੋਤਿਸ਼ੀ ਇਸ ਦੀ ਨੰਗੀ ਚਿੱਟੀ ਉਦਾਹਰਣ ਹਨ। ਅੰਗਰੇਜ਼ਾਂ ਦੇ ਕੱਢੇ ਜਾਣ ਤੋਂ ਬਾਅਦ ਬਜਟ ਦਾ ਬਹੁਤਾ ਹਿੱਸਾ ਕਿਸੇ ਨਾ ਕਿਸੇ ਰੂਪ ਵਿਚ ਇਹਨਾਂ ਪਿਛਾਂਹ-ਖਿੱਚੂ ਕੰਮਾਂ 'ਤੇ ਖ਼ਰਚਿਆ ਜਾਂਦਾ ਹੈ। ਅਜਿਹੇ ਕਾਰਨਾਂ ਕਰਕੇ ਲੋਕਾਂ ਦੀ ਹਾਲਤ ਦਿਨੋਂ-ਦਿਨ ਮਾੜੀ ਹੁੰਦੀ ਜਾ ਰਹੀ ਹੈ। ਸੋ ਗ਼ਰੀਬੀ ਤੇ ਅੰਧਵਿਸ਼ਵਾਸ ਉਨ੍ਹਾਂ ਚਿਰ ਖ਼ਤਮ ਨਹੀਂ ਕੀਤੇ ਜਾ ਸਕਦੇ, ਜਿਨ੍ਹਾਂ ਚਿਰ ਇੱਥੇ ਕਿਸੇ ਨਾ ਕਿਸੇ ਰੂਪ ਵਿਚ ਸਤ੍ਹਾ 'ਤੇ ਕਾਬਜ਼ ਨਹੀਂ ਹੋਇਆ ਜਾਂਦਾ।

ਸੱਤਾ 'ਤੇ ਕਾਬਜ਼ ਹੋਣ ਦੇ ਦੋ ਹੀ ਢੰਗ ਹਨ। ਇਕ, ਹਥਿਆਰਬੰਦ ਜੱਦੋ-ਜਹਿਦ ਤੇ ਦੂਜਾ, ਵੋਟ ਪ੍ਰਣਾਲੀ ਰਾਹੀਂ। ਹਥਿਆਰਬੰਦ ਢੰਗ ਦਾ ਰਸਤਾ ਬਹੁਤ ਹੀ ਔਖਾ ਤੇ ਲੰਮੇਰਾ ਹੈ। ਇਸ ਦਾ ਮਤਲਬ ਜਨਤਾ ਨੂੰ ਲੰਮੇ ਸਮੇਂ ਵਾਸਤੇ ਅੰਧਵਿਸ਼ਵਾਸੀ ਦਲਦਲ ਵਿਚ ਰਹਿਣ ਦਿੱਤਾ ਜਾਵੇ ਤੇ ਇਸ ਦੀਆਂ ਹਾਲਤਾਂ ਹੋਰ ਮਾੜੀਆਂ ਕਰ ਦਿੱਤੀਆਂ ਜਾਣ। ਸਾਨੂੰ ਇਹ ਵੀ ਪਤਾ ਹੈ ਕਿ ਵੋਟ ਪ੍ਰਣਾਲੀ ਰਾਹੀਂ ਵੀ ਹਾਕਮ ਪਾਰਟੀਆਂ ਨੇ ਸੁਖਾਲੇ ਹੀ ਪਾਸੇ ਨਹੀਂ ਹਟ ਜਾਣਾ। ਸਗੋਂ ਉਹਨਾਂ ਨੇ ਇਸ ਸਾਧ-ਸੰਤ ਲਾਣੇ ਅਤੇ ਪੈਸਿਆਂ ਰਾਹੀਂ ਵੋਟਰਾਂ ਨੂੰ ਵੱਧ ਤੋਂ ਵੱਧ ਭਰਮਾਉਣਾ ਤੇ ਵਰਗਲਾਉਣਾ ਹੈ। ਪਰ ਸਾਨੂੰ ਉਮੀਦ ਹੈ ਕਿ ਅਸੀਂ ਆਪਣੀਆਂ ਯੋਜਨਾਵਾਂ ਅਤੇ ਸੁਹਿਰਦ ਯਤਨਾਂ ਰਾਹੀਂ ਇਹਨਾਂ ਨੂੰ ਖੂੰਜੇ ਲਾ ਸਕਾਂਗੇ। ਇਸ ਕੰਮ ਲਈ ਸੱਭ ਤੋਂ ਪਹਿਲਾਂ ਤਾਂ ਇੱਕ ਸਿਆਸੀ ਪਾਰਟੀ ਉਸਾਰਨ ਦੀ ਲੋੜ ਪਵੇਗੀ, ਜਿਸ ਦੇ ਕੁੱਝ ਸਪੱਸ਼ਟ ਉਦੇਸ਼ ਹੋਣਗੇ।

**ਉਦੇਸ਼**

1) ਪੰਜਾਬ ਦੇ ਹਰੇਕ ਵਸਨੀਕ ਲਈ ਰੱਜਵੀਂ ਰੋਟੀ, ਪਹਿਨਣ ਲਈ ਕੱਪੜੇ ਤੇ ਰਹਿਣ ਲਈ ਵਧੀਆ ਘਰਾਂ ਦਾ ਪ੍ਰਬੰਧ ਕਰਨਾ। ਸੱਤਾ ਵਿਚ ਆਉਣ ਦੇ ਪਹਿਲੇ ਪੰਜ ਸਾਲਾਂ ਵਿੱਚ ਇਹ ਉਦੇਸ਼ ਪੂਰਾ ਕੀਤਾ ਜਾਵੇਗਾ। ਇਹ ਕੰਮ ਸਮੂਹ ਅਮੀਰ-ਗ਼ਰੀਬ ਲੋਕਾਂ ਦੀ ਸ਼ਮੂਲੀਅਤ ਨਾਲ ਹੀ ਨੇਪਰੇ ਚਾੜ੍ਹਿਆ ਜਾਵੇਗਾ।

2) ਹਰੇਕ ਵਿਅਕਤੀ ਲਈ ਸਨਮਾਨ ਵਾਲੀ ਜ਼ਿੰਦਗੀ ਦੀ ਗਾਰੰਟੀ ਦਿੱਤੀ ਜਾਵੇਗੀ। ਕਿਸੇ ਵੀ ਗ਼ਰੀਬ ਨੂੰ ਕੋਈ ਅਮੀਰ ਧੌਂਸ ਨਹੀਂ ਵਿਖਾ ਸਕੇਗਾ। ਇਸ ਕੰਮ ਲਈ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।

3) ਸਾਰੇ ਲੋਕਾਂ ਲਈ ਰੁਜ਼ਗਾਰ ਦੇ ਵਸੀਲੇ ਮੁਹੱਈਆ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ।

4) ਹਰੇਕ ਵਿਅਕਤੀ ਦੀ ਸਿਹਤ ਦਾ ਸਾਰਾ ਖ਼ਰਚਾ ਸਰਕਾਰ ਚੁੱਕੇਗੀ।

5) ਪੰਜਾਬ ਵਿਚ ਅਨਪੜ੍ਹਤਾ ਨੂੰ ਖ਼ਤਮ ਕਰਨ ਲਈ ਹਰ ਸਾਖ਼ਰ ਹੋਣ ਯੋਗ ਵਿਅਕਤੀ ਨੂੰ ਸਾਖ਼ਰ ਕੀਤਾ ਜਾਵੇਗਾ।

6) ਰਿਸ਼ਵਤਖੋਰੀ ਨੂੰ ਰੋਕਣ ਲਈ ਰਿਸ਼ਵਤਾਂ ਲਈ ਪ੍ਰਸਿੱਧ ਦਫ਼ਤਰਾਂ ਵਿਚ ਨਿਗਰਾਨ ਕਮੇਟੀਆਂ ਬਣਾਈਆਂ ਜਾਣਗੀਆਂ। ਸਬੰਧਤ ਦਫ਼ਤਰ ਦਾ ਮੁਖੀ ਉਸ ਕਮੇਟੀ ਅੱਗੇ ਜਵਾਬਦੇਹ ਹੋਵੇਗਾ।

7) ਸਰਕਾਰੀ ਥਾਵਾਂ ਉੱਤੇ ਧਾਰਮਿਕ ਸਥਾਨਾਂ ਦੀ ਉਸਾਰੀ 'ਤੇ ਪਾਬੰਦੀ ਹੋਵੇਗੀ। ਧਾਰਮਿਕ ਸਥਾਨ ਮੌਜੂਦਾ ਹਾਲਤਾਂ ਵਿਚ ਕਾਇਮ ਰਹਿਣਗੇ। ਲੋਕ ਆਪਣੀ ਸ਼ਰਧਾ ਅਨੁਸਾਰ ਇਹਨਾਂ ਵਿੱਚ ਜਾਂਦੇ ਰਹਿਣਗੇ। ਪਰ ਪੁਜਾਰੀ ਵਰਗ ਲਈ ਕਿਰਤ ਕਰਕੇ ਹੀ ਖਾਣਾ ਲਾਜ਼ਮੀ ਹੋਵੇਗਾ। ਆਸਤਿਕਾਂ ਤੇ ਨਾਸਤਿਕਾਂ ਨੂੰ ਆਪਣੇ ਵਿਸ਼ਵਾਸ ਅਨੁਸਾਰ ਜਿਉਣ ਦੇ ਬਰਾਬਰ ਹੱਕ ਹੋਣਗੇ।

8) ਕਿਸੇ ਵੀ ਵਿਅਕਤੀ ਦੀ ਨਿੱਜੀ ਜ਼ਿੰਦਗੀ ਵਿਚ ਕਿਸੇ ਦੂਸਰੇ ਨੂੰ ਦਖ਼ਲ-ਅੰਦਾਜ਼ੀ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ।

9) ਹਰੇਕ ਵਿਅਕਤੀ ਲਈ ਲੋੜੀਂਦੇ ਫਲ, ਸਬਜ਼ੀਆਂ, ਦੁੱਧ, ਅਨਾਜਾਂ ਅਤੇ ਦਾਲਾਂ ਆਦਿ ਦੀ ਕਾਸ਼ਤ ਦਾ ਬੰਦੋਬਸਤ ਕਰਵਾਉਣਾ ਸਰਕਾਰ ਦੀ ਜ਼ੁੰਮੇਵਾਰੀ ਹੋਵੇਗੀ।

10) ਕਿਸੇ ਵੀ ਵਿਅਕਤੀ ਦੀ ਜਾਇਦਾਦ ਖੋਹੀ ਨਹੀਂ ਜਾਵੇਗੀ, ਸਗੋਂ ਉਸਨੂੰ ਪੰਜਾਬ ਦੀ ਉੱਨਤੀ ਦਾ ਇੱਕ ਹਿੱਸੇਦਾਰ ਬਣਾਇਆ ਜਾਵੇਗਾ।

11) ਅਦਾਲਤੀ ਕੰਮਾਂ ਨੂੰ ਘਟਾਉਣ ਲਈ ਜਨਤਕ ਕਮੇਟੀਆਂ ਬਣਾਈਆਂ ਜਾਣਗੀਆਂ, ਜਿਹੜੀਆਂ ਚੱਲ ਰਹੇ ਬਹੁਤੇ ਮੁਕੱਦਮਿਆਂ ਨੂੰ ਪਿੰਡ ਅਤੇ ਵਾਰਡ ਪੱਧਰ 'ਤੇ ਹੀ ਸਮੇਟ ਦੇਣਗੀਆਂ।

12) ਸਰਕਾਰ ਅਸਲ ਮਾਅਨਿਆਂ ਵਿਚ ਲੋਕ ਹਿਤੈਸ਼ੀ ਹੋਵੇਗੀ। ਇਸ ਲਈ ਇਹ ਯਤਨ ਕੀਤਾ ਜਾਵੇਗਾ ਕਿ ਸਾਰੇ ਸਰਕਾਰੀ ਮੁਲਾਜ਼ਮ ਆਪਣੇ ਪਸੰਦੀਦਾ ਸਟੇਸ਼ਨਾਂ 'ਤੇ ਨਿਯੁਕਤ ਹੋਣ ਅਤੇ ਉਹਨਾਂ ਦੇ ਡਿਊਟੀ ਦੇ ਘੰਟੇ ਘਟਾ ਕੇ ਹੋਰਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ।

13) ਸਾਰੇ ਬਜ਼ੁਰਗਾਂ ਦੀਆਂ ਖਾਣ-ਪੀਣ, ਦਵਾਈ, ਰਿਹਾਇਸ਼ੀ ਜ਼ਰੂਰਤਾਂ ਦੇ ਨਾਲ-ਨਾਲ ਉਹਨਾਂ ਲਈ ਕੁੱਝ ਨਾ ਕੁੱਝ ਪੈਨਸ਼ਨ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

14) ਹਰੇਕ ਦੁਕਾਨਦਾਰ ਲਈ ਇਹ ਜ਼ਰੂਰੀ ਹੋਵੇਗਾ ਕਿ ਉਸ ਨੇ ਕਿੰਨੇ ਫ਼ੀਸਦੀ ਮੁਨਾਫ਼ਾ ਵੱਧ ਤੋਂ ਵੱਧ ਕਮਾਉਣਾ ਹੈ।

15) ਹਰੇਕ ਪਿੰਡ ਤੇ ਸ਼ਹਿਰ ਵਿਚ ਸੱਭਿਆਚਾਰਕ ਗਤੀਵਿਧੀਆਂ, ਟੂਰਨਾਮੈਂਟ ਨੂੰ ਹੁੰਗਾਰਾ ਦੇਣ ਲਈ ਕਮੇਟੀਆਂ ਤੇ ਟੀਮਾਂ ਦਾ ਗਠਨ ਕੀਤਾ ਜਾਵੇਗਾ।

16) ਹਰੇਕ ਪਿੰਡ ਤੇ ਸ਼ਹਿਰ ਵਿਚ ਕਸਰਤਾਂ ਲਈ ਜਿਮ, ਖਾਣ-ਪੀਣ, ਖੇਡਣ ਤੇ ਸਮਾਗਮਾਂ ਲਈ ਕਮਿਊਨਿਟੀ ਸੈਂਟਰ ਕਾਇਮ ਕੀਤੇ ਜਾਣਗੇ।

17) ਵਿੱਦਿਆ ਤੇ ਧਰਮ ਦਾ ਕੋਈ ਸੁਮੇਲ ਨਹੀਂ ਹੋਵੇਗਾ। ਸਮੂਹ ਵਿਗਿਆਨਕ ਅਦਾਰੇ ਬਗ਼ੈਰ ਕਿਸੇ ਜਾਤ-ਪਾਤ

**(ਬਾਕੀ ਸਫਾ 17 ਤੇ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ 16ਵਾਂ ਇਨਾਮ ਵੰਡ ਸਮਾਰੋਹ ਸੰਪੂਰਨ









**ਨਾਂਦੇੜ (ਮਹਾਰਾਸ਼ਟਰ)–** ਪੰਜਾਬੀ ਪ੍ਰਮੋਸ਼ਨ ਫੋਰਮ ਦਿੱਲੀ ਵੱਲੋਂ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ ਹਰ ਸਾਲ ਦੀ ਤਰ੍ਹਾਂ ਇਸ 16ਵੇਂ ਵਰ੍ਹੇ ਵੀ ਪੰਜਾਬੀ ਭਾਸ਼ਾ ਦੇ ਮੁਫਤ ਸਿਖਲਾਈ ਕੈਂਪਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਨਾਂਦੇੜ ਸ਼ਹਿਰ ਦੇ ਵੱਖ ਵੱਖ ਸਕੂਲਾਂ, ਕਾਲਜਾਂ, ਕਾਲੋਨੀਆਂ ਤੇ ਹੋਸਟਲਾਂ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੇ ਸਿੱਖਿਆਰਥੀਆਂ ਨੇ ਲੱਗਭੱਗ 500 ਤੋਂ ਵੱਧ ਗਿਣਤੀ ਵਿਚ ਭਾਗ ਲੈ ਕੇ ਪੰਜਾਬੀ ਭਾਸ਼ਾ ਨੂੰ ਸਿੱਖਣ ਪ੍ਰਤੀ ਚਾਅ ਕਾਬਲੇ ਤਾਰੀਫ ਸੀ।


ਕੈਂਪ ਦੇ ਅਖੀਰ ਵਿਚ ਫੋਰਮ ਵੱਲੋਂ ਬੱਚਿਆਂ ਪਾਸੋਂ ਲਿਖਤ ਤੇ ਜਬਾਨੀ ਪ੍ਰੀਖਿਆ ਲਈ ਗਈ, ਜਿਸ ਵਿਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਆਪਣੀ ਵਿਦਵਤਾ ਦਾ ਪ੍ਰਮਾਣ ਦਿੱਤਾ। ਫੋਰਮ ਵੱਲੋਂ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਸਾਲਾਨਾ ਇਨਾਮ-ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੌਰਾਨ ਫੋਰਮ ਵੱਲੋਂ ਵੱਖ-ਵੱਖ ਸ਼ਖਸੀਅਤਾਂ ਦੇ ਨਾਂ ਤੇ ਐਵਾਰਡ, ਗੋਲਡ ਮੈਡਲ, ਟ੍ਰਾਫੀਆਂ ਆਦਿ ਬੱਚਿਆਂ ਨੂੰ ਕੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਬੱਚਿਆਂ 'ਚ ਐਵਾਰਡ ਜੇਤੂ ਹਰਵਿੰਦਰ ਕੌਰ, ਰਾਜਾਨੰਦ ਸਿੰਘ ਨੂੰ ਸਰਬ ਪੱਖੀ ਸਰਵੋਤਮ ਵਿਦਿਆਰਥਣ ਤੇ ਵਿਦਿਆਰਥੀ ਦਾ ਐਵਾਰਡ ਦਿੱਤਾ ਗਿਆ। ਕਾਕਾ ਕ੍ਰਿਸ਼ਨਾ, ਚਾਂਦਨੀ ਖਾਤੁਨ ਨੂੰ ਸੰਤ ਬਾਬਾ ਈਸ਼ਰ ਸਿੰਘ ਜੀ ਅਤੇ ਬਾਬਾ ਹਜ਼ੂਰਾ ਸਿੰਘ ਜੀ ਮੈਮੋਰੀਅਲ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਅਨੁਪ੍ਰੀਤ ਕੌਰ, ਪ੍ਰਤੀਮਾ, ਆਰਤੀ, ਰੇਵਤੀ, ਅਰਵਿੰਦ ਸਿੰਘ, ਸ਼ਰੇਯਾ, ਸ਼ਮਾ ਰਫਿਕ, ਸੰਧਿਆ ਚੌਹਾਨ ਤੇ ਅਧਿਆਪਕਾ ਮੋਹਨੀ ਆਦਿ ਨੂੰ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਵਿਸ਼ੇਸ਼ ਐਵਾਰਡ ਸਰਦਾਰਨੀ ਮਹਿੰਦਰ ਕੌਰ ਮੈਮੋਰੀਅਲ ਐਵਾਰਡ, ਸਰਦਾਰਨੀ ਸੁਰਿੰਦਰ ਕੌਰ, ਸਰੂਪ ਸਿੰਘ ਮੈਮੋਰੀਅਲ ਐਵਾਰਡ, ਸ. ਹਰਬੰਸ ਸਿੰਘ ਅਯੂਰ ਮੈਮੋਰੀਅਲ ਐਵਾਰਡ, ਸ. ਹੀਰਾ ਸਿੰਘ ਮੈਮੋਰੀਅਲ ਐਵਾਰਡ ਦਿੱਤੇ ਗਏ।

# ਕਰੀਮਪੁਰੀ ਦੀ ਡੇਰਾ ਬਿਆਸ ਨਾਲ ਬੰਦ ਕਮਰਾ ਮੀਟਿੰਗ



**ਜਲੰਧਰ–** ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਅੱਧਾ ਘੰਟਾ ਬੰਦ ਕਮਰਾ ਮੀਟਿੰਗ ਕੀਤੀ। ਹਾਲਾਂਕਿ ਇਸ ਮੀਟਿੰਗ ਦੇ ਵੇਰਵਿਆਂ ਬਾਰੇ ਅਧਿਕਾਰਿਤ ਤੌਰ 'ਤੇ ਤਾਂ ਕੋਈ ਖੁਲਾਸਾ ਨਹੀਂ ਕੀਤਾ ਜਾ ਰਿਹਾ ਪਰ ਇਸ ਮੀਟਿੰਗ ਨੂੰ ਸਾਲ 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਡੇਰਾ ਬਿਆਸ ਦੇ ਮੁਖੀ ਨਾਲ ਹੋਈ ਇਸ ਮੀਟਿੰਗ ਦੀ ਪੁਸ਼ਟੀ ਕਰਦਿਆਂ ਬਸਪਾ ਪਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਦੱਸਿਆ ਕਿ ਪੰਜਾਬ ਦਾ ਡੇਰਾ ਬਿਆਸ ਸਮੁੱਚੀ ਦੁਨੀਆ ਵਿਚ ਬਹੁਤ ਹੀ ਸਤਿਕਾਰਿਆ ਜਾਂਦਾ ਹੈ। ਇਹ ਡੇਰਾ ਵੀ ਨਸ਼ਾ ਵਿਰੋਧੀ ਮੁਹਿੰਮ ਚਲਾ ਰਿਹਾ ਹੈ ਤੇ ਬਸਪਾ ਵੀ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਦ੍ਰਿੜ੍ਹਤਾ ਨਾਲ ਲੱਗੀ ਹੋਈ ਹੈ। ਬਸਪਾ ਹਮੇਸ਼ਾ ਹੀ ਸਮਾਜ ਵਿਚ ਹੋਣ ਵਾਲੇ ਚੰਗੇ ਕੰਮਾਂ ਦਾ ਸਾਥ ਦਿੰਦੀ ਆ ਰਹੀ ਹੈ। ਕਰੀਮਪੁਰੀ ਨੇ ਦੱਸਿਆ ਕਿ ਉਹ ਬਾਬਾ ਜੀ ਤੋਂ ਆਸ਼ੀਰਵਾਦ ਲੈਣ ਲਈ ਸ਼ਰਧਾ ਸਤਿਕਾਰ ਨਾਲ ਗਏ ਸਨ।

ਜ਼ਿਕਰਯੋਗ ਹੈ ਕਿ ਡੇਰਾ ਬਿਆਸ ਦਾ ਪੰਜਾਬ ਵਿਚ ਤਕੜਾ ਪ੍ਰਭਾਵ ਹੈ। ਹਾਲਾਂਕਿ ਡੇਰੇ ਵੱਲੋਂ ਕਦੇ ਵੀ ਖੁੱਲ੍ਹ ਕੇ ਕਿਸੇ ਵੀ ਰਾਜਨੀਤਿਕ ਪਾਰਟੀ ਦਾ ਸਮਰਥਨ ਨਹੀਂ ਕੀਤਾ ਜਾਂਦਾ ਪਰ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਆਗੂ ਡੇਰਾ ਬਿਆਸ ਜਾਣ ਨੂੰ ਕਾਫੀ ਪ੍ਰਮੁੱਖਤਾ ਦਿੰਦੇ ਆ ਰਹੇ ਹਨ।





## ਮੋਦੀ ਸਰਕਾਰ ਵਿਚ ਕਿੰਨੇ ਪੁਰਾਣੇ ਕਾਂਗਰਸੀ ਅਤੇ ਕਿੰਨੇ ਹਨ ਭਾਜਪਾਈ ਐਮ. ਪੀ.

ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਵਰਤਮਾਨ 282 ਵਿਚੋਂ 116 ਯਾਨਿ 41 ਫੀਸਦੀ ਵਰਤਮਾਨ ਐਮ. ਪੀ. ਪੁਰਾਣੇ ਕਾਂਗਰਸੀ ਸਨ, ਜੇਕਰ ਅੱਜ ਇਹ ਸਾਰੇ ਕਾਂਗਰਸੀ ਹੁੰਦੇ ਤਾਂ ਕਾਂਗਰਸ ਨੂੰ 116+38 ਯਾਨਿ 154 ਅਤੇ ਭਾਜਪਾ ਦੀਆਂ ਸਿਰਫ 166 ਹੀ ਸੀਟਾਂ ਮਿਲਦੀਆਂ, ਇੰਨੇ ਵੱਡੇ ਅੰਕੜੇ ਸਾਹਮਣੇ ਆਉਣ 'ਤੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਿਰਫ ਪਾਰਟੀ ਬਦਲੀ ਹੈ, ਸੱਤਾ ਅਤੇ ਵਿਵਸਥਾ ਜਿਉਂ ਦੀ ਤਿਉਂ ਹੈ। **(ਸੀ ਐਲ ਚੁੰਬਰ)**

# ਗਾਇਕ ਓਂਕਾਰ ਸਾਗਾ ਦਾ ਸਿੰਗਲ ਟਰੈਕ ਗੀਤ ਰੀਲੀਜ਼



**ਮੁਕੰਦਪੁਰ, (ਰੇਸ਼ਮ ਕਰਨਾਣਵੀ)** – ਸੁਰੀਲੇ ਗਾਇਕ ਓਂਕਾਰ ਸਾਗਾ ਦਾ ਸਿੰਗਲ ਟਰੈਕ ਏ.ਕੇ. ਸੰਤਾਲੀ ਗੁਰਦੁਆਰਾ ਬਾਬਾ ਜਵਾਹਰ ਸਿੰਘ ਜੀ ਪਿੰਡ ਗੋਬਿੰਦਪੁਰ ਵਿਖੇ ਜਾਰੀ ਕੀਤਾ ਗਿਆ। ਸੰਗੀਤ ਸਮਰਾਟ ਚਰਨਜੀਤ ਆਹੂਜਾ ਦੀ ਪੇਸ਼ਕਸ਼ ਅਤੇ ਓਵਰ ਸਪੀਡ ਰਿਕਾਰਡ ਵਲੋਂ ਜਾਰੀ ਕੀਤੇ ਜਾ ਚੁੱਕੇ ਗੀਤਾਂ ਦੇ ਗੁਲਦਸਤੇ 'ਮਰ ਗਏ ਮਾਰਨੇ ਵਾਲੇ' ਟਾਇਟਲ ਅਧੀਨ ਇਹ ਟਰੈਕ 'ਏ.ਕੇ. ਸੰਤਾਲੀ' ਨਿਰਮਾਤਾ ਰਾਏ ਬਲਿਹਾਰ ਅਮਰੀਕਾ ਵਲੋਂ ਉੱਘੇ ਢਾਡੀ ਤਰਸੇਮ ਸਿੰਘ ਮੋਰਾਂਵਾਲੀ ਤੋਂ ਰੀਲੀਜ਼ ਕਰਵਾਇਆ ਗਿਆ। ਟਰੈਕ ਜਾਰੀ ਕਰਨ ਦੇ ਪ੍ਰੋਗਰਾਮ ਅਤੇ ਮੀਡੀਆ ਇੰਚਾਰਜ ਉੱਘੇ ਗੀਤਕਾਰ ਜਗਤਾਰ ਨਿਰਮਲ ਬੰਗਾ ਨੇ ਦੱਸਿਆ ਕਿ ਚਰਨਜੀਤ ਆਹੂਜਾ ਦੇ ਸ਼ਾਗਿਰਦ ਗਾਇਕ ਤੇ ਗੀਤਕਾਰ ਅਤੇ ਸੰਗੀਤ ਨਿਰਦੇਸ਼ਕ ਓਂਕਾਰ ਸਾਗਾ ਦੀ ਕਲਮ ਦੀ ਉਪਜ ਇਹ ਗੀਤ ਦਿੱਲੀ ਦੀਆਂ ਵੱਖ-ਵੱਖ ਲੋਕਸ਼ਨਾਂ ਤੇ ਫਿਲਮਾਇਆ ਗਿਆ ਹੈ। ਮੁੰਬਈ ਦੇ ਮਸ਼ਹੂਰ ਅਦਿੱਤਯਾ ਬੈਂਡ ਨੇ ਵੀ ਇਸ ਗੀਤ ਨੂੰ ਸੰਗੀਤਕ ਧੁੰਨਾਂ ਨਾਲ਼ ਸ਼ਿੰਗਾਰਿਆ ਹੈ। ਇਹ ਗੀਤ ਐਮ. ਐਚ. ਵੰਨ ਅਤੇ ਜੋਸ਼ ਚੈਨਲਾਂ ਤੇ 24 ਦਸੰਬਰ ਨੂੰ ਦੇਖਿਆ ਜਾ ਸਕਦਾ ਹੈ। ਇਸ ਰੀਲੀਜ਼ ਸਮਾਹੋਰ ਵਿੱਚ ਗੱਜਣ ਸਿੰਘ ਵੈਨਕੂਵਰ, ਸੁਰਜੀਤ ਸਿੰਘ ਜਗਪਾਲਪੁਰ, ਮੋਹਨ ਬੀਕਾ, ਦੀਪ ਝੱਜ, ਪਰਮਜੀਤ ਸਿੰਘ ਲਾਲਪੁਰ, ਸੀਪਾ ਭੂਤਾਂ, ਵਿੰਦਰ ਢੋਲਾ, ਡਾ. ਕੁਲਵੀਰ ਸਿੰਘ, ਅਵਤਾਰ ਸਿੰਘ, ਹਰਕੀਰਤ ਸਿੰਘ, ਬੰਤ ਬੈਂਸ, ਨਰਿੰਦਰ ਸਿੰਘ ਬੰਗਾ, ਸੁਖਜਿੰਦਰ ਸਿੰਘ ਢਾਹਾਂ, ਜੁਝਾਰ ਸਿੰਘ, ਭੁਪਿੰਦਰ ਸਿੰਘ, ਲਖਵਿੰਦਰ ਸਿੰਘ, ਨਰਿੰਦਰ ਸਿੰਘ ਜੰਡਿਆਲਾ ਅਤੇ ਸਤਨਾਮ ਸਿੰਘ ਕੰਗ ਹਾਜ਼ਰ ਸਨ।



ਮਹਾਨ ਗਦਰੀ ਬਾਬਾ ਸੋਹਣ ਸਿੰਘ ਭਕਨਾ ਜੀ ਨੂੰ ਸ਼ਰਧਾਂਜਲੀ। ਉਹਨਾਂ ਦਾ ਦੇਹਾਂਤ 21 ਦਸੰਬਰ 1968 ਨੂੰ ਹੋਇਆ ਸੀ। ਉਪਰੋਕਤ ਤਸਵੀਰਾਂ: ਅਮਰਜੀਤ ਚੰਦਨ।
**ਬੀਬੀ ਬਲਵਿੰਦਰ ਬਾਂਸਲ**

# ਭਾਰਤੀ ਦੂਤਾਵਾਸ ਨਿਊਜ਼ੀਲੈਂਡ ਦੇ ਨਵੇਂ ਹਾਈ ਕਮਿਸ਼ਨਰ ਸ੍ਰੀ ਸੰਜੀਵ ਕੋਹਲੀ



**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**–ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵੱਲੋਂ ਸ੍ਰੀ ਸੰਜੀਵ ਕੋਹਲੀ ਜੋ ਕਿ ਇੰਡ-ੀਅਨ ਫੌਰਅਨ ਸਰਵਿਸ 1988 ਬੈਚ ਦੇ ਅਫਸਰ ਹਨ ਨੂੰ, ਹੁਣ ਨਿਊਜ਼ੀਲੈਂਡ ਦਾ ਰਾਜਧਾਨੀ ਵਲਿੰਗਟਨ ਸਥਿਤ ਭਾਰਤੀ ਦੂਤਾਵਾਸ ਦਾ ਨਵਾਂ ਹਾਈ ਕਮਿਸ਼ਨਰ ਲਾਇਆ ਗਿਆ। ਇਹ ਅਹੁਦਾ ਪਿਛਲੇ 6 ਮਹੀਨਿਆਂ ਤੋਂ ਖਾਲੀ ਚੱਲ ਰਿਹਾ ਸੀ। ਇਸ ਪੱਤਰਕਾਰ ਨੂੰ ਭੇਜੀ ਈਮੇਲ ਦੇ ਵਿਚ ਉਨ੍ਹਾਂ ਨਿਊਜ਼ੀਲੈਂਡ ਦੇ ਵਿਚ ਹੋਈ ਤਾਇਨਾਤੀ ਉਤੇ ਖੁਸ਼ੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਗੁਰਦਾਸਪੁਰ ਦੇ ਜੰਮਪਲ ਹਨ ਅਤੇ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਇਲੈਕਟ੍ਰਾਨਿਕਸ ਅਤੇ ਟੈਲੀਕਾਮ ਦੇ ਵਿਚ ਇੰਜੀਨੀਅਰ ਹਨ। ਫਰਵਰੀ ਮਹੀਨੇ ਉਹ ਆਪਣਾ ਅਹੁਦਾ ਸੰਭਾਲਣਗੇ। ਉਹ ਹੁਣ ਤੱਕ ਭਾਰਤ ਦੇ ਕਈ ਦੂਤਾਵਾਸਾਂ (ਮਿਸਰ, ਰਿਆਧ, ਮਸਕੱਟਸ ਮਾਸਕੋ ਅਤੇ ਦੋਹਾ) ਦੇ ਵਿਚ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਉਹ ਇਸ ਵੇਲੇ ਵਿਦੇਸ਼ ਮੰਤਰਾਲੇ ਦੇ ਵਿਚ ਸੰਯੁਕਤ ਸਕੱਤਰ ਦੇ ਅਹੁਦੇ ਉਤੇ ਕੰਮ ਕਰ ਰਹੇ ਹਨ।




ਜਦੋਂ ਉਸਦੇ ਵਿਰੋਧੀ ਜੁੱਤੀਆਂ ਅਤੇ ਕਿੱਟਾਂ ਨਾਲ ਲੈਸ ਹੋ ਕੇ ਟ੍ਰੈਕ ਤੇ ਸਨ, ਉਤਰ ਪ੍ਰਦੇਸ ਦੀ ਇਸ ਗਰੀਬ ਪਰਿਵਾਰ ਦੀ ਬਹਾਦਰ ਬੇਟੀ ਨੇ ਨੰਗੇ ਪੈਰ ਦੌੜ ਲਗਾ ਕੇ ਸਾਰਿਆਂ ਨੂੰ ਮਾਤ ਦੇ ਦਿੱਤੀ। ਸਿਰਫ ਸਕੂਲ ਦੀ ਵਰਦੀ ਅਤੇ ਨੰਗੇ ਪੈਰ ਇਸ ਲੜਕੀ ਨੇ ਸਾਰਿਆਂ ਨੂੰ ਹਰਾ ਕੇ ਮਿਸਾਲ ਕਾਇਮ ਕਰ ਦਿੱਤੀ।

# ਨਿਊਜ਼ੀਲੈਂਡ 'ਚ ਸਾਂਝ ਸਪੋਰਟਸ ਐਂਡ ਕਲਚਰਲ ਕਲੱਬ ਨੇ ਕਰਵਾਏ 'ਭੰਗੜੇ ਤੇ ਗਿੱਧੇ' ਦੇ ਮੁਕਾਬਲੇ



**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਸਾਂਝ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਵੱਲੋਂ ਤੀਜਾ 'ਭੰਗੜਾ ਤੇ ਗਿੱਧਾ' ਮੁਕਾਬਲਾ ਬੀਤੇ ਦਿਨ ਇਥੇ ਦੇ ਵੋਡਾਫੋਨ ਈਵੈਂਟ ਸੈਂਟਰ ਮੈਨੁਕਾਓ ਵਿਖੇ ਕਰਵਾਇਆ ਗਿਆ।

ਮੁੰਡਿਆਂ ਦੇ ਭੰਗੜਾ ਮੁਕਾਬਲਿਆਂ ਦੇ ਵਿਚ 'ਆਲ ਸਟਾਰਜ਼ ਭੰਗੜਾ' ਗਰੁੱਪ ਪਹਿਲੇ ਨੰਬਰ 'ਤੇ ਆਇਆ ਜਦ ਕਿ ਸਾਂਝ ਭੰਗੜਾ ਕ੍ਰੀਉ ਦੂਜੇ ਨੰਬਰ ਉਤੇ ਰਿਹਾ। ਇਸੇ ਤਰ੍ਹਾਂ ਮੁੰਡਿਆਂ ਦੇ ਫੋਕ ਭੰਗੜਾ ਡਾਂਸ ਦੇ ਵਿਚ 'ਰੂਹ ਪੰਜਾਬ ਦੀ' ਟੀਮ ਪਹਿਲੇ ਨੰਬਰ 'ਤੇ ਰਹੀ, ਦੂਜੇ ਨੰਬਰ ਤੇ ਨੱਚਦੇ ਪੰਜਾਬੀ ਗਭਰੂ ਅਤੇ ਤੀਜੇ ਉਤੇ 'ਸਾਂਝ ਫੋਕ ਭੰਗੜਾ' ਗਰੁੱਪ ਰਿਹਾ। ਕੁੜੀਆਂ ਦੇ ਹੋਏ ਗਿੱਧੇ ਦੇ ਮੁਕਾ-ਬਲੇ ਵਿਚ 'ਵਾਇਕਾਟੋ ਪੰਜਾਬੀ ਕਲੱਬ' ਦੀਆਂ ਕੁੜੀਆਂ ਫੋਕ ਡਾਂਸ ਦੇ ਵਿਚ ਜੇਤੂ ਰਹੀਆਂ ਜਦ ਕਿ ਦੂਜੇ ਨੰਬਰ ਉਤੇ ਸਾਂਝ ਗਰੁੱਪ ਦੀਆਂ ਕੁੜੀਆਂ ਰਹੀਆਂ। ਕੁੜੀਆਂ ਦੇ ਹੋਏ ਭੰਗੜੇ ਦੇ ਮੁਕਾਬਲੇ ਵਿਚ 'ਸਾਂਝ ਕਲੱਬ ਦੀਆਂ ਕੁੜੀਆਂ ਪਹਿਲੇ ਨੰਬਰ ਉਤੇ ਰਹੀਆਂ ਜਦ ਕਿ 'ਪੰਜਾਬੀ ਵਿਰਸਾ' ਗਰੁੱਪ ਦੀਆਂ ਕੁੜੀਆਂ ਦੂਜੇ ਨੰਬਰ ਉਤੇ ਆਈਆਂ। ਬੈਸਟ ਫੀਮੇਲ ਪਰਫਾਰਮਰ (ਗਿੱਧਾ) ਦੇ ਵਿਚ ਸਿਮੂ ਬੱਲ, ਬੈਸਟ ਫੀਮੇਲ ਪਰਫਾਰਮਰ (ਭੰਗੜਾ) ਦੇ ਵਿਚ ਆਸ਼ਤੀ ਚੌਹਾਨ, ਬੈਸਟ ਮੇਲ ਪਰਫਾਰਮਰ (ਭੰਗੜਾ) ਦੇ ਵਿਚ ਗੁਰਨੀਤ ਰਿਸ਼ੀ ਅਤੇ ਬੈਸਟ ਮੇਲ ਪਰਫਾਰਮਰ (ਫੋਕ) ਦੇ ਵਿਚ ਕੁਲਵੀਰ ਕਾਹਲੋਂ ਨੇ ਇਨਾਮ ਜਿੱਤੇ। ਕਲੱਬ ਦੇ ਪ੍ਰਬੰਧਕਾਂ ਵੱਲੋਂ ਆਏ ਸਾਰੇ ਦਰਸ਼ਕਾਂ ਅਤੇ ਸਪਾਂਸਰਜ਼ ਦਾ ਧੰਨਵਾਦ ਕੀਤਾ ਗਿਆ।

# ਮੋਦੀ ਸਰਕਾਰ, ਬਾਬਾ ਸਾਹਿਬ ਅੰਬੇਡਕਰ ਅਤੇ ਦਲਿਤ ਸਮਾਜ

## ਪਾਰਲੀਮੈਂਟ ਵਿਚ ਹੋਈ ਚਰਚਾ 'ਤੇ ਇਕ ਨਜ਼ਰ




'ਸ਼ੂਦਰ ਕੌਣ ਅਤੇ ਕਿਵੇਂ' ਪੁਸਤਕ (1946) ਵਿਚ ਬਾਬਾ ਸਾਹਿਬ ਅੰਬੇਡਕਰ (ਸੰਖੇਪ ਰੂਪ ਵਿਚ) ਲਿਖਦੇ ਹਨ 'ਮੇਰੀਆਂ ਲਿਖਤਾਂ ਅਤੇ ਖੋਜਾਂ ਤੋਂ ਨਾਰਾਜ਼ ਹੋ ਕੇ ਹਿੰਦੂ ਲੋਕ (ਖਾਸ ਕਰ ਬ੍ਰਾਹਮਣ ਸ਼੍ਰੇਣੀ) ਮੇਰੀ ਸਖ਼ਤ ਅਲੋਚਨਾ ਅਤੇ ਨਿਖੇਧੀ ਕਰਦੇ ਹਨ। ਇਸ ਦੇ ਜਵਾਬ ਵਿਚ ਮੈਂ ਡਾ. ਜਾਨਸਨ ਦੇ ਸ਼ਬਦਾਂ ਵਿਚ ਇਹੀ ਕਹਾਂਗਾ ਕਿ 'ਮੈਂ ਕਿਸੇ ਠੱਗ ਨੂੰ ਪਕੜਨ ਵਿਚ ਕੁਝ ਗੁੰਡੇ ਬਦਮਾਸ਼ਾਂ ਦੀਆਂ ਧਮਕੀਆਂ ਤੋਂ ਡਰ ਕੇ ਪਿੱਛੇ ਨਹੀਂ ਹਟਾਂਗਾ।' ਉਹਨਾਂ ਨੇ ਆਪਣੀ ਇਸ ਪੁਸਤਕ ਨੂੰ ਰੂੜ੍ਹੀ ਵਾਦਿਤਾ ਅਤੇ ਕੱਟੜ ਵਾਦਿਤਾ (Orthodoxy) ਦੇ ਖ਼ਿਲਾਫ਼ ਦਿੱਤੀ 'ਚੁਣੌਤੀ' ਦਾ ਨਾਮ ਦਿੱਤਾ। ਉਹ ਹਿੰਦੂ ਉੱਚ ਸਮਾਜ ਦੀ ਹਠ ਧਰਮੀ ਨੂੰ ਮੁੱਖ ਰੱਖਦਿਆਂ ਅੱਗੇ ਲਿਖਦੇ ਹਨ ਕਿ 'ਜੇ ਅੱਜ ਦੀ ਪੀੜ੍ਹੀ ਦੇ ਹਿੰਦੂ ਲੋਕ ਮੇਰੇ ਕਹੇ ਹੋਏ ਸ਼ਬਦਾਂ ਵੱਲ ਧਿਆਨ ਨਹੀਂ ਦਿੰਦੇ, ਮੈਨੂੰ ਯਕੀਨ ਹੈ ਕਿ ਅਗਲੀਆਂ ਪੀੜ੍ਹੀਆਂ ਜ਼ਰੂਰ ਧਿਆਨ ਦੇਣਗੀਆਂ'। ਇਸ ਵਿਸ਼ਵਾਸ ਲਈ ਉਹਨਾਂ ਨੇ ਅਤੀਤ ਦੇ ਪ੍ਰਸਿੱਧ ਮਹਾਂ ਕਵੀ ਭਵਾਭੂਤੀ ਦੇ ਇਹਨਾਂ ਸ਼ਬਦਾਂ ਨੂੰ ਦੁਹਰਾਇਆ ਕਿ 'ਸਮਾਂ ਅਨੰਤ ਹੈ ਅਤੇ ਧਰਤੀ ਵਿਸ਼ਾਲ ਹੈ। ਕਿਸੇ ਦਿਨ ਉਹ ਬੰਦਾ ਜ਼ਰੂਰ ਪੈਦਾ ਹੋਵੇਗਾ ਜੋ ਇਹ ਸਮਝ ਸਕੇਗਾ ਕਿ ਮੈਂ ਜੋ ਕੁਝ ਕਿਹਾ ਸੀ ਉਹ ਠੀਕ ਸੀ।'

ਹਿੰਦੂਆਂ ਵੱਲੋਂ ਸਦੀਆਂ ਤੋਂ ਅਛੂਤ ਬਣਾਏ ਗਏ ਲੋਕਾਂ 'ਤੇ ਕੀਤੇ ਗਏ ਅਤੇ ਕੀਤੇ ਜਾ ਰਹੇ ਜ਼ੁਲਮ ਅੱਤਿਆਚਾਰ ਨੂੰ ਦੇਖ ਕੇ ਬਾਬਾ ਸਾਹਿਬ ਦਾ ਹਿੰਦੂ ਉੱਚ ਸਮਾਜ ਦੀ ਮਾਨਸਿਕਤਾ ਅਤੇ ਦੁਰ ਵਿਹਾਰ ਬਾਰੇ ਉਕਤ ਟਿੱਪਣੀ ਕਰਨਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ, ਹਾਂ ਇਹ ਅਚੰਭੇ ਵਾਲੀ ਗੱਲ ਜ਼ਰੂਰ ਹੈ ਕਿ ਮੋਦੀ ਸਰਕਾਰ ਨੇ ਪਾਰਲੀਮੈਂਟ ਇਜਲਾਸ ਦੇ ਪਹਿਲੇ ਦੋ ਦਿਨ 26-27 ਨਵੰਬਰ ਬਾਬਾ ਸਾਹਿਬ ਦੀ ਸੰਵਿਧਾਨ ਪ੍ਰਤੀ ਭੂਮਿਕਾ ਉੱਤੇ ਚਰਚਾ ਲਈ ਅਲੱਗ ਨਿਸ਼ਚਿਤ ਕਰਕੇ ਨਾ ਕੇਵਲ ਉਹਨਾਂ ਨੂੰ ਭਾਰਤੀ ਸੰਵਿਧਾਨ ਦੇ ਪਿਤਾਮਾ ਕਹਿ ਕੇ ਸ਼ਰਧਾਂਜਲੀ ਦਿੱਤੀ ਬਲਕਿ ਉਹਨਾਂ ਨੂੰ ਦੇਸ਼ ਦੀ ਨਵ ਉਸਾਰੀ ਵਿਚ ਸਭ ਤੋਂ ਵੱਧ ਪ੍ਰਮੁੱਖ ਯੋਗਦਾਨ ਦੇਣ ਵਾਲੇ ਭਾਰਤ ਰਤਨ ਵਜੋਂ ਵੀ ਯਾਦ ਕੀਤਾ। ਇਹਨਾਂ ਦੋ ਦਿਨਾਂ ਦੀ ਚਰਚਾ ਦੌਰਾਨ ਦੇਸ਼ ਦੀ ਕੋਈ ਅਜਿਹੀ ਪਾਰਟੀ, ਖੱਬੀ, ਸੱਜੀ, ਕੇਂਦਰੀ ਜਾਂ ਹਾਸ਼ੀਆ ਕ੍ਰਿਤ ਨਹੀਂ ਸੀ ਜਿਸ ਨੇ ਆਪਣੇ ਆਪਣੇ ਅੰਦਾਜ਼ ਵਿਚ ਅਤੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਬਾਬਾ ਸਾਹਿਬ ਦੀ ਅਨੇਕ ਖੇਤਰਾਂ ਵਿਚ ਨਿਭਾਈ ਭੂਮਿਕਾ ਦੀ ਪ੍ਰਸ਼ੰਸਾ ਨਾ ਕੀਤੀ ਹੋਵੇ। ਇਹ ਇਕ ਪਹਿਲੀ ਵਾਰ ਦੇਖਣ ਵਾਲਾ ਅਜੀਬ ਦ੍ਰਿਸ਼ ਸੀ ਕਿ ਜਿਹਨਾਂ ਕੱਟੜਵਾਦੀ ਪਾਰਟੀਆਂ/ ਸੰਸਥਾਵਾਂ (ਅਰੁਣ ਸ਼ੌਰੀ ਦੇ ਸਹਿ ਵਿਚਾਰਕਾਂ) ਨੇ ਉਹਨਾਂ ਨੂੰ ਹਿੰਦੂ ਦੁਸ਼ਮਣ, ਰਾਸ਼ਟਰ ਵਿਰੋਧੀ, ਜਾਤੀਵਾਦੀ ਜਿਹੇ ਉਪਨਾਮਾਂ ਅਤੇ ਵਿਸ਼ੇਸ਼ਣਾਂ ਨਾਲ ਭੰਡਣ' ਵਿਚ ਕੋਈ ਕਸਰ ਨਹੀਂ ਛੱਡੀ ਸੀ, ਉਹ ਵੀ ਉਹਨਾਂ ਦੇ ਗੁਣਾਂ ਦਾ ਜਾਪ ਕਰਦੇ ਦੇਖੇ ਗਏ। ਇਸ ਸਭ ਨੂੰ ਦੇਖ ਕੇ ਇੰਝ ਲੱਗਦਾ ਸੀ ਕਿ ਜਿਸ ਸੂਝਵਾਨ ਬੰਦੇ ਦੇ ਦੂਰ ਭਵਿੱਖ ਵਿਚ ਪੈਦਾ ਹੋਣ ਦਾ ਬਾਬਾ ਸਾਹਿਬ ਨੇ ਸੋਚਿਆ ਸੀ ਉਹ ਸ਼ਾਇਦ ਇਸੇ ਹੀ ਯੁੱਗ ਵਿਚ ਮੋਦੀ ਦੇ ਰੂਪ ਵਿਚ ਪੈਦਾ ਹੋ ਗਿਆ ਹੈ। ਜਿਸ ਨੂੰ ਸ਼ਾਇਦ ਧੁਰ ਸਚਾਈ ਦਾ ਪਤਾ ਲੱਗ ਗਿਆ ਹੋਵੇ, ਸ਼ਾਇਦ ਉਹ ਸੱਚਾਈ ਨੂੰ ਜਾਚਣ ਪਰਖਣ ਵਾਲਾ ਯਥਾਰਥਵਾਦੀ ਪੁਰਸ਼ ਬਣ ਗਿਆ ਹੋਵੇ। ਲੇਕਿਨ ਦੂਸਰੇ ਹੀ ਛਿਣ ਜਦ ਉਸ ਸੂਝਵਾਨ ਬੰਦੇ ਦੇ ਪਿੱਛੇ ਸਾਕਸ਼ੀਆਂ, ਗੋਰਖਪੁਰੀ ਜੋਗੀਆਂ, ਨਿਰੰਜਣ ਜੋਤੀਆਂ, ਪ੍ਰਾਚੀਆਂ, ਗਿਰੀਰਾਜਾਂ ਵਿਜੇ ਵਰਗੀਆਂ ਅਮਿਤ ਸ਼ਾਹਾਂ ਦੀ ਫੌਜ ਡੰਡੇ, ਲਾਠੀਆਂ ਅਤੇ ਤ੍ਰਿਸ਼ੂਲਾਂ ਨਾਲ ਲੈਸ ਖੜ੍ਹੀ ਨਜ਼ਰ ਆਉਂਦੀ ਹੈ ਤਾਂ ਸ਼ੱਕ ਹੋਣ ਲੱਗ ਪੈਂਦਾ ਹੈ ਕਿ ਕਿਤੇ ਫਿਲਾਸਫ਼ਰ ਸ਼ਾਇਰ ਗ਼ਾਲਬ ਦਾ ਕਹਿਣਾ ਸੱਚਾ ਤਾਂ ਨਹੀਂ ਸੀ?

- ਹਮਕੋ ਮਾਲੂਮ ਹੈ ਹਕੀਕਤ ਜੰਨਤ ਕੀ ਲੇਕਿਨ- ਦਿਲ ਕੇ ਖੁਸ਼ ਰੱਖ ਨੇ ਕੋ ਗ਼ਾਲਬ ਯਿਹ ਖਿਆਲ ਅੱਛਾ ਹੈ।

ਬਾਬਾ ਸਾਹਿਬ ਦੀ ਸ਼ਖਸੀਅਤ ਅਤੇ ਖਾਸ ਕਰ ਉਹਨਾਂ ਦੇ ਸੰਵਿਧਾਨ ਨਿਰਮਾਣ ਵਿਚ ਦਿੱਤੇ ਗਏ ਯੋਗਦਾਨ ਉੱਤੇ ਦੋ ਦਿਨਾਂ ਦੀ ਹੋਈ ਚਰਚਾ ਦੇ ਅੰਤ ਵਿਚ 27 ਨਵੰਬਰ ਨੂੰ ਮੋਦੀ ਜੀ ਨੇ ਬਾਬਾ ਸਾਹਿਬ ਬਾਰੇ ਜੋ ਪ੍ਰਸ਼ੰਸਾ ਦੀ ਝੜੀ ਲਗਾ ਦਿੱਤੀ, ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਉਹਨਾਂ ਨੇ ਬਾਬਾ ਸਾਹਿਬ ਦੇ ਸੰਵਿਧਾਨ ਸਭਾ ਵਿਚ 25 ਨਵੰਬਰ 1948 ਨੂੰ ਦਿੱਤੇ ਗਏ ਭਾਸ਼ਣ ਦੇ ਉਹ ਵੀ ਕੁਝ ਹਿੱਸੇ ਪੜ੍ਹ ਪੜ੍ਹ ਕੇ ਸੁਣਾਏ ਜੋ ਖੁਦ ਉਹਨਾਂ ਦੀ ਆਪਣੀ ਸਰਪ੍ਰਸਤ ਸੰਸਥਾ ਦੀ ਹਿੰਦੂਤਵੀ ਵਿਚਾਰਧਾਰਾ ਦੇ ਪੈਰਾਂ ਤੇ ਕੁਹਾੜਾ ਮਾਰਨ ਦੇ ਬਰਾਬਰ ਕਹੇ ਜਾ ਸਕਦੇ ਹਨ। ਬਾਬਾ ਸਾਹਿਬ ਦੀ ਉਸ ਵਾਰਨਿੰਗ ਦਾ ਵੀ ਜ਼ਿਕਰ ਕੀਤਾ ਕਿ ਜੇ ਦੇਸ਼ ਨੇ ਅਤੀਤ ਵਿਚ ਕੀਤੀਆਂ ਗਲਤੀਆਂ, ਸੰਪਰਦਾਇਕ ਦੁਸ਼ਮਣੀਆਂ ਅਤੇ ਗੱਦਾਰੀਆਂ ਨੂੰ ਦੁਹਰਾਇਆ ਤਾਂ ਉਹ ਦੁਬਾਰਾ ਆਪਣੀ ਨਵਪ੍ਰਾਪਤ ਆਜ਼ਾਦੀ ਨੂੰ ਗੁਆ ਸਕਦਾ ਹੈ। ਜਿਸ ਮਿਹਨਤ, ਵਿਦਵਤਾ ਅਤੇ ਲਗਨ ਨਾਲ ਸੰਵਿਧਾਨ ਤਿਆਰ ਕੀਤਾ, ਉਸ ਦੀ ਪ੍ਰਸ਼ੰਸਾ ਕਰਦੇ ਹੋਏ ਮੋਦੀ ਨੇ ਕਿਹਾ ਕਿ ਦੇਸ਼ ਵਿਚ 12 ਧਰਮ, 1600 ਭਾਸ਼ਾਵਾਂ ਅਤੇ ਤਰ੍ਹਾਂ-ਤਰ੍ਹਾਂ ਦੇ ਰਸਮ ਰਿਵਾਜ ਪ੍ਰਚੱਲਿਤ ਹਨ। ਇਹਨਾਂ ਹਾਲਾਤਾਂ ਵਿਚ ਉਸ ਲਈ ਕੋਈ ਸਰਵ ਸੰਮਤ ਸੰਵਿਧਾਨ ਬਣਾਉਣਾ ਕੋਈ ਸੌਖਾ ਕੰਮ ਨਹੀਂ ਸੀ। ਇਸ ਤਰ੍ਹਾਂ ਡਾ. ਅੰਬੇਡਕਰ ਸਾਹਿਬ ਨੂੰ ਜੇ ਦਿਵਯ ਦ੍ਰਿਸ਼ਟੀ ਵਾਲੇ ਅਲੌਕਿਕ ਪੁਰਸ਼ ਵੀ ਕਹਿ ਦਿੱਤਾ ਜਾਵੇ, ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਬਾਬਾ ਸਾਹਿਬ ਨਾਲ ਹੋਰ ਭਾਵਾਤਮਕ ਨੇੜਤਾ ਦਿਖਾਉਣ ਲਈ ਉਹਨਾਂ ਨੇ ਮਹੂ (ਜਨਮ ਸਥਾਨ) ਮੁੰਬਈ ਵਿਚ ਚੈਤਯ ਭੂਮੀ ਨਾਲ ਲੱਗਦੀ ਕੱਪੜਾ ਮਿਲ ਦੀ ਜ਼ਮੀਨ ਅਤੇ ਲੰਡਨ ਵਿਖੇ ਉਹ ਮਕਾਨ ਜਿੱਥੇ ਉਹ ਪੜ੍ਹਾਈ ਦੇ ਦੌਰਾਨ ਕਿਰਾਏ 'ਤੇ ਰਹਿੰਦੇ ਸਨ, ਨੂੰ ਖਰੀਦ ਕੇ ਯਾਦਗਾਰੀ ਸਮਾਰਕ ਬਣਾਉਣ ਦੀਆਂ ਮੁੜ ਮੁੜ ਮਿਸਾਲਾਂ ਦੇ ਕੇ ਉਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਉਹ ਬਾਬਾ ਸਾਹਿਬ ਨੂੰ ਕਿੰਨਾ ਸਨਮਾਨ ਦਿੰਦੇ ਹਨ ਪਰ ਕੀ ਬਾਬਾ ਸਾਹਿਬ ਦੀ ਵਿਅਕਤੀਗਤ ਪ੍ਰਸ਼ੰਸਾ ਕਰਨ ਨਾਲ ਨੇੜਤਾ ਸਿੱਧ ਹੋ ਜਾਂਦੀ ਹੈ? ਦੇਸ਼ ਵਿਚ ਹੋਰ ਵੀ ਬਹੁਤ ਬੁੱਧੀਮਾਨ ਵਿਦਵਾਨ ਵਿਅਕਤੀ ਹੋ ਗੁਜ਼ਰੇ ਹਨ। ਕਾਨੂੰਨ ਵਿੱਦਿਆ ਦੇ ਹੋਰ ਵੀ ਬਹੁਤ ਮਾਹਿਰ ਵਿਦਵਾਨ ਰਹੇ ਹਨ। ਬਾਬਾ ਸਾਹਿਬ ਨੂੰ ਇੰਨਾ ਸਨਮਾਨ ਕੇਵਲ ਵਿਦਵਾਨ ਹੋਣ ਕਰਕੇ ਤਾਂ ਨਹੀਂ ਮਿਲ ਗਿਆ! ਨੇੜਤਾ ਦੀ ਅਸਲ ਕਸੌਟੀ ਤਾਂ ਵਿਚਾਰਕ ਇਕਸੁਰਤਾ ਹੈ। ਕੀ ਮੋਦੀ ਹੀ ਬਾਬਾ ਸਾਹਿਬ ਦੀ ਵਿਚਾਰਧਾਰਾ ਦੇ ਤਰਾਜ਼ੂ 'ਤੇ ਪੂਰਾ ਉੱਤਰਦੇ ਹਨ? ਸੱਚ ਤਾਂ ਇਹ ਹੈ ਕਿ ਇਸ ਕਸੌਟੀ 'ਤੇ ਉਹ ਵਿਚਾਰਕ ਪੱਧਰ ਦੇ ਨੇੜੇ ਤੇੜੇ ਵੀ ਨਹੀਂ ਪੁੱਜਦੇ। ਇਸ ਤਰ੍ਹਾਂ ਕੀ ਇਹ ਨਿਰਾ ਦਿਖਾਵਾ ਨਹੀਂ ਹੈ? ਭਾਵੇਂ ਮੋਦੀ ਜੀ ਘਾਂਚੀ ਜਾਤੀ ਵਿਚੋਂ ਹੋਣ ਕਰਕੇ ਓ. ਬੀ. ਸੀ. ਸ਼੍ਰੇਣੀ ਵਿਚ ਆਉਂਦੇ ਹਨ ਜਿਸ ਦਾ ਉਹਨਾਂ ਨੇ ਪੱਛੜੇ ਵਰਗਾਂ ਨੂੰ ਪ੍ਰਭਾਵਿਤ ਕਰਕੇ ਫਾਇਦਾ ਲੈਣ ਦੀ ਵੀ ਪੂਰੀ ਕੋਸ਼ਿਸ਼ ਕੀਤੀ ਪਰ ਅਸਲ ਸਬੰਧ, ਵਿਚਾਰਕ ਅਤੇ ਵਿਹਾਰਿਕ ਤਾਂ ਹਿੰਦੂਤਵੀ ਵਿਚਾਰਧਾਰਾ ਵਾਲੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਨਾਲ ਹੈ, ਜਿਸ ਦੇ ਉਹ ਹੋਸ਼ ਸੰਭਾਲਦੇ ਹੀ ਸਰਗਰਮ ਪ੍ਰਚਾਰਕ ਬਣ ਗਏ ਬਲਕਿ ਜਿਸ ਦੀ ਉਹ ਉਪਜ ਹਨ। ਆਰ. ਐਸ. ਐਸ. ਦੇ ਹੋਂਦ ਵਿਚ ਆਉਣ ਦਾ ਇਕੋ ਇਕ ਉਦੇਸ਼ ਦੇਸ਼ ਵਿਚ ਸਭ ਰੁਕਾਵਟਾਂ ਨੂੰ ਖਤਮ ਕਰਕੇ ਸ਼ੁੱਧ ਹਿੰਦੂ ਰਾਜ ਸਥਾਪਤ ਕਰਨਾ ਹੈ, ਜਿਸ ਦੇ ਬਾਰੇ ਸੰਘ ਪ੍ਰਮੁੱਖ ਮੋਹਨ ਭਾਗਵਤ ਪਹਿਲਾਂ ਹੀ ਅਨੇਕ ਵਾਰ ਐਲਾਨ ਕਰ ਚੁੱਕੇ ਹਨ। ਉਹਨਾਂ ਦੇ ਹੀ ਇਕ ਸਾਥੀ ਨੇਤਾ ਦੇ ਅਨੁਸਾਰ 'ਕੇਂਦਰ ਵਿਚ ਮੋਦੀ ਦੇ ਹਕੂਮਤ ਸੰਭਾਲਣ ਨਾਲ 800 ਸਾਲ ਬਾਅਦ (ਪ੍ਰਿਥਵੀ ਰਾਜ ਚੌਹਾਨ ਤੋਂ ਬਾਅਦ) ਫਿਰ ਤੋਂ ਦੇਸ਼ ਵਿਚ ਹਿੰਦੂ ਰਾਜ ਸਥਾਪਤ ਹੋ ਗਿਆ ਹੈ।'

ਮੋਦੀ ਜੀ ਦੇਸ਼ ਦੇ ਅੰਦਰ ਜਾਂ ਬਾਹਰ ਜਿੱਥੇ ਵੀ ਜਾਂਦੇ ਹਨ, ਉਹ ਹੋਰ ਰੁਝੇਵਿਆਂ ਤੋਂ ਵੀ ਵੱਧ 'ਮਨ ਕੀ ਬਾਤ' ਹਿੰਦੂ ਧਰਮ, ਹਿੰਦੂ ਸੱਭਿਅਤਾ, ਹਿੰਦੂ ਵਿਵਸਥਾ ਦੇ ਪ੍ਰਚਾਰ ਅਤੇ ਮਹਿਮਾ ਗਾਣ ਨੂੰ ਹੀ ਅੱਗੇ ਰੱਖਦੇ ਹਨ। ਦੇਸ਼ ਵਿਚ ਮੰਦਰਾਂ, ਗੁਫਾਵਾਂ ਅਤੇ ਨਦੀਆਂ ਦੀ ਪੂਜਾ ਅਤੇ ਚੜ੍ਹਾਵਿਆਂ ਦੀ ਗੱਲ ਤਾਂ ਇਕ ਪਾਸੇ, ਜਾਪਾਨ, ਅਮਰੀਕਾ ਦੇ ਰਾਜ ਮੁਖੀਆਂ ਨੂੰ ਗੀਤਾ ਭੇਂਟ ਕਰਨਾ, ਡੁਬਈ ਜਿਹੇ ਮੁਸਲਮਾਨ ਦੇਸ਼ ਵਿਚ ਮੰਦਰ ਬਣਵਾਉਣ ਜਾਂ ਰਾਮਾਇਣ ਅਤੇ ਗੀਤਾ ਦੇ ਸ਼ਲੋਕਾਂ ਵਾਲੇ ਯਾਦ ਚਿੰਨ੍ਹ ਭੇਂਟ ਕਰਨਾ, ਗੰਗਾ ਆਰਤੀ ਵਿਚ ਜਾਪਾਨ ਦੇ ਪ੍ਰਧਾਨ ਮੰਤਰੀ ਨੂੰ ਸ਼ਾਮਲ ਕਰਨਾ ਕੀ ਦਰਸਾਉਂਦੇ ਹਨ? ਬੀਫ ਉੱਤੇ ਪਾਬੰਦੀ, ਸਕੂਲੀ ਅਤੇ ਇਤਿਹਾਸ ਕਿਤਾਬਾਂ ਦਾ ਹਿੰਦੂਕਰਣ, ਅਲੋਚਕਾਂ ਦੇ ਕਤਲ ਅਤੇ ਕੁੱਟਮਾਰ- ਇਹਨਾਂ ਘਟਨਾਵਾਂ ਨੂੰ ਦੇਖਣ ਤੋਂ ਬਾਅਦ ਕੀ ਹਿੰਦੂ ਰਾਜ ਦੇ ਆਉਣ ਵਿਚ ਕੋਈ ਸ਼ੱਕ ਰਹਿ ਜਾਂਦੀ ਹੈ, ਜਿਸ ਦੇ ਮੋਦੀ ਸਾਹਿਬ ਮੋਹਰੀ ਸਰਦਾਰ ਬਣੇ ਹੋਏ ਹਨ? ਦੂਜੇ ਪਾਸੇ ਬਾਬਾ ਸਾਹਿਬ ਅੰਬੇਡਕਰ ਜਿਹਨਾਂ ਨੂੰ ਇਸੇ ਹਿੰਦੂ ਧਰਮ ਨੇ ਜਨਮ ਤੋਂ ਲੈ ਕੇ ਅਖੀਰ ਤੱਕ ਪੈਰ-ਪੈਰ 'ਤੇ ਕੇਵਲ ਅਛੂਤ ਹੋਣ ਦੀ ਸਜ਼ਾ ਦੇ ਤੌਰ 'ਤੇ ਰੱਜ ਕੇ ਸਤਾਇਆ, ਰੁਲਾਇਆ ਅਤੇ ਜ਼ਲੀਲ ਕੀਤਾ ਅਤੇ ਜਿਸ ਨੂੰ ਉਹਨਾਂ ਨੇ ਮਨੁੱਖੀ ਜੀਵਨ ਲਈ 'ਨਰਕ' ਦਾ ਨਾਮ ਦੇ ਕੇ ਹਮੇਸ਼ਾ ਹਮੇਸ਼ਾ ਲਈ ਤਿਆਗ ਦਿੱਤਾ। ਕੀ ਮੋਦੀ ਸਾਹਿਬ ਦੋ ਆਪਸੀ ਟੱਕਰ ਵਾਲੀਆਂ ਵਿਚਾਰਧਾਰਾਵਾਂ ਦੇ ਪ੍ਰਤੀਕਾਂ ਨੂੰ ਇਕ ਥਾਂ ਇਕੱਠਾ ਦਿਖਾ ਕੇ ਦੁਨੀਆਂ ਨੂੰ ਕੋਈ ਨਵਾਂ ਚਮਤਕਾਰ ਦਿਖਾਣਾ ਚਾਹੁੰਦੇ ਹਨ?

ਮੋਦੀ ਜੀ ਨੇ ਪਹਿਲੇ ਦਿਨ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਵੱਲੋਂ ਦਿੱਤੇ ਗਏ ਭਾਸ਼ਣਾਂ ਅਤੇ ਤਿੱਖੀਆਂ ਟਿੱਪਣੀਆਂ ਨੂੰ ਪੂਰੇ ਧਿਆਨ ਨਾਲ ਸੁਣਿਆ ਅਤੇ ਅਗਲੇ ਦਿਨ ਜਿਸ ਧੀਰਜ ਨਾਲ ਉਹਨਾਂ ਨੇ ਵਿਵਾਦਾਂ ਭਰੀ ਬਹਿਸ ਦਾ ਜਵਾਬ ਦਿੱਤਾ, ਉਹ ਕਾਫੀ ਹੱਦ ਤੱਕ ਹੈਰਾਨ ਕਰਨ ਵਾਲਾ ਸੀ। ਉਹਨਾਂ ਦਾ ਸੁਰ ਆਸ਼ਾ ਵਿਪਰੀਤ ਕਾਫੀ ਬਦਲਿਆ ਬਦਲਿਆ ਸੀ। ਉਹਨਾਂ ਨੇ ਸਭ ਉਤੇਜਿਤ ਪਾਰਟੀਆਂ ਅਤੇ ਨੇਤਾਵਾਂ ਨੂੰ ਇਹ ਐਲਾਨ ਕਰਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹਨਾਂ ਲਈ ਦੇਸ਼ ਦਾ ਸੰਵਿਧਾਨ ਸਰਵਉੱਚ ਹੈ ਜੋ ਦੇਸ਼ ਦੀ ਹਕੂਮਤ ਚਲਾਉਣ ਲਈ ਕਾਨੂੰਨੀ ਕਿਤਾਬ ਹੀ ਨਹੀਂ ਸਗੋਂ ਇਹ ਅੱਡ ਅੱਡ ਤਬਕਿਆਂ ਅਤੇ ਫਿਰਕਿਆਂ ਦੀਆਂ ਸਮੱਸਿਆਵਾਂ, ਦੁੱਖ ਤਕਲੀਫਾਂ ਨੂੰ ਧਿਆਨ ਵਿਚ ਰੱਖਣ ਵਾਲਾ 'ਸਮਾਜਿਕ ਦਸਤਾਵੇਜ਼' ਹੈ। ਪਵਿੱਤਰ ਧਰਮ ਗ੍ਰੰਥ ਹੈ। ਉਹਨਾਂ ਨੇ ਅੱਗੇ ਇਹ ਵੀ ਐਲਾਨ ਕਰ ਦਿੱਤਾ ਕਿ ਅੱਗੇ ਨੂੰ ਨਾ ਤਾਂ ਸੰਵਿਧਾਨ ਬਦਲਿਆ ਜਾਵੇਗਾ ਅਤੇ ਨਾ ਇਸ ਨਾਲ ਕੋਈ ਛੇੜਛਾੜ ਕੀਤੀ ਜਾਵੇਗੀ। ਇਸ ਬਿਆਨ ਨੇ ਮਾਹੌਲ ਨੂੰ ਕੁਝ ਠੰਡਾ ਜ਼ਰੂਰ ਕਰ ਦਿੱਤਾ, ਲੇਕਿਨ ਇਸ ਨੇ ਖੁਦ ਉਹਨਾਂ ਦੀ ਆਪਣੀ ਵਫ਼ਾਦਾਰੀ ਅਤੇ ਪ੍ਰਤੀਬੱਧਤਾ ਬਾਰੇ ਕਈ ਸਵਾਲ ਖੜ੍ਹੇ ਕਰ ਦਿੱਤੇ ਕਿ ਉਹਨਾਂ ਦੀ ਪਹਿਲੇ ਨੰਬਰ ਤੇ ਪ੍ਰਤੀਬੱਧਤਾ ਸੰਵਿਧਾਨ ਨਾਲ ਹੈ ਜਾਂ ਸੰਘ ਨਾਲ ਹੈ? ਸੰਘ ਨੇ ਨਾ ਤਾਂ ਸੰਵਿਧਾਨ ਬਣਨ ਦੌਰਾਨ ਸਮਰਥਨ ਦਿੱਤਾ ਅਤੇ ਨਾ ਬਾਅਦ ਵਿਚ ਉਸ ਨੂੰ ਦਿਲ ਤੋਂ ਮਾਨਤਾ ਦਿੱਤੀ, ਬਲਕਿ ਜਿੱਥੋਂ ਤੱਕ ਹੋ ਸਕਿਆ ਅਤੇ ਜਦ ਵੀ ਮੌਕਾ ਮਿਲਿਆ, ਉਸ ਨੇ ਆਪ ਜਾਂ ਆਪਣੇ ਰਾਜਨੀਤਿਕ ਸਰੂਪ ਭਾਜਪਾ ਥਾਣੀਂ ਉਸ ਦੀ ਜਗ੍ਹਾ ਆਪਣਾ ਸੰਵਿਧਾਨ ਲਿਆਉਣ ਦੀ ਕੋਸ਼ਿਸ਼ ਕੀਤੀ। 1998 ਦੇ ਅਸਫਲ ਯਤਨ ਤੋਂ ਪਿੱਛੋਂ ਅੱਜ ਤੱਕ ਇਹ ਕੋਸ਼ਿਸ਼ ਜਾਰੀ ਹੈ।

ਮੋਦੀ ਮੰਤਰੀ ਮੰਡਲ ਵਿਚ ਨੰਬਰ ਦੋ ਤੇ ਗਿਣੇ ਜਾਂਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਜੀ ਦੇ ਭਾਸ਼ਣ ਨੇ ਤਾਂ ਸੂਈ ਫਿਰ ਉਥੇ ਹੀ ਲਿਆ ਕੇ ਖੜ੍ਹੀ ਕਰ ਦਿੱਤੀ, ਜਿੱਥੋਂ ਮੋਦੀ ਜੀ ਨੇ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ ਸੀ। ਮੋਦੀ ਜੀ ਨੇ ਜਿਸ ਸੰਵਿਧਾਨ ਨੂੰ ਆਪਣੇ ਧਰਮ ਗ੍ਰੰਥ ਅਤੇ ਉਸਦੀ ਉਦੇਸ਼ਿਕਾ (Premble) ਨੂੰ ਉਸ ਦੀ ਆਤਮਾ ਦਾ ਦਰਜਾ ਦੇ ਕੇ ਉਸਦੀ ਸਰਵਉੱਚਤਾ ਦਾ ਮਾਣ ਵਧਾਇਆ ਸੀ, ਰਾਜਨਾਥ ਸਿੰਘ ਜੀ ਨੇ ਉਦੇਸ਼ਿਕਾ ਦੀ ਉਚਿੱਤਤਾ ਨੂੰ ਹੀ ਮੰਨਣ ਤੋਂ ਇਨਕਾਰ ਕਰ ਦਿੱਤਾ। (ਇਸ 'ਤੇ ਅੱਛਾ ਖਾਸਾ ਹੰਗਾਮਾ ਸ਼ੋਰ ਸ਼ਰਾਬਾ ਵੀ ਹੋਇਆ)। ਉਹਨਾਂ ਕਿਹਾ ਕਿ ਉਦੇਸ਼ਿਕਾ ਵਿਚਲੇ ਸ਼ਬਦ (ਸਿਧਾਂਤ) 'ਸੋਸ਼ਲਿਸਟ' ਅਰਥਾਤ ਸਮਾਜਵਾਦੀ ਅਤੇ 'ਸੈਕੂਲਰ' ਅਰਥਾਤ ਧਰਮ ਨਿਰਪੱਖ ਜੋ ਇੰਦਰਾ ਗਾਂਧੀ ਦੇ ਕਾਰਜਕਾਲ (1976) ਵਿਚ ਸ਼ਾਮਲ ਕੀਤੇ ਗਏ ਸਨ, ਸੰਵਿਧਾਨ ਦਾ ਹਿੱਸਾ ਨਹੀਂ ਮੰਨੇ ਜਾ ਸਕਦੇ। ਸੈਕੂਲਰ ਸ਼ਬਦ ਦਾ ਸਖ਼ਤ ਵਿਰੋਧ ਕਰਦੇ ਹੋਏ ਉਹਨਾਂ ਨੇ ਕਿਹਾ ਕਿ ਸੈਕੂਲਰ ਦਾ ਅਰਥ ਧਰਮ ਨਿਰਪੱਖ ਹਰਗਿਜ਼ ਨਹੀਂ ਹੋ ਸਕਦਾ। ਉਸਦਾ ਸਹੀ ਅਰਥ ਪੰਥ ਨਿਰਪੱਖ ਹੋਣਾ ਚਾਹੀਦਾ ਹੈ। ਲੇਕਿਨ ਕੁਝ ਮੈਂਬਰਾਂ ਵੱਲੋਂ ਪੁੱਛੇ ਜਾਣ ਤੇ ਉਹ ਇਹਨਾਂ ਦੋਹਾਂ ਸ਼ਬਦਾਂ ਦਾ ਫਰਕ ਵੀ ਤਸੱਲੀ ਜਨਕ ਸ਼ਬਦਾਂ ਵਿਚ ਸਮਝਾ ਨਹੀਂ ਸਕੇ ਕਿ ਇਹ ਫਰਕ ਦੱਸ ਕੇ ਉਹਨਾਂ ਦਾ ਅਸਲ ਉਦੇਸ਼ ਕੀ ਹੈ? ਪੰਥ ਦਾ ਮਤਲਬ ਤਾਂ ਕੇਵਲ ਫਿਰਕਾ ਜਾਂ ਅੰਗਰੇਜ਼ੀ ਵਿਚ Sect ਹੁੰਦਾ ਹੈ ਜਦਕਿ ਸੰਵਿਧਾਨ ਦਾ ਅਸਲ ਮੁੱਦਾ ਮਕਸਦ ਧਰਮ, ਮਜ਼ਹਬ ਜਾਂ ਰਿਲੀਜ਼ਨ ਨੂੰ ਸਰਕਾਰ (ਸਟੇਟ) ਦੇ ਕੰਮਕਾਜ, ਕਾਰੋਬਾਰ ਤੋਂ ਦੂਰ ਰੱਖਣਾ ਹੈ। ਦੂਸਰੇ ਸ਼ਬਦਾਂ ਵਿਚ ਕਿ ਸਰਕਾਰ (ਰਾਜ) ਦਾ ਕੋਈ ਧਰਮ ਨਹੀਂ- ਹਿੰਦੂ, ਮੁਸਲਿਮ, ਸਿੱਖ, ਇਸਾਈ, ਬੋਧ, ਜੈਨ ਜਾਂ ਪਾਰਸੀ। ਜਦ ਉਹ ਆਪ ਆਪਣੀ ਸਫਾਈ ਵਿਚ ਮੁੜ-ਮੁੜ ਕੇ 'ਸਰਵਧਰਮ ਸੰਭਾਵ' ਦਾ ਮੰਤਰ ਉਚਾਰਦੇ ਹਨ, ਉਸ ਦਾ ਵੀ ਮਤਲਬ ਕੀ ਹੁੰਦਾ ਹੈ? ਕੀ ਇਹ ਵੀ ਇਕ ਜੁਮਲਾ ਮਾਤਰ ਹੈ? ਰਾਜਨਾਥ ਜੀ ਨੇ ਇਸ ਸਬੰਧ ਵਿਚ ਬਾਬਾ ਸਾਹਿਬ ਦਾ ਜ਼ਿਕਰ ਕਰਦਿਆਂ ਕਿਹਾ ਕਿ ਖੁਦ ਉਹਨਾਂ ਨੇ ਸੈਕੂਲਰ ਸ਼ਬਦ ਉਦੇਸ਼ਿਕਾ ਵਿਚ ਸ਼ਾਮਲ ਨਹੀਂ ਕੀਤਾ ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਧਰਮ ਪਹਿਲਾਂ ਤੋਂ ਹੀ ਦੇਸ਼ ਭਾਰਤ ਦੀ ਪ੍ਰਕਿਰਤੀ ਵਿਚ ਸ਼ਾਮਲ ਹੈ। ਵੈਸੇ ਤਾਂ ਇਸ ਦਾਅਵੇ ਤੋਂ ਹੀ ਉਹਨਾਂ ਦੇ ਉਦੇਸ਼ ਨੰਗਾ ਹੋ ਜਾਂਦਾ ਹੈ, ਫਿਰ ਵੀ ਉਹਨਾਂ ਤੋਂ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਉਹਨਾਂ ਨੂੰ ਕਿੱਥੋਂ ਪਤਾ ਲੱਗ ਗਿਆ ਕਿ ਬਾਬਾ ਸਾਹਿਬ ਦੇ ਇਸ ਸ਼ਬਦ ਨੂੰ ਨਾ ਸ਼ਾਮਲ ਕਰਨ ਪਿੱਛੇ ਇਹੀ ਉਦੇਸ਼ ਸੀ? ਅਤੇ ਜੇ ਇਹੀ ਸਹੀ ਕਾਰਨ ਸੀ ਤਾਂ ਉਹਨਾਂ ਨੇ ਅਤੇ ਬੁੱਧੀਮਾਨ ਵਿਦਵਾਨਾਂ ਦੀ ਇਕੱਤਰਤਾ ਸੰਵਿਧਾਨ ਸਭਾ ਨੇ ਭਾਰਤ ਨੂੰ ਸਿੱਧਾ ਹੀ ਇਸਲਾਮਿਕ ਸਟੇਟ ਪਾਕਿਸਤਾਨ ਜਾਂ ਬੰਗਲਾਦੇਸ਼ ਅਤੇ ਬੁੱਧਿਸਟ ਸਟੇਟ ਆਫ਼ ਬਰਮਾ ਦੀ ਤਰਜ਼ 'ਤੇ ਹਿੰਦੂ ਰਾਸ਼ਟਰ ਰਾਜ ਕਿਉਂ ਨਹੀਂ ਐਲਾਨ ਦਿੱਤਾ? ਦੂਜੇ ਰਾਜਨਾਥ ਸਿੰਘ ਜੀ ਨੇ ਅਤੇ ਆਪਣੇ ਦੂਜੇ ਸਹਿਯੋਗੀ ਮੰਤਰੀਆਂ ਨੇ ਈਸ਼ਵਰ ਦੇ ਨਾਂ 'ਤੇ ਜਦ ਮੰਤਰ ਪਦ ਗ੍ਰਹਿਣ ਕਰਨ ਲੱਗਿਆਂ ਜਿਸ ਸੰਵਿਧਾਨ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕੀ ਸੀ, ਉਹ 1950 ਦਾ ਸੰਵਿਧਾਨ ਸੀ ਜਾਂ ਮੌਜੂਦਾ 100 ਤੋਂ ਵੱਧ ਤਰਮੀਮਾਂ (ਸੋਧਾਂ) ਵਾਲਾ? ਉਹ ਸੰਵਿਧਾਨ ਜਿਸ ਦੀ ਉਦੇਸ਼ਿਕਾ ਵਿਚ ਸ਼ਬਦ ਸੋਸ਼ਲਿਸਟ ਵੀ ਹੈ ਅਤੇ ਸੈਕੂਲਰ ਵੀ ਸ਼ਾਮਲ ਹੈ। ਜੇ ਇਹ ਸਹੀ ਹੈ ਤਾਂ ਕਸਮ ਖਾ ਕੇ ਉਸ ਨੂੰ ਤੋੜਨਾ ਸੰਵਿਧਾਨ ਜਾਂ 'ਈਸ਼ਵਰ' ਦੀ ਤੌਹੀਨ (ਅਵਮਾਨਨਾ) ਨਹੀਂ?

ਰਾਜਨਾਥ ਸਿੰਘ ਜੀ ਆਪਣੇ ਭਾਸ਼ਣ ਵਿਚ ਬਾਬਾ ਸਾਹਿਬ ਦੀ ਬੁੱਧੀਮਾਨਤਾ ਅਤੇ ਮਹਾਨਤਾ ਦੀ ਗੱਲ ਕਰਦੇ ਕਰਦੇ ਫਿਲਮ ਸਟਾਰ ਆਮਿਰ ਖਾਨ ਦੇ ਬਿਆਨ ਦਾ ਜ਼ਿਕਰ ਕਰਕੇ ਫਿਰ ਆਪਣੇ ਅਸਲ ਮੁੱਦੇ 'ਤੇ ਆ ਗਏ, ਜਿਸ ਨੇ ਦੇਸ਼ ਵਿਚ ਵੱਧ ਰਹੇ ਅਸਹਿਣਸ਼ੀਲਤਾ ਅਤੇ ਡਰ ਸਹਿਮ ਦੇ ਮਾਹੌਲ ਦੇ ਖ਼ਿਲਾਫ਼ ਆਪਣੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਨੇ ਆਮਿਰ ਖਾਨ ਤੇ ਚੋਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਹਜ਼ਾਰ ਅਪਮਾਨ, ਪ੍ਰਤਾੜਨਾ ਜਾਂ ਕਸ਼ਟ ਝੱਲਣ ਤੋਂ ਬਾਅਦ ਵੀ ਦੇਸ਼ ਛੱਡਣ ਦੀ ਗੱਲ ਨਹੀਂ ਕੀਤੀ। ਉਹਨਾਂ ਦੀ ਪਾਰਟੀ ਦਾ ਛੋਟਾ ਮੋਟਾ ਕਾਰਜ ਕਰਤਾ ਜੇ ਇਹੀ ਜਿਹੀ ਅਪ੍ਰਸੰਗਿਕ ਅਤੇ ਹਾਸੋਹੀਣੀ ਗੱਲ ਕਹਿ ਦੇਵੇ ਤਾਂ ਹੋਰ ਗੱਲ ਸੀ ਲੇਕਿਨ ਜੇ ਦੇਸ਼ ਦੇ ਗ੍ਰਹਿ ਮੰਤਰੀ ਦੇ ਮੂੰਹੋਂ ਅਜਿਹੀ ਬੇਮਤਲਬ ਟਿੱਪਣੀ ਨਿਕਲੇ ਤਾਂ ਇਸ ਨੂੰ ਅਫਸੋਸਨਾਕ ਸੋਚ ਹੀ ਕਹਿ ਸਕਦੇ ਹਾਂ। ਬਾਬਾ ਸਾਹਿਬ ਦੇ ਦੇਸ਼ ਛੱਡਣ ਦੀ ਗੱਲ ਉਹਨਾਂ ਨੂੰ ਕਿੱਥੋਂ ਸੁੱਝ ਗਈ? ਕੀ ਕੇਵਲ ਆਮਿਰ ਖਾਨ ਨੂੰ ਨੀਵਾਂ ਦਿਖਾਉਣ ਲਈ? ਜਾਂ ਅਸ਼ਹਿਣਸ਼ੀਲਤਾ, ਧਾਰਮਿਕ ਕੱਟੜਤਾ ਦੇ ਖ਼ਿਲਾਫ਼ ਉੱਠੀ ਰੋਸ ਲਹਿਰ ਦਾ ਮਜ਼ਾਕ ਉਡਾਉਣ ਲਈ?

ਮੋਦੀ ਜੀ ਲੋਕ ਸਭਾ ਵਿਚ ਬਹੁਮਤ ਪ੍ਰਾਪਤ ਕਰਨ ਉਪਰੰਤ ਦੇਸ਼ ਦੇ ਸ਼ਾਸਨ ਪ੍ਰਸ਼ਾਸਨ ਦੇ ਸਰਵੇ ਸਰਵਾ ਬਣ ਗਏ ਹਨ। ਇਹ ਵੀ ਮੰਨਣਾ ਪਵੇਗਾ ਕਿ ਉਹ ਭਾਸ਼ਣ ਕਲਾ ਦੇ ਮਾਹਿਰ ਵਕਤਾ ਹੋਣ ਦੇ ਨਾਲ-ਨਾਲ ਰਾਜਨੀਤੀ ਅਤੇ ਰਣਨੀਤੀ ਦੇ ਪਹੁੰਚੇ ਹੋਏ ਸ਼ਾਤਿਰ ਖਿਡਾਰੀ ਵੀ ਹਨ। ਭਾਸ਼ਣ ਕਲਾ ਦਾ ਮਾਹਿਰ ਵਕਤਾ 'ਸ਼ਾਹਜਹਾਨ' ਫਿਲਮ ਦੇ ਗਾਇਕ ਹੀਰੋ ਕੇ. ਐਲ. ਸਹਿਗਲ ਵਾਂਗ ਆਪਣੇ ਪੱਲੇ ਕੁਝ ਵੀ ਨਾ ਹੁੰਦੇ ਹੋਏ ਆਪਣੀ ਪ੍ਰੇਮਿਕਾ ਨੂੰ ਜਿੱਤਣ ਲਈ ਬਾਦਸ਼ਾਹ ਦੇ ਸਾਹਮਣੇ ਕੇਵਲ ਸ਼ਬਦਾਂ ਦੇ ਜ਼ੋਰ 'ਤੇ ਜ਼ਮੀਨ ਅਤੇ ਜੰਨਤ (ਸਵਰਗ) ਦਾ ਨਜ਼ਾਰਾ ਦਿਖਾ ਸਕਦਾ ਹੈ। (ਮੋਦੀ ਜੀ ਦੇ 'ਅੱਛੇ ਦਿਨ ਆਏਂਗੇ' ਵਾਂਗ) ਇਕ ਕੁਸ਼ਲ ਨੀਤੀਕਾਰ ਆਪਣੇ 'ਤੇ ਵਿਰੋਧੀਆਂ ਦੇ ਪੈਂਦੇ ਇੱਟਾਂ-ਵੱਟਿਆਂ ਨੂੰ ਵੀ ਇਕੱਠਾ ਕਰਕੇ ਉਹਨਾਂ ਦੀ ਸਿਖਰ 'ਤੇ ਚੜ੍ਹਨ ਲਈ ਪੌੜੀ ਬਣਾ ਸਕਦਾ ਹੈ, ਜਿਹਾ ਕਿ ਖੁਦ ਮੋਦੀ ਜੀ ਨੇ ਚੋਣ ਪ੍ਰਚਾਰ ਦੇ ਦੌਰਾਨ ਲਲਕਾਰ ਮਾਰੀ ਸੀ (ਪ੍ਰਿਯੰਕਾ ਗਾਂਧੀ, ਦੇ ਕਹੇ ਹੋਏ ਸ਼ਬਦ 'ਨੀਚ ਰਾਜਨੀਤੀ' ਨੂੰ 'ਨੀਚ ਜਾਤੀ' ਵਿਚ ਬਦਲ ਕੇ ਖੂਬ ਉਛਾਲਿਆ ਸੀ) ਮੋਦੀ ਜੀ ਦੇ ਚਰਿੱਤਰ ਅਤੇ ਸੁਭਾਅ ਦੀ ਇਸ ਵਿਸ਼ੇਸ਼ਤਾ ਨੂੰ ਧਿਆਨ ਵਿਚ ਰੱਖਦਿਆਂ ਉਹਨਾਂ ਦੇ ਦਿਲ ਵਿਚ ਜਾਗੇ ਅੰਬੇਡਕਰ ਪ੍ਰੇਮ ਦੇ ਰਹੱਸ ਨੂੰ ਸਮਝਣ ਲਈ ਕਾਫੀ ਮਦਦ ਮਿਲ ਸਕਦੀ ਹੈ ਕਿ ਕਿਤੇ ਇਸ ਮਨਮੋਹਣੀ ਮਠਿਆਈ ਵਿਚ ਕੁਝ ਮਿਲਾਅ ਤਾਂ ਨਹੀਂ ਦਿੱਤਾ!

ਇਸੇ ਸ਼ੱਕ ਭਰੀ ਨਜ਼ਰ ਨਾਲ ਬਹੁਚਰਚਿਤ ਪ੍ਰਸੰਗ 'ਅਸਹਿਣਸ਼ੀਲਤਾ' ਦੇ ਸਬੰਧ ਵਿਚ ਟ੍ਰਿਬਿਊਨ (3 ਦਸੰਬਰ 2015)ਆਪਣੇ ਸੰਪਾਦਕੀ ਲੇਖ Calculated Humility? (ਗਿਣੀ ਮਿੱਥੀ ਨਿਮਰਤਾ) ਵਿਚ ਲਿਖਦਾ ਹੈ 'ਬਹੁਤ ਲੋਕ ਇਹ ਯਕੀਨ ਕਰਨਾ ਚਾਹੁੰਦੇ ਹਨ ਕਿ ਜਿਸ ਨਿਮਰਤਾ ਦਾ ਪ੍ਰਗਟਾਵਾ ਮੋਦੀ ਜੀ ਨੇ ਪਾਰਲੀਮੈਂਟ ਵਿਚ ਕੀਤਾ ਹੈ ਉਹ ਕੋਈ ਸੋਚੀ ਸਮਝੀ ਗਿਣੀ-ਮਿੱਥੀ ਨਿਮਰਤਾ ਨਹੀਂ ਹੈ। ਉਹ ਨਾ ਕੇਵਲ ਪਾਰਲੀਮੈਂਟ ਵਿਚ (26 ਨਵੰਬਰ ਨੂੰ) ਸਾਰਾ ਦਿਨ ਬੈਠੇ ਵਿਰੋਧੀ ਪੱਖ ਦੇ ਭਾਸ਼ਣ ਅਤੇ ਆਲੋਚਨਾ ਸੁਣਦੇ ਰਹੇ ਬਲਕਿ ਅਗਲੇ ਦਿਨ ਉਹਨਾਂ ਨੇ ਆਪਣੇ ਸੰਬੋਧਨ ਵਿਚ ਸ਼ਾਂਤ ਰਹਿਣ ਦੀਆਂ ਗੱਲਾਂ ਵੀ ਕੀਤੀਆਂ।

ਹੋ ਸਕਦਾ ਹੈ ਉਹਨਾਂ ਨੇ ਬਿਹਾਰ ਚੋਣਾਂ ਵਿਚ ਕੋਈ ਕਰਾਰੀ ਹਾਰ ਤੋਂ ਕੋਈ ਸਬਕ ਸਿੱਖ ਲਿਆ ਹੋਵੇ ਅਤੇ ਵਿਦੇਸ਼ੀ ਨਿਵੇਸ਼ਕਾਂ ਦੇ ਦੇਸ਼ ਵਿਚ 'ਅਸਹਿਣਸ਼ੀਲਤਾ' ਦੇ ਮਾਹੌਲ ਵਿਚ ਉੱਠੇ ਖਦਸ਼ਿਆਂ ਨੂੰ ਦੂਰ ਕਰਨ ਦੀ ਕੁਝ ਫਿਕਰ ਵੀ ਕੀਤੀ ਹੋਵੇ, ਜਿਸ ਕਰਕੇ ਪੰਡਤ ਨਹਿਰੂ ਅਤੇ ਉਹਨਾਂ ਦੇ ਕੰਮਾਂ ਦੀ ਸ਼ਲਾਘਾ ਕਰਕੇ ਕਾਂਗਰਸ ਜਮਾਤ ਦੇ ਸਹਿਯੋਗ ਦੀ ਲੋੜ ਵੀ ਮਜਬੂਰ ਕਰਦੀ ਹੋਵੇ ਜੋ ਕਿ ਉਹਨਾਂ ਦੇ ਬਾਹਰ ਦੇਸ਼ਾਂ ਵਿਚ ਕਹੇ ਹੋਏ ਆਪਣੇ ਹੀ ਸ਼ਬਦਾਂ ਦੀ ਕਾਟ ਹੈ ਕਿ 'ਭਾਰਤ ਵਿਚ 65 ਸਾਲਾਂ ਤੋਂ ਜਮ੍ਹਾ ਹੋ ਚੁੱਕੀ ਗੰਦਗੀ ਨੂੰ ਸਾਫ ਕਰਨਾ ਮੇਰੀ ਸਰਕਾਰ ਦਾ ਪਹਿਲਾ ਕੰਮ ਹੋਵੇਗਾ' ਪਰ ਮੋਦੀ ਜੀ ਦੇ ਆਪਣੇ ਹੀ ਮੰਤਰੀਆਂ ਅਤੇ ਪ੍ਰਮੁੱਖ ਨੇਤਾਵਾਂ ਨੇ ਸੰਪਰਦਾਇਕ ਭਾਸ਼ਣਾਂ/ ਐਲਾਨਾਂ ਰਾਹੀਂ ਜੋ ਦੇਸ਼ ਵਿਚ ਡਰ, ਅਸੁਰੱਖਿਆ ਅਤੇ ਅਸਹਿਣਸ਼ੀਲਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ, ਉਸ ਉੱਤੇ ਮੋਦੀ ਜੀ ਕਿਉਂ ਚੁੱਪ ਰਹੇ? ਉਹਨਾਂ ਦੇ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਇਹ ਸਵਾਲ ਮੋਦੀ ਜੀ ਦੀ ਕਹਿਣੀ ਅਤੇ ਕਰਨੀ ਤੇ ਸਵਾਲ ਖੜ੍ਹੇ ਕਰਦਾ ਰਹੇਗਾ।'

ਇਸੇ ਤਰ੍ਹਾਂ ਮੋਦੀ ਜੀ ਦੀ ਕਹਿਣੀ ਅਤੇ ਕਰਨੀ ਬਾਰੇ ਦਲਿਤ ਸਮਾਜ ਦੇ ਦਿਲ ਵਿਚ ਵੀ ਸ਼ੰਕੇ ਸੰਦੇਹ ਖਦਸ਼ੇ ਪੈਦਾ ਹੋਣਾ ਵੀ ਕੁਦਰਤੀ ਹੈ। ਅਜਿਹੀ ਬੇਯਕੀਨੀ ਦਾ ਸਭ ਤੋਂ ਵੱਡਾ ਕਾਰਨ ਤਾਂ ਇਹੀ ਹੈ ਕਿ ਦਲਿਤ ਸ਼ੋਸ਼ਿਤ ਸਮਾਜ ਦਾ ਦੁਸ਼ਮਣ ਨੰਬਰ ਇਕ ਤਾਂ ਸਮਾਜ ਦੀਆਂ ਜੜ੍ਹਾਂ ਵਿਚ ਬੈਠਾ ਵਰਣ ਵਿਵਸਥਾ ਦਾ ਜਾਤਪਾਤੀ ਕੀੜਾ ਹੈ, ਜਿਸ ਨੂੰ ਮਾਰੇ ਅਤੇ ਬੇਅਸਰ ਕੀਤੇ ਬਿਨਾਂ ਦਲਿਤ ਸਮਾਜ 'ਤੇ ਕਦੇ ਵੀ ਹਰਿਆਲੀ ਨਹੀਂ ਆ ਸਕਦੀ ਅਤੇ ਜਿਸ ਦੇ ਹੁੰਦੇ ਹੋਏ ਸਮਾਜ ਵਿਚੋਂ ਸਮਾਜਿਕ ਊਚ-ਨੀਚ, ਨਫ਼ਰਤ, ਦਵੇਸ਼ ਅਤੇ ਆਰਥਿਕ ਨਾ ਬਰਾਬਰੀ ਕਦੇ ਵੀ ਖਤਮ ਨਹੀਂ ਹੋ ਸਕਦੀ।

ਕੀ ਮੋਦੀ ਜੀ ਨੇ ਕਦੇ ਵੀ ਸਮਾਜ 'ਤੇ ਲੱਗੇ ਇਸ ਕੋਹੜ ਵੱਲ ਧਿਆਨ ਦਿੱਤਾ? ਆਪਣੇ 27 ਨਵੰਬਰ ਦੇ ਭਾਸ਼ਣ ਵਿਚ ਜਿੱਥੇ ਉਹਨਾਂ ਨੇ ਬਾਬਾ ਸਾਹਿਬ ਦੀ ਸੰਵਿਧਾਨ ਪ੍ਰਤੀ ਭੂਮਿਕਾ ਬਾਰੇ ਪ੍ਰਸ਼ੰਸਾ ਦੀ ਝੜੀ ਲਗਾ ਦਿੱਤੀ, ਉਥੇ ਕੀ ਉਹਨਾਂ ਨੇ ਬ੍ਰਾਹਮਣਵਾਦ ਦੇ ਇਸ ਕਾਲੇ ਅਧਿਆਇ ਦਾ ਵੀ ਜ਼ਿਕਰ ਕੀਤਾ, ਜਿਸ ਤੋਂ ਦੁਖੀ ਹੋ ਕੇ ਉਹਨਾਂ ਨੇ ਇਸ ਨੂੰ ਰਿਆਸਤ ਬੜੌਦਾ ਦੀ ਸਰਾਂਅ ਦੇ ਨੇੜੇ ਕਸਮ ਖਾਧੀ ਸੀ? ਕਦੇ ਇਸ ਲਾਹਨਤ ਦੇ ਜਨਮਦਾਤੇ ਬ੍ਰਾਹਮਣੀ ਧਰਮ ਗ੍ਰੰਥਾਂ ਦੀਆਂ ਗੈਰ ਇਨਸਾਨੀ ਸਿੱਖਿਆਵਾਂ ਅਤੇ ਅਨੈਤਿਕ ਵਰਤਾਰਿਆਂ ਦੇ ਖ਼ਿਲਾਫ਼ ਇਕ ਸ਼ਬਦ ਵੀ ਬੋਲਿਆ? ਜਾਂ ਖੰਡਨ ਕੀਤਾ? ਇਸਦੇ ਉਲਟ ਹਕੀਕਤ ਇਹ ਹੈ ਕਿ ਉਹਨਾਂ ਤੋਂ ਇਸ ਪਰਿਪੇਖ ਵਿਚ ਕਿਸੇ ਅੱਛੇ ਹੁੰਗਾਰੇ ਦੀ ਆਸ ਕਰਨਾ ਹੀ ਕਿਸੇ ਉਜਾੜ ਬੀਆਬਾਨ ਵਿਚ ਕੂਕ ਮਾਰਨ ਦੇ ਬਰਾਬਰ ਹੈ। ਉਹਨਾਂ ਦੀ ਆਪਣੀ ਹੋਂਦ ਅਤੇ ਚੜ੍ਹਤ ਹੀ ਇਹਨਾਂ ਦੇਵੀ ਦੇਵਤਿਆਂ, ਮੰਦਰਾਂ, ਪੁਜਾਰੀਆਂ ਅਤੇ ਉਹਨਾਂ ਅੱਗੇ ਕੀਤੀਆਂ ਆਰਤੀਆਂ ਅਤੇ ਚੜ੍ਹਾਏ ਚੜ੍ਹਾਵਿਆਂ ਦੀ ਕਿਰਪਾ ਸਦਕਾ ਹੈ!

ਫਿਲਹਾਲ ਬਾਬਾ ਸਾਹਿਬ ਬਾਰੇ ਮੋਦੀ ਜੀ ਵੱਲੋਂ ਛੇੜੀ/ ਕੀਤੀ ਚਰਚਾ, ਵਾਰਤਾ ਨੂੰ ਅੱਛੀ ਸ਼ੁਰੂਆਤ ਕਿਹਾ ਜਾ ਸਕਦਾ ਹੈ, ਕੀ ਉਹ ਉਹਨਾਂ ਦੀ ਫਿਲਾਸਫ਼ੀ ਅਤੇ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਵੀ ਇਸੇ ਤਰ੍ਹਾਂ ਦੀ ਗਰਮਾਹਟ ਅਤੇ ਜੋਸ਼ ਨਾਲ ਕਦਮ ਪੁੱਟਣਗੇ,ਕਿਉਂਕਿ ਦਲੀਏ ਦੇ ਸਵਾਦ ਦਾ ਪਤਾ ਤਾਂ ਉਸ ਨੂੰ ਖਾਣ ਤੋਂ ਪਿੱਛੋਂ ਹੀ ਲੱਗਦਾ ਹੈ।

(The Taste of the pudding lies in its eating)

# ਪ੍ਰੋ: ਗੁਰਭਜਨ ਗਿੱਲ ਦੀ ਸਮੁੱਚੀ ਕਾਵਿ-ਸਿਰਜਣਾ 'ਤੇ ਇਕ ਦਿਨਾ ਸਫਲ ਸੈਮੀਨਾਰ ਆਯੋਜਿਤ

## ਸਾਹਿਤ ਖੇਤਰ ਨਾਲ ਜੁੜੀਆਂ ਸਖਸੀਅਤਾਂ ਨੇ ਕੀਤੀ ਸਮੂਲੀਅਤ

**ਬਟਾਲਾ (ਨਰਿੰਦਰ ਬਰਨਾਲ)–** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਪੰਜਾਬੀ ਲੋਕ ਲਿਖ-ਾਰੀ ਮੰਚ ਬਟਾਲਾ ਵੱਲੋਂ ਸ਼੍ਰੋਮਣੀ ਸ਼ਾਇਰ ਪ੍ਰੋ: ਗੁਰਭਜਨ ਗਿੱਲ ਦੀ ਸਮੁੱਚੀ ਕਾਵਿ-ਸਿਰਜਣਾ 'ਤੇ ਇਕ ਦਿਨਾ ਸਫਲ ਸੈਮੀਨਾਰ ਕਰਵਾਇਆ ਗਿਆ । ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ, ਡਾ. ਰਵਿੰਦਰ, ਡਾ. ਸੁਰਜੀਤ ਸਿੰਘ, ਡਾ. ਅਨੂਪ ਸਿੰਘ, ਡਾ. ਸਰਬਜੀਤ ਸਿੰਘ ਤੇ ਪ੍ਰੋ: ਗੁਰਭਜਨ ਗਿੱਲ ਨੇ ਕੀਤੀ । ਡਾ. ਰਵਿੰਦਰ ਨੇ ਆਪਣੇ ਸਵਾਗਤੀ ਸ਼ਬਦਾਂ ਵਿਚ ਪ੍ਰੋ: ਗਿੱਲ ਦੇ ਕਾਵਿ-ਸਫ਼ਰ ਬਾਰੇ ਸੰਖੇਪ ਜਾਣਕਾਰੀ ਦਿੰਦਿਆ ਉਸ ਨੂੰ ਧਰਤੀ ਨਾਲ ਜੁੜਿਆ ਸ਼ਾਇਰ ਦੱਸਿਆ। ਵਿਦਵਤਾ ਭਰਪੂਰ ਆਪਣੇ ਉਦਘਾਟਨੀ ਭਾਸ਼ਣ 'ਚ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਪ੍ਰੋ: ਗੁਰਭਜਨ ਗਿੱਲ ਪੰਜਾਬੀ ਲੋਕਾਂ ਦੇ ਸਰੋਕਾਰਾਂ ਨੂੰ ਲੋਕਾਂ ਦੀ ਬੋਲੀ-ਸ਼ੈਲੀ 'ਚ ਪੇਸ਼ ਕਰਦਿਆਂ ਵਾਸਤਵਿਕਤਾ ਨਾਲ ਜੁੜਿਆ ਰਹਿੰਦਾ ਹੈ। ਪ੍ਰੋ: ਰਵਿੰਦਰ ਭੱਠਲ ਨੇ ਇਕ ਸ਼ੈਸ਼ਨ ਦੀ ਪ੍ਰਧਾਨਗੀ ਕਰਦਿਆਂ ਪ੍ਰੋ: ਗੁਰਭਜਨ ਗਿੱਲ ਦੀ ਕਮਾਲ ਦੀ ਯਾਦ ਸ਼ਕਤੀ ਤੇ ਸ਼ਬਦ-ਸ਼ਿਲਪ ਦੇ ਸਹਾਰੇ ਉਸ ਦੀ ਕਾਵਿ-ਸ਼ੈਲੀ ਨੂੰ ਲੋਕ ਸ਼ੈਲੀ ਆਇਆ। ਡਾ. ਗੁਰਇਕਬਾਲਸਿੰਘ ਨੇ ਦੂਜੇ ਸ਼ੈਸ਼ਨ ਦੀ ਪ੍ਰਧਾਨਗੀ ਕਰਦਿਆਂ ਪ੍ਰੋ: ਗੁਰਭਜਨ ਸਿੰਘ ਨੂੰ ਮਾਂ-ਬੋਲੀ ਤੇ ਮਾਂ-ਧਰਤੀ ਨੂੰ ਸਮਰਪਿਤ ਸ਼ਾਇਰ ਹੈ । ਡਾ. ਅਨੂਪ ਸਿੰਘ ਨੇ ਪ੍ਰੋ: ਗੁਰਭਜਨ ਗਿੱਲ ਦੀ ਬਹੁ-ਪੱਖੀ ਸ਼ਖ਼ਸੀਅਤ ਦਾ ਜ਼ਿਕਰ ਕਰਦਿਆਂ ਉਸ ਦੁਆਰਾ ਵੱਖ-ਵੱਖ ਢੰਗ-ਤਰੀਕਿਆਂ ਦੁਆਰਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਦਾ ਜ਼ਿਕਰ ਕੀਤਾ। ਇਸ ਮੌਕੇ ਨੌਜਵਾਨ ਸ਼ਾਇਰ ਹਰਸਿਮਰਨ ਸਿੰਘ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ "ਪਰਤ ਆਇਆ ਹਾਂ" ਲੋਕ ਅਰਪਣ ਕੀਤੀ ਗਈ।



ਇਹ ਸੈਮੀਨਾਰ ਦੋ ਸ਼ੈਸ਼ਨਾਂ 'ਚ ਕੀਤਾ ਗਿਆ । ਪਹਿਲੇ ਸ਼ੈਸ਼ਨ ਦੀ ਪ੍ਰਧਾਨਗੀ ਪ੍ਰੋ: ਰਵਿੰਦਰ ਭੱਠਲ ਨੇ ਕੀਤੀ ਅਤੇ ਇਸ ਵਿਚ ਪ੍ਰੋ: ਸੁਰਜੀਤ ਜੱਜ, ਡਾ. ਜਾਗੀਰ ਸਿੰਘ ਨੂਰ, ਡਾ. ਜਗਵਿੰਦਰ ਜੋਧਾ, ਡਾ. ਸੈਮੂਅਲ ਗਿੱਲ, ਡਾ. ਹੀਰਾ ਸਿੰਘ, ਡਾ.ਪਰਮਜੀਤ ਸਿੰਘ ਕਲਸੀ ਤੇ ਡਾ. ਬਲਜੀਤ ਕੌਰ ਰਿਆੜ ਨੇ ਆਪਣੇ-ਆਪਣੇ ਪੇਪਰ ਪੇਸ਼ ਕੀਤੇ। ਦੂਜੇ ਸ਼ੈਸ਼ਨ ਦੀ ਪ੍ਰਧਾਨਗੀ ਡਾ. ਗੁਰਇਕਬਾਲ ਸਿੰਘ ਨੇ ਕੀਤੀ ਅਤੇ ਪ੍ਰਿੰ. ਜਸਪਾਲ ਸਿੰਘ, ਡਾ. ਨਾਰੇਸ਼ ਕੁਮਾਰ, ਡਾ. ਸਮਸ਼ੇਰ ਮੋਹੀ, ਡਾ. ਰੁਪਿੰਦਰਜੀਤ ਗਿੱਲ, ਡਾ. ਮਨਦੀਪ ਕੌਰ ਢੀਂਡਸਾ ਤੇ ਪ੍ਰੋ: ਰਮਨਦੀਪ ਕੌਰ ਨੇ ਪੇਪਰ ਪੇਸ਼ ਕੀਤੇ।

ਇਨ੍ਹਾਂ ਸਾਰੇ ਪੇਪਰਾਂ ਉੱਪਰ ਡਾ. ਸਤਿੰਦਰ ਸਿੰਘ ਰੈਬੀ, ਡਾ. ਸੁਖਦੇਵ ਸਿੰਘ, ਪ੍ਰਿੰ. ਸ਼ੇਵਾ ਸਿੰਘ ਕੌੜਾ, ਪ੍ਰਿੰ. ਰਘਬੀਰ ਸਿੰਘ ਸੋਹਲ, ਦੇਵਿੰਦਰ ਦੀਦਾਰ, ਡਾ. ਜਸਵੰਤ ਸਿੰਘ ਬਲ, ਜਸਵੰਤ ਹਾਂਸ, ਸੰਧੂ ਬਟਾਲਵੀ, ਰੋਜ਼ੀ ਸਿੰਘ, ਭੁਪਿੰਦਰ ਸਿੰਘ ਸੰਧੂ, ਤ੍ਰੈਲੋਚਲ ਲੋਚੀ, ਵਰਗਿਸ ਸਲਾਮਤ, ਪ੍ਰ. ਰਵਿੰਦਰ ਭੱਠਲ, ਡਾ. ਗੁਰਇਕਬਾਲ ਸਿੰਘ ਆਦਿ ਨੇ ਸੰਖੇਪ ਟਿੱਪਣੀਆਂ ਕੀਤੀਆਂ । ਪ੍ਰੋ: ਗੁਰਭਜਨ ਗਿੱਲ ਨੇ ਆਪਣੀ ਜੰਮਣ-ਭੌਂ ਤੇ ਆਪਣੇ ਨਿਕਟਵਰਤੀਆਂ ਦਾ ਜਿਕਰ ਕਰਦਿਆਂ ਸਮਾਗਮ ਆਯੋਜਿਤ ਕਰਵਾਉਣ ਵਾਲੀਆਂ ਦੋਵਾਂ ਸੰਸਥਾਵਾਂ ਦਾ ਧੰਨਵਾਦ ਕੀਤਾ।

ਇਸ ਸਫ਼ਲ ਕਾਵਿ-ਸੈਮੀਨਾਰ 'ਚ ਅਨੇਕਾਂ ਸਾਹਿਤਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਭਾਗ ਲਿਆ।

ਇਨ੍ਹਾਂ 'ਚ ਸਰਵ ਸ੍ਰੀ ਸੁਖਦੇਵ ਸਿੰਘ ਪ੍ਰੇਮੀ, ਸੁੱਚਾ ਸਿੰਘ ਰੰਧਾਵਾ, ਚੰਨ ਬੋਲੇਵਾਲੀਆ, ਪ੍ਰੋ: ਗੁਰਪ੍ਰਤਾਪ ਸਿੰਘ ਕਾਹਲੋਂ, ਵਿਜੇ ਅਗਨੀਹੋਤਰੀ, ਸੂਬਾ ਸਿੰਘ ਖਹਿਰਾ, ਸੁੱਚਾ ਸਿੰਘ ਨਾਗੀ, ਸੁਰਿੰਦਰ ਸਿੰਘ ਨਿਮਾਣਾ, ਸੁਲਤਾਨ ਭਾਰਤੀ, ਹਰਪਾਲ ਨਾਗਰਾ, ਬਲਵਿੰਦਰ ਗੰਭੀਰ, ਕੁਲਬੀਰ ਸਿੰਘ ਸੱਗੂ, ਫਿੱਦਾ ਬਟਾਲਵੀ, ਅਜੀਤ ਕਮਲ, ਨਰਿੰਦਰ ਬਰਨਾਲ, ਸਿਮਰਤ ਸੁਮੈਰਾ, ਨਰਿੰਦਰ ਸੰਘਾ, ਆਦਰਸ਼ਜੀਤ ਕੌਰ, ਤਲਵਿੰਦਰ ਕੌਰ, ਲਖਵਿੰਦਰ ਸਿੰਘ ਢਿੱਲੋਂ, ਚਰਨਜੀਤ ਸਿੰਘ, ਪ੍ਰਤਾਪ ਸਿੰਘ, ਹੀਰਾ ਮਿਸ਼ਰਪੁਰੀਆ, ਵਿਨੋਦ ਸ਼ਾਇਰ, ਹੈਪੀ ਮੁਰਗੀ ਮੁਹੱਲਾ, ਮਨਮੋਹਨ ਕਪੂਰ, ਚਰਨਪ੍ਰੀਤ ਸਿੰਘ, ਰਾਜਪਾਲ ਸਿੰਘ ਬਾਠ, ਓਮ ਪ੍ਰਕਾਸ਼ ਭਗਤ, ਡਾ. ਅਮਨਦੀਪ ਸਿੰਘ, ਦੁੱਖਭੰਜਨ ਸਿੰਘ ਰੰਧਾਵਾ, ਗੁਰਬਚਨ ਸਿੰਘ ਬਾਜਵਾ, ਸੁਲੱਖ ਮਸੀਹ ਗਿੱਲ, ਬਲਦੇਵ ਸਿੰਘ ਰੰਧਾਵਾ, ਗੁਰਮੇਜ ਸਿੰਘ ਆਦਿ ਪ੍ਰਮੁੱਖ ਸਨ।

# ਭਾਰਤੀ ਸਾਹਿਤ ਅਕੈਡਮੀ ਦਾ ਸਨਮਾਨ ਮਿਲਣ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਡਾ ਜਸਵਿੰਦਰ ਸਿੰਘ ਨੂੰ ਵਧਾਈ

**ਲੁਧਿਆਣਾ–** ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾਥ ਕਰਮਜੀਤ ਸਿੰਘ ਨੇ ਡਾ ਜਸਵਿੰਦਰ ਸਿੰਘ ਦੇ ਨਾਵਲ "ਮਾਤ ਲੋਕ" ਨੂੰ ਭਾਰਤੀ ਸਹਿਤ ਅਕੈਡਮੀ ਦੇ ਸਨਮਾਨ ਮਿਲਣ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਹੈ। ਡਾ. ਜਸਵਿੰਦਰ ਸਿੰਘ ਦਾ ਨਾਵਲ ਛੱਪਣ ਸਮੇਂ ਤੋਂ ਹੀ ਚਰਚਾ ਵਿਚ ਹੈ ਜਿਸਦੇ ਹੁਣ ਤਕ ਦੋ ਐਡੀਸ਼ਨ ਛਪ ਚੁੱਕੇ ਹਨ।

ਅਮਰਜੀਤ ਸਿੰਘ ਗਰੇਵਾਲ ਅਨੁਸਾਰ 'ਮਾਤ ਲੋਕ' ਆਧੁਨਿਕ ਪੰਜਾਬੀ ਨਾਵਲ ਦੇ ਨਵੇਂ ਪ੍ਰਤਿਮਾਨ ਸਥਾਪਤ ਕਰਨ ਵਾਲ਼ੀ ਰਚਨਾ ਹੈ। ਆਪਣੇ ਸਮੇਂ ਦੇ ਰਾਜਨੀਤਕ-ਸੰਸਕ੍ਰਿਤਕ ਖਿਲਾਰੇ ਨੂੰ ਨਾਵਲੀ ਬਿਰਤਾਂਤ ਵਿਚ ਕਿਵੇਂ ਬੰਨ੍ਹਣਾ ਹੈ, ਇਹ ਜੁਗਤਾਂ ਸਿੱਖਣ ਲਈ ਜਸਵਿੰਦਰ ਸਿੰਘ ਦੀ ਸ਼ਾਗਿਰਦੀ ਕੀਤੀ ਜਾ ਸਕਦੀ ਹੈ। ਪਰ ਉਸਦੀ ਇਹ ਉਸਤਾਦੀ ਕੇਵਲ ਨਾਵਲ ਰਚਨਾ ਦੀਆਂ ਬਿਰਤਾਂਤਕਾਰੀ ਵਿਧਾਵਾਂ ਦੀ ਮਾਸਟਰੀ ਤਕ ਹੀ ਸੀਮਤ ਨਹੀਂ, ਪੰਜਾਬੀ ਭਾਈਚਾਰੇ ਦੇ ਆਰਥਕ ਅਤੇ ਰਾਨੀਤਕ-ਸਾਂਸਕ੍ਰਿਤਕ ਤਣਾਵਾਂ ਨੂੰ ਤਲਾਸ਼ਣ ਅਤੇ ਨਵੀਆਂ ਸੰਭਾਨਾਵਾਂ ਨੂੰ ਪਹਿਚਾਨਣ ਵਿਚ ਵਧੇਰੇ ਹੈ।"



ਡਾਥ ਜਸਵਿੰਦਰ ਸਿੰਘ ਇਕ ਸਮਰੱਥ ਆਲੋਚਕ, ਯਥਾਰਥਵਾਦੀ ਕਹਾਣੀਕਾਰ ਅਤੇ ਲੋਕਧਾਰਾ/ਸਭਿਆਚਾਰਕ ਸ਼ਾਸਤਰੀ ਹੈ।

ਨਾਵਲਕਾਰ ਦੇ ਤੌਰ ਤੇ ਵੀ ਉਸਨੇ ਵੱਖਰੀ ਪਛਾਣ ਬਣਾਈ ਹੋਈ ਹੈ। ਪੰਜਾਬੀ ਕਵਿਤਾ ਦੀ ਆਲੋਚਨਾ ਦੇ ਖੇਤਰ ਵਿਚ ਵੀ ਉਸਦਾ ਨਾਂ ਜਾਣਿਆਂ ਪਛਾਣਿਆਂ ਹੈ। ਉਸਨੂੰ ਸਾਹਿਤ ਅਕੈਡਮੀ ਦਾ ਇਨਾਮ ਮਿਲਣਾ ਪੰਜਾਬੀ ਸਾਹਿਤ ਦੇ ਖੇਤਰ ਵਿਚ ਸ਼ੁਭ ਸ਼ਗਨ ਹੈ। ਕੇਂਦਰੀ ਸਭਾ ਦੇ ਅਹੁਦੇਦਾਰਾਂ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦੇਵਿੰਦਰ ਸਿੰਘ, ਤਰਲੋਚਨ ਝਾਂਡੇ, ਡਾ. ਮਾਨ ਸਿੰਘ ਢੀਂਡਸਾ, ਅੰਮ੍ਰਿਤਬੀਰ ਕੌਰ, ਸੁਰਿੰਦਰ ਪ੍ਰੀਤ ਘਣੀਆ, ਕਰਮ ਸਿੰਘ ਵਕੀਲ ਅਤੇ ਵਰਗਿਸ ਸਲਾਮਤ ਨੇ ਵੀ ਡਾ. ਜਸਵਿੰਦਰ ਸਿੰਘ ਨੂੰ ਸਨਮਾਨ ਮਿਲਣ ਤੇ ਦਿਲੀ ਵਧਾਈਆਂ ਦਿੱਤੀਆਂ ਹਨ।



**– ਪ੍ਰੋ ਕਰਮਜੀਤ ਸਿੰਘ**

# 'ਨਕਸਲਬਾੜੀ ਲਹਿਰ ਤੇ ਪੰਜਾਬੀ ਨਾਵਲ' ਪੁਸਤਕ ਤੇ ਵਿਚਾਰ ਗੋਸ਼ਟੀ ਕਰਵਾਈ

**ਪਟਿਆਲਾ–** ਬੀਤੀ 5 ਦਸੰਬਰ ਨੂੰ ਭਾਸ਼ਾ ਵਿਭਾਗ ਪਟਿਆਲਾ ਵਿਖੇ ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਦੁਆਰਾ ਸੰਪਾਦਿਤ ਕੀਤੀ ਪੁਸਤਕ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਸਮਾਗਮ ਦੇ ਸ਼ੁਰੂ ਵਿਚ ਮੰਚ ਸੰਚਾਲਨ ਕਰਦਿਆਂ ਡਾ. ਮੋਹਨ ਤਿਆਗੀ ਨੇ ਇਸ ਪੁਸਤਕ ਦੀ ਵਿਚਾਰਧਾਰਕ ਸਮੱਗਰੀ ਅਤੇ ਪੁਸਤਕ ਸੰਪਾਦਕਾਂ ਬਾਰੇ ਸੰਖੇਪ ਵਿਚ ਜਾਣ-ਪਛਾਣ ਕਰਵਾਈ ਗਈ। ਇਸ ਪੁਸਤਕ ਤੇ ਡਾ. ਭੀਮਇੰਦਰ ਸਿੰਘ ਅਤੇ ਖੋਜ ਵਿਦਿਆਰਥੀ ਸਤਿੰਦਰਪਾਲ ਵੱਲੋਂ ਭਾਵਪੂਰਤ ਪੇਪਰ ਪੇਸ਼ ਕੀਤੇ। ਡਾ. ਭੀਮ ਇੰਦਰ ਨੇ ਆਪਣੇ ਪੇਪਰ ਵਿਚ ਲਹਿਰ ਦੇ ਭੂਤਕਾਲੀ ਸੰਦਰਭਾਂ ਨੂੰ ਇਸ ਦੀ ਵਰਤਾਮਾਨ ਪ੍ਰਸੰਗਿਕਤਾ ਨਾਲ ਜੋੜਦਿਆਂ ਇਸ ਦੀ ਅਜੋਕੀ ਮਹੱਤਤਾ ਦੀ ਗੱਲ ਕੀਤੀ। ਵਿਸ਼ੇਸ਼ ਬੁਲਾਰੇ ਵਜੋਂ ਡਾ. ਗੁਰਪਾਲ ਸੰਧੂ ਨੇ ਨਕਸਲਬਾੜੀ ਲਹਿਰ ਨਾਲ ਸਬੰਧਤ ਰੋਮਾਂਸਵਾਦੀ ਅਤੇ ਯਥਾਰਥਵਾਦੀ ਨਾਵਲ ਦੀ ਤੁਲਨਾ ਕਰਦਿਆਂ ਲਹਿਰ ਨਾਲ ਸਬੰਧਤ ਨਾਵਲਕਾਰਾਂ ਦੀ ਨਾਵਲੀ ਪ੍ਰਮਾਣਿਕਤਾ ਦੀ ਗੱਲ ਕੀਤੀ। ਡਾ. ਸੁਰਜੀਤ ਬਰਾੜ ਨੇ ਨਕਸਲਬਾੜੀ ਲਹਿਰ ਦੀ ਮਹੱਤਤਾ ਬਾਰੇ ਬੋਲਦਿਆਂ ਇਸ ਸਮੁੱਚੇ ਨਾਵਲੀ ਸਾਹਿਤ ਨੂੰ ਲੋਕ ਲਹਿਰਾਂ ਦੇ ਸੰਦਰਭ ਵਿਚ ਪਰਿਭ-ਾਸ਼ਿਤ ਕਰਨ ਦਾ ਯਤਨ ਕੀਤਾ। ਇਸ ਪੁਸਤਕ ਬਾਰੇ ਚੱਲੀ ਭਰਵੀਂ ਬਹਿਸ ਵਿਚ ਨਾਵਲਕਾਰ ਸ੍ਰੀ ਬਾਰੂ ਸਤਵਰਗ, ਸ੍ਰੀ ਧਰਮ ਕੰ-ਮੇਆਣਾ, ਸ੍ਰੀ ਘਣਸ਼ਾਮ ਜੋਸ਼ੀ ਅਤੇ ਸ੍ਰੀ ਸ਼ਾਮ ਸਿੰਘ ਅੰਗਸੰਗ ਨੇ ਆਪਣੇ ਪੁਖਤਾ ਵਿਚਾਰ ਪੇਸ਼ ਕੀਤੇ। ਕੈਨੇਡਾ ਤੋਂ ਆਏ ਕਹਾਣੀਕਾਰ ਅਮਰਜੀਤ ਚਾਹਲ ਅਤੇ ਇੰਗਲੈਂਡ ਤੋਂ ਆਏ ਨਾਵਲਕਰ ਮਹਿੰਦਰਪਾਲ ਧਾਲੀਵਾਲ ਨੇ ਨਕਸਲਬਾੜੀ ਲਹਿਰ ਬਾਰੇ ਆਪਣੇ ਤਜਰਬਿਆਂ ਨੂੰ ਆਧਾਰ ਬਣਾ ਕੇ ਸਮੁੱਚੇ ਨਕਸਲਬਾੜੀ ਸਾਹਿਤ ਦੀ ਸਾਰਥਿਕਤਾ ਨੂੰ ਉਭਾਰਿਆ। ਉਨ੍ਹਾਂ ਨੇ ਲਹਿਰ ਦੇ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਘਟਨਾਕ੍ਰਮ ਨੂੰ ਕਲਾਵੇ ਵਿਚ ਲੈਂਦਿਆਂ ਲਹਿਰ ਨਾਲ ਜੋੜੇ ਲੋਕ ਸਰੋਕਾਰਾਂ ਤੇ ਜ਼ਿਆਦਾ ਜ਼ੋਰ ਦਿੱਤਾ। ਸ੍ਰੀ ਬਲਦੇਵ ਸੜਕਨਾਮਾ ਨੇ ਲਹਿਰਦੇ ਸਮਕਾਲੀਨ ਹਾਲਾਤਾਂ ਅਤੇ ਪ੍ਰਸਥਿਤੀਆਂ ਦੀ ਗੱਲ ਕਰਦਿਆਂ ਇਸਦੀ ਸਮਾਜਿਕ ਉੱਤਮਤਾ ਦੀ ਗੱਲ ਕੀਤੀ।ਇਸ ਉਪਰੰਤ ਡਾ. ਜਸਵਿੰਦਰ ਸਿੰਘ ਨੇ ਇਸ ਪੁਸਤਕ ਤੇ ਬੋਲਦਿਆਂ ਨਕਸਲਬਾੜੀ ਲਹਿਰ ਦੇ ਇਤਿਹਾਸ ਅਤੇ ਇਸਦੇ ਸਾਹਿਤਕ ਸਰੋਕਾਰਾਂ 'ਤੇ ਜ਼ੋਰ ਦਿੰਦਿਆਂ ਇਸਦੀਆਂ ਸੀਮਾਵਾਂ ਅਤੇ ਸਾਰਥਿਕਤਾ ਦੀ ਗੱਲ ਕੀਤੀ। ਇਸ ਦੇ ਨਾਲ ਹੀ ਉਹਨਾਂ ਨੇ ਲਹਿਰ ਦੇ ਅੰਦਰੂਨੀ ਸੰਕਟਾਂ ਅਤੇ ਅੰਤਰ ਵਿਰੋਧਾਂ ਬਾਰੇ ਬੋਲਦਿਆਂ ਲਹਿਰ ਦੇ ਵਿਘਟਨ ਦਾ ਕਾਰਨ ਬਣੇ ਕਾਰਨਾਂ ਤੇ ਘਟਨਾਵਾਂ ਉਤੇ ਵਿਸਤਰਿਤ ਚਰਚਾ ਕੀਤੀ। ਸਮਾਗਮ ਦੇ ਅੰਤ ਵਿਚ ਮੋਹਨ ਮਤਿਆਲਵੀ ਦੀ ਨਵੀਂ ਕਾਵਿ ਪੁਸਤਕ 'ਕੋਈ ਨਹੀਂ ਆਏਗਾ' ਅਤੇ ਡਾ. ਸੁਰਜੀਤ ਬਰਾੜ ਦੀ ਪੁਸਤਕ 'ਹਰਜਿੰਦਰ ਕੰਗ ਦਾ ਰਚਨਾ ਸੰਸਾਰ' ਰਿਲੀਜ਼ ਕੀਤੀ ਗਈ। ਇਸ ਗੋਸ਼ਟੀ ਵਿਚ ਪ੍ਰੋ. ਬਾਵਾ ਸਿੰਘ, ਸ੍ਰੀ ਸਤਨਾਮ ਜੰਗਲਨਾਮਾ, ਡਾ. ਲੱਛਮੀ ਨਰਾਇਣ ਭੀਖੀ, ਸ੍ਰੀ ਬਲਵਿੰਦਰ ਸਿੰਘ ਚੰਡੀਗੜ੍ਹ, ਡਾ. ਸੰਤੋਖ ਸੁੱਖੀ, ਡਾ. ਕੰਵਰ ਜਸਮਿੰਦਰਪਾਲ ਸਿੰਘ, ਨਰਿੰਦਰਪਾਲ ਕੌਰ, ਪਰੀਤੀ ਸ਼ੈਲੀ ਬਾਲੀਆਂ, ਸ੍ਰੀ ਬਲਬੀਰ ਜਲਾਲਾਬਾਦੀ, ਸ੍ਰੀ ਧਰਮ ਕੰਮੇਆਣਾ, ਪ੍ਰਿੰਸੀਪਲ ਫਕੀਰੀਆ ਰਾਮ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਿਦਿਆਰਥੀ ਅਤੇ ਪਾਠਕ ਹਾਜ਼ਰ ਸਨ।



ਡਾ. ਮੋਹਨ ਤਿਆਗੀ
ਫਾਇਲ ਚਿੱਤਰ

**– ਡਾ. ਮੋਹਨ ਤਿਆਗੀ**

# ਅੰਬੇਡਕਰ ਮਿਸ਼ਨ ਸੋਸਾਇਟੀ ਇਕਾਈ ਨੰਗਲ ਜ਼ਿਲ੍ਹਾ ਰੂਪਨਗਰ ਦੀ ਨਵੀਂ ਕਮੇਟੀ ਦੀ ਚੋਣ ਹੋਈ

**ਨੰਗਲ (ਰੂਪਨਗਰ)–** ਡਾਕਟਰ ਬੀ ਆਰ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਇਕਾਈ ਨੰਗਲ ਜ਼ਿਲ੍ਹਾ ਰੂਪਨਗਰ ਦੀ ਨਵੀਂ ਕਮੇਟੀ ਦੀ ਅਗਲੇ ਦੋ ਸਾਲਾਂ ਲਈ ਚੋਣ ਚੇਅਰਮੈਨ ਦੌਲਤ ਰਾਮ ਦੀ ਦੇਖਰੇਖ ਹੇਠ ਕੀਤੀ ਗਈ ਜਿਸ ਵਿੱਚ ਸਰਵਸੰਮਤੀ ਨਾਲ ਚੰਨਣ ਸਿੰਘ ਇੰਦਰਾ ਨਗਰ ਨੂੰ ਪ੍ਰਧਾਨ, ਸਰਦਾਰੀ ਲਾਲ ਰਾਜਨਗਰ ਨੂੰ ਸੀਨੀਅਰ ਉਪ ਪ੍ਰਧਾਨ, ਪਰਮਿੰਦਰ ਪਾਲ ਨੂੰ ਉਪ ਪ੍ਰਧਾਨ, ਬਿਕਾਨੂ ਰਾਮ ਨੂੰ ਜਨਰਲ ਸਕੱਤਰ, ਦਰਸ਼ਨ ਸਿੰਘ ਲੁੱਡਣ ਨੂੰ ਖਜ਼ਾਨਚੀ, ਸੁਰਿੰਦਰ ਕੁਮਾਰ ਨੂੰ ਸੰਯੁਕਤ ਸਕੱਤਰ, ਅਸ਼ੋਕ ਕੁਮਾਰ ਨੂੰ ਪ੍ਰਚਾਰ ਸਕੱਤਰ, ਕੁਲਦੀਪ ਚੰਦ ਨੂੰ ਪ੍ਰੈਸ ਸਕੱਤਰ, ਬਿਹਾਰੀ ਲਾਲ ਅਤੇ ਮਨਜੀਤ ਕੁਮਾਰ ਨੂੰ ਕਾਨੂੰਨੀ ਸਲਾਹਕਾਰ, ਸਰਦਾਰੀ ਲਾਲ ਨੂੰ ਸਲਾਹਕਾਰ, ਸੁੱਚਾ ਰਾਮ ਨੂੰ ਆਡੀਟਰ ਨਿਯੁਕਤ ਕੀਤਾ ਗਿਆ ਹੈ। ਇਸਤੋਂ ਇਲਾਵਾ ਤਰਸੇਮ ਚੰਦ, ਆਤਮਾ ਰਾਮ, ਰਾਮ ਆਸਰਾ, ਸੰਸਾਰ ਚੰਦ, ਮੰਗਤ ਰਾਮ, ਕੇਵਲ ਕੁਮਾਰ, ਸੁਰਜੀਤ ਸਿੰਘ, ਅਸ਼ਵਨੀ, ਤਰਸੇਮ ਲਾਲ, ਗੁਰਦਿਆਲ ਸਿੰਘ, ਸੇਵਾ ਸਿੰਘ, ਨਿਰਮਲ ਸਿੰਘ, ਸੁਰਿੰਦਰ ਪੰਮਾ, ਸੰਤੋਖ ਸਿੰਘ ਅਤੇ ਸ਼ੀਸ਼ ਕੁਮਾਰ ਨੂੰ ਕਾਰਜਕਾਰੀ ਮੈਂਬਰ ਬਣਾਇਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਪ੍ਰੈਸ ਸਕੱਤਰ ਕੁਲਦੀਪ ਚੰਦ ਨੇ ਦੱਸਿਆ ਕਿ ਅੰਬੇਡਕਰ ਮਿਸ਼ਨ ਸੋਸਾਇਟੀ ਵੱਲੋਂ ਇਸ ਸਬੰਧੀ ਚੇਅਰਮੈਨ ਅਨੁਸੂਚਿਤ ਜਾਤਿ ਆਯੋਗ ਚੰਡੀਗੜ੍ਹ, ਡਾਇਰੈਕਟਰ ਸਮਾਜ ਭਲਾਈ ਵਿਭਾਗ ਚੰਡੀਗੜ੍ਹ, ਡਿਪਟੀ ਕਮਿਸ਼ਨਰ ਰੂਪਨਗਰ, ਐਸ ਐਸ ਪੀ ਰੂਪਨਗਰ, ਮਦਨ ਮੋਹਨ ਮਿੱਤਲ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ, ਉਪੱ ਮੰਡਲ ਮੈਜਿਸਟ੍ਰੇਟ ਨੰਗਲ, ਚੇਅਰਮੈਨ ਮਿਉਂਸੀਪਲ ਕੌਂਸਲ ਨੰਗਲ, ਐਸ ਐਚ ਓ ਨੰਗਲ, ਚੀਫ ਇੰਜੀਨੀਅਰ ਭਾਖੜਾ ਡੈਮ, ਪ੍ਰਧਾਨ ਅੰਬੇਡਕਰ ਮਿਸ਼ਨ ਸੋਸਾਇਟੀ ਜਲੰਧਰ, ਆਦਿ ਨੂੰ ਜਾਣਕਾਰੀ ਭੇਜੀ ਗਈ ਹੈ। ਇਸ ਮੌਕੇ ਸੋਸਾਇਟੀ ਨੇ ਪੰਜਾਬ ਵਿੱਚ ਦਲਿਤਾਂ ਉਤੇ ਵੱਧ ਰਹੇ ਅੱਤਿਆਚਾਰਾਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਪ੍ਰਧਾਨ ਚੰਨਣ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਕਿ ਅਬੋਹਰ ਕਾਂਡ ਦੇ ਦੋਸ਼ੀਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਵੀ ਵਿਅਕਤੀ ਅਜਿਹੀ ਘਟਨਾ ਨੂੰ ਮੁੜ ਤੋਂ ਅੰਜਾਮ ਨਾ ਦੇ ਸਕੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਸ ਘਟਨਾ ਲਈ ਜਿੰਮੇਵਾਰ ਵਿਅਕਤੀਆਂ ਵਿਰੁੱਧ ਕਾਰਵਾਈ ਕਰਨ ਵਿੱਚ ਢਿੱਲਮੱਠ ਕੀਤੀ ਤਾਂ ਸੋਸਾਇਟੀ ਵੱਲੋਂ ਤਿੱਖਾ ਰੋਸਮਈ ਸੰਘਰਸ਼ ਕੀਤਾ ਜਾਵੇਗਾ ਜਿਸ ਲਈ ਸਰਕਾਰ ਜਿੰਮੇਵਾਰ ਹੋਵੇਗੀ। ਉਨ੍ਹਾਂ ਦੱਸਿਆ ਕਿ ਸੋਸਾਇਟੀ ਵੱਲੋਂ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਯੂਨਿਟ ਬਣਾਏ ਜਾਣਗੇ।



ਉਨ੍ਹਾਂ ਦੱਸਿਆ ਕਿ ਸੋਸਾਇਟੀ ਵਲੋਂ ਡਾਕਟਰ ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਸਮਾਜ ਭਲਾਈ ਦੇ ਕੰਮ ਕੀਤੇ ਜਾਣਗੇ ਅਤੇ ਸਮਾਜ ਦੇ ਕਮਜ਼ੋਰ ਅਤੇ ਲੋੜਵੰਦ ਬੱਚਿਆਂ ਨੂੰ ਸਿੱਖਿਆ ਲਈ ਹਰ ਤਰਾਂ ਦੀ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਤੇ ਯਸ਼ਪਾਲ, ਜਗਮੋਹਨ, ਆਤਮਾ ਰਾਮ, ਸ਼ਿਵ ਚਰਨ, ਪ੍ਰੇਮ ਚੰਦ, ਰਵਿੰਦਰ ਕੁਮਾਰ, ਅੰਮ੍ਰਿਤਪਾਲ ਸਿੰਘ, ਵਿਜੈ ਕੁਮਾਰ ਆਦਿ ਹਾਜ਼ਰ ਸਨ।

**– ਕੁਲਦੀਪ ਚੰਦ (9417563054)**

# ਸਦਭਾਵਨਾ ਨੂੰ ਸੱਟ ਮਾਰੇ ਕੱਟੜਤਾ !



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਆਮ ਨਾਵਾਂ ਨਾਲੋਂ ਹਟ ਕੇ, ਅਜੀਬ ਜਿਹੇ ਨਾਂ ਵਾਲੇ ਇਕ ਸੱਜਣ ਨਾਲ ਫੇਸ-ਬੁੱਕ 'ਤੇ ਮੇਰੀ ਬਹਿਸ ਚੱਲ ਰਹੀ ਸੀ। ਮੇਰੀਆਂ ਆਸਤਿਕ ਦਲੀਲਾਂ ਨੂੰ ਉਹ ਨਾਸਤਿਕ ਵਿਚਾਰਾਂ ਦੀ ਤਿੱਖੀ ਕੈਂਚੀ ਨਾਲ ਕੱਟੀ ਜਾ ਰਿਹਾ ਸੀ। ਚਲਦੀ ਬਹਿਸ ਵਿਚ ਉਸਦੀ ਸੁਰ ਨਾ ਸੁਰ ਮਿਲਾਉਂਦਾ ਹੋਇਆ ਲਖਵਿੰਦਰ 'ਤਰਕਸ਼ੀਲ' ਨਾਂ ਦਾ ਇਕ ਹੋਰ ਵਿਅਕਤੀ ਵੀ ਆਪਣੇ ਵਿਚਾਰ ਲਿਖਣ ਲੱਗ ਪਿਆ। 'ਹਮ ਕੋ ਹਮਾਰਾ ਖ਼ੂਬ ਤੁਮਕੋ ਤੁਮਾਰਾ ਖ਼ੂਬ' ਦੀ ਪਾਲਣਾ ਕਰਦਿਆਂ ਭਾਵੇਂ ਮੈਂ ਬਹਿਸ ਵਿਚ ਖੰਡਨ-ਮੰਡਨ ਕਰਨ ਤੋਂ ਗੁਰੇਜ਼ ਕਰ ਲਿਆ। ਪਰ ਲਖਵਿੰਦਰ ਦੇ ਕਈ ਵਜ਼ਨਦਾਰ ਨੁਕਤਿਆਂ ਤੋਂ ਮੈਨੂੰ ਮਹਿਸੂਸ ਹੋਇਆ ਕਿ ਇਹ ਭਰਾ ਆਪਣੇ ਨਾਂ ਪਿੱਛੇ ਐਵੇਂ ਨਹੀਂ 'ਤਰਕਸ਼ੀਲ' ਦਾ ਲੇਬਲ ਚਿਪਕਾਈ ਫਿਰਦਾ। ਸਗੋਂ ਇਹ ਵਾਕਿਆ ਹੀ ਪੜ੍ਹਿਆ ਗੁੜ੍ਹਿਆ ਜਾਪਦਾ ਹੈ। ਇਸ ਦਾ ਅੱਗਾ-ਪਿੱਛਾ ਪੁੱਛਿਆ ਮੈਨੂੰ ਕੈਲੇਫੋਰਨੀਆ ਬੈਠੇ ਨੂੰ ਹੀ ਹੋਰ ਖੁਸ਼ੀ ਹੋਈ ਕਿਉਂਕਿ ਇਹ ਨੌਜਵਾਨ ਮੇਰੇ ਇਲਾਕੇ ਦੇ ਪ੍ਰਸਿੱਧ ਰਾਹੋਂ ਕਸਬੇ ਦਾ ਵਸਨੀਕ ਨਿਕਲਿਆ।

ਫੋਨ 'ਤੇ ਗੱਲਬਾਤ ਕਰਦਿਆਂ ਉਸਨੇ ਸੰਖੇਪ ਜਿਹਾ ਦੱਸਿਆ ਕਿ ਜੀ ਮੈਂ ਪਲੱਸ-ਟੂ ਕਰਨ ਉਪਰੰਤ ਵੈਬ-ਡਿਜ਼ਾਇਨਿੰਗ ਦਾ ਕੰਪਿਊਟਰ ਕੋਰਸ ਵੀ ਕੀਤਾ ਹੋਇਆ ਹੈ। ਚੇਤਨਾ ਜਗਾਉਣ ਵਾਲਾ ਅਗਾਂਹਵਧੂ ਸਾਹਿਤ ਪੜ੍ਹਨਾ ਮੇਰਾ ਪ੍ਰਥਮ ਸ਼ੌਂਕ ਹੈ। ਜਦ ਮੈਂ ਉਸਨੂੰ ਪੁੱਛਿਆ ਕਿ ਅੱਜ ਕੱਲ੍ਹ ਕੀ ਕਰਦੇ ਹੋ? ਤਾਂ ਉਸਨੇ ਬੇਝਿਜਕ ਦੱਸਿਆ ਕਿ ਮੇਰਾ ਬਾਪ ਰਾਹੋਂ ਦੇ ਬੱਸ ਅੱਡੇ ਵਿਚ ਜੁੱਤੀਆਂ ਗੰਢਣ ਦਾ ਕੰਮ ਕਰਦਾ ਹੁੰਦਾ ਸੀ। ਸੰਨ 99 ਵਿਚ ਉਸਦੀ ਮੌਤ ਹੋ ਗਈ ਤਾਂ ਉਸੇ ਥਾਂ ਮੈਂ ਮੋਚੀ ਬਣ ਕੇ ਬਹਿ ਗਿਆ। ਇੰਝ ਘਰ ਦਾ ਰੋਟੀ-ਪਾਣੀ ਚਲਾ ਰਿਹਾ ਹਾਂ।

ਇਹ ਗੱਲ 2014 ਦੇ ਨਵੰਬਰ-ਦਸੰਬਰ ਦੀ ਹੈ, ਜਦੋਂ ਮੈਂ ਪੰਜਾਬ ਜਾਣ ਦਾ ਪ੍ਰੋਗਰਾਮ ਬਣਾ ਰਿਹਾ ਸਾਂ। ਮੈਂ ਉਸਨੂੰ ਇਹ ਜਾਣਕਾਰੀ ਦਿੱਤੀ ਤਾਂ ਉਸਨੇ ਖੁਸ਼ ਹੁੰਦਿਆਂ ਮੈਨੂੰ ਨਿਮਰਤਾ ਨਾਲ ਪੁੱਛਿਆ ਕਿ ਤੁਸੀਂ ਮੇਰੇ ਵਿਆਹ 'ਤੇ ਆਉਣਾ ਪਸੰਦ ਕਰੋਗੇ, ਜੋ ਕਿ ਜਨਵਰੀ-ਫਰਵਰੀ ਵਿਚ ਹੋਣਾ ਹੈ? ਮੈਂ ਵੀ ਪ੍ਰਸੰਨਤਾ ਜ਼ਾਹਿਰ ਕਰਦਿਆਂ ਉਸਨੂੰ 'ਹਾਂ' ਕਰ ਦਿੱਤੀ।

ਦਸੰਬਰ ਮਹੀਨੇ ਮੈਂ ਪਿੰਡ ਪਹੁੰਚ ਗਿਆ। ਉਸਦੇ ਵਿਆਹ ਤੋਂ ਕੁਝ ਹਫਤੇ ਪਹਿਲਾਂ ਹੀ, ਬਿਨਾਂ ਅਗਾਊਂ ਸੂਚਿਤ ਕੀਤਿਆਂ ਉਸਨੂੰ 'ਸਰਪ੍ਰਾਈਜ਼' ਦੇਣ ਲਈ ਮੈਂ ਇਕ ਦੁਪਹਿਰ ਆਪਣਾ ਸਕੂਟਰ ਚੁੱਕਿਆ ਤੇ ਰਾਹੋਂ ਬੱਸ ਸਟੈਂਡ ਉਸਦੇ ਅੱਡੇ 'ਤੇ ਜਾ ਖੜ੍ਹਾ ਹੋਇਆ। ਇਕ ਦੂਜੇ ਦੀ ਫੋਟੋ ਦੇਖੀ ਹੋਈ ਹੋਣ ਕਾਰਨ ਅਸੀਂ ਦੋਹਾਂ ਨੇ ਇਕ-ਦੂਸਰੇ ਨੂੰ ਪਛਾਣ ਲਿਆ। ਹਥਲੇ ਬੂਟ ਨੂੰ ਟਾਂਕੇ ਲਾਉਣੇ ਛੱਡ ਕੇ ਉਹ ਮੇਰੇ ਸਤਿਕਾਰ ਵਜੋਂ ਇਕਦਮ ਹੱਥ ਜੋੜ ਕੇ ਖੜ੍ਹ ਗਿਆ। ਉਸ ਮੌਕੇ ਦਾ ਦ੍ਰਿਸ਼-ਚਿਤਰਣ ਉਸਦੇ ਆਪਣੇ ਹੀ ਸ਼ਬਦਾਂ ਵਿਚ ਬਿਆਨ ਕੀਤਾ ਹੋਇਆ ਪੜ੍ਹੋ। ਜੋ ਉਸਨੇ ਫੇਸ-ਬੁੱਕ 'ਤੇ ਪੋਸਟ ਦੇ ਰੂਪ ਵਿਚ ਪਾਇਆ ਹੋਇਆ ਹੈ-

'ਕੱਲ੍ਹ ਮੇਰੇ ਖੌਸੜੇ ਗੰਢਣ ਵਾਲੇ 'ਦਫਤਰ' ਵਿਚ (ਮੇਰਾ ਨਾਂ)- ਨੇ ਆਉਣਾ ਕੀਤਾ। ਸਾਡੀ ਕੋਈ ਰਿਸ਼ਤੇਦਾਰੀ ਨੀ, ਨਾ ਹੀ ਅਸੀਂ ਪਹਿਲਾਂ ਕਦੀ ਮਿਲੇ ਸੀ, ਸਿਰਫ ਅਖਬਾਰੀ ਲਿਖਤਾਂ ਤੇ ਫੇਸ-ਬੁੱਕ ਰਾਹੀਂ ਹੀ ਸਾਂਝ ਸੀ ਸਾਡੀ ਤੇ ਦੂਜਾ ਇਨਸਾਨੀਅਤ ਦਾ ਜਜ਼ਬਾ ਸੀ। ਹਾਲਾਂਕਿ ਮੇਰਾ ਉਹਨਾਂ ਨਾਲ ਫੇਸ-ਬੁੱਕ 'ਤੇ ਹੋਇਆ ਪਹਿਲਾ ਰਾਬਤਾ ਕੋਈ ਬਹੁਤਾ ਹਾਂ-ਪੱਖੀ ਨਹੀਂ ਸੀ, ਪਰ ਉਨ੍ਹਾਂ ਦੀਆਂ ਲਿਖਤਾਂ ਜੋ ਅਲੱਗ ਅਲੱਗ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਨੇ, ਜੋ ਮੈਂ ਅਕਸਰ ਬੜੇ ਧਿਆਨ ਨਾਲ ਪੜ੍ਹਦਾ ਸੀ ਤੇ ਹੁਣ ਵੀ ਬੜੀ ਰੀਝ ਨਾਲ ਪੜ੍ਹੀ ਦੀਆਂ ਨੇ, ਕਾਫੀ ਕੁਝ ਸਿੱਖਿਆ ਹੈ ਮੈਂ ਇਨ੍ਹਾਂ ਤੋਂ, ਇਨ੍ਹਾਂ ਨੂੰ ਮਿਲਣ ਦੀ ਤਮੰਨਾ ਵੀ ਸੀ ਮੇਰੀ, ਪਰ ਮੈਂ ਕਦੇ ਵੀ ਇਹ ਨਹੀਂ ਸੋਚਿਆ ਸੀ ਕਿ ਉਹ ਮੈਨੂੰ ਇਸ ਤਰ੍ਹਾਂ ਮਿਲਣ ਆਉਣਗੇ, ਇਸ ਤਰ੍ਹਾਂ ਕਦੇ ਮੇਰੇ ਅਖੌਤੀ 'ਆਪਣਿਆਂ' ਨੇ ਨੀ ਗਲੇ ਲਗਾਇਆ, ਜਿਵੇਂ ਦੁਪਾਲ ਪੁਰੀ ਜੀ ਖੌਸੜੇ ਗੰਢਦੇ ਨੂੰ ਲਗਾਇਆ, ਨਹੀਂ ਤਾਂ ਬਹੁਤਿਆਂ ਨੂੰ ਸ਼ਰਮ ਮਹਿਸੂਸ ਹੋਣ ਲੱਗ ਪੈਂਦੀ ਏ ਮੇਰੇ ਵਰਗੇ ਕਿਰਤੀਆਂ ਕੋਲ ਖੜ੍ਹਨ ਲੱਗਿਆਂ ਸਮੇਤ ਅਗਾਂਹਵਧੂਆਂ ਦੇ, ਬਰੋਬਰ ਬਹਿ ਕੇ ਚਾਹ ਦੀ ਪਿਆਲੀ ਪੀਤੀ, ਤੇ ਹੋਰ ਦੁੱਖ ਦੀਆਂ, ਸੁੱਖ ਦੀਆਂ ਗੱਲਾਂ ਸਾਂਝੀਆਂ ਕੀਤੀਆਂ, ਸਭ ਤੋਂ ਵੱਡੀ ਗੱਲ ਜੋ ਉਨ੍ਹਾਂ ਕੀਤੀ, ਉਹ ਮੇਰੇ ਦਿਲ ਦੀ ਗੱਲ ਪੂਰੀ ਕਰਕੇ। ਜੋ ਕਿ ਮੈਂ ਉਹਨਾਂ ਨਾਲ ਕਦੇ ਕੀਤੀ ਵੀ ਨਹੀਂ ਸੀ, ਉਨ੍ਹਾਂ ਵੱਲੋਂ ਲਿਆਂਦਾ ਅਨਮੁੱਲਾ ਤੋਹਫਾ ਤੇ ਇਹ ਮਿਲਣੀ ਹਮੇਸ਼ਾ ਯਾਦ ਰਹੇਗੀ, ਅੰਤ ਵਿਚ ਮੈਂ ਸਲਾਮ ਕਰਦਾ, ਜੀ ਨੂੰ।'

(ਲਖਵਿੰਦਰ ਦੇ ਇਨ੍ਹਾਂ ਸ਼ਬਦਾਂ ਵਿਚ ਜਿਸ 'ਅਣਮੁੱਲੇ ਤੋਹਫੇ' ਦਾ ਜ਼ਿਕਰ ਆਇਆ ਹੈ ਉਹ ਸਿਰਫ ਇਕ ਜੈਕਟ ਸੀ, ਜੋ ਸਰਦੀ ਦਾ ਮੌਸਮ ਹੋਣ ਕਰਕੇ ਮੈਂ ਉਹਦੇ ਲਈ ਲੈ ਗਿਆ ਸੀ।)



ਇਸ ਮੌਕੇ ਉਸਨੇ ਆਪਣੇ ਮਿੱਤਰ ਬਜ਼ੁਰਗ ਨਾਵਲਕਾਰ ਹਰਚੰਦ ਸਿੰਘ ਗਿੱਲ ਮਿਆਣੀ ਅਤੇ ਕਾਮਰੇਡ ਜਸਵੀਰ ਜੱਸਾ ਨੂੰ ਵੀ ਬੁਲਾ ਲਿਆ, ਜਿਸ ਕਰਕੇ ਇਸ ਬੈਠਕ ਨੂੰ ਸਾਹਿਤਕ ਰੰਗ ਵੀ ਚੜ੍ਹ ਗਿਆ।

ਹਰ ਤਰ੍ਹਾਂ ਦੇ ਨਸ਼ੇ-ਪੱਤੇ ਤੋਂ ਰਹਿਤ ਲਖਵਿੰਦਰ ਨੂੰ ਜਦੋਂ ਮੈਂ ਗਲਵੱਕੜੀ ਪਾ ਕੇ ਮਿਲ ਰਿਹਾ ਸਾਂ ਤਾਂ ਪਿੱਛਿਉਂ ਲੁਧਿਆਣਾ ਤੋਂ ਨਵਾਂ ਸ਼ਹਿਰ ਆ ਰਹੀ ਬੱਸ ਲੰਘੀ। ਜਿਸ ਵਿਚ ਸਫਰ ਕਰ ਰਹੇ ਸਾਡੇ ਪਿੰਡ ਦੇ ਇਕ ਸੱਜਣ ਤੇ ਉਸਦੀ ਘਰ ਵਾਲੀ ਨੇ ਮੈਨੂੰ ਵੇਖਿਆ ਹੋਵੇਗਾ। ਰਾਹੋਂ ਵਾਲੀ ਮਿਲਣੀ ਤੋਂ ਦੂਜੇ ਦਿਨ ਸ਼ਾਮ ਨੂੰ ਜਦ ਮੈਂ ਸੈਰ ਕਰਨ ਦਰਿਆ ਵੱਲ ਨਿਕਲਿਆ ਤਾਂ ਰਾਹ ਵਿਚ ਉਹ ਅੰਮ੍ਰਿਤਧਾਰੀ ਸੱਜਣ ਮੇਰੇ ਨਾਲ ਬਹਿਸ-ਮੁਬਾਹਿਸਾ ਕਰਨ ਲੱਗ ਪਿਆ! ਅਖੇ, ਇਕ ਸਿੱਖ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਨੂੰ 'ਅਜਿਹੇ ਬੰਦਿਆਂ' ਨਾਲ ਮੇਲ-ਮਿਲਾਪ ਸੋਭਾ ਨਹੀਂ ਦਿੰਦਾ! ਉਸਨੂੰ ਸਮਝਾਉਣ ਦੀ ਕੋਸ਼ਿਸ਼ ਵਜੋਂ ਮੈਂ ਕਿਹਾ ਕਿ ਜੇ ਸਾਡਾ ਗੁਰੂ ਚਮੜੇ ਦਾ ਕੰਮ ਕਰਨ ਵਾਲੇ, ਕੱਪੜੇ ਬੁਣਨ ਜਾਂ ਰੰਗਣ ਵਾਲੇ ਅਤੇ ਕਸਾਈ ਦਾ ਕਿੱਤਾ ਕਰਨ ਵਾਲੇ ਕਿਰਤੀਆਂ ਨੂੰ ਆਪਣੇ ਬਰਾਬਰ ਬਹਾ ਕੇ, ਉਹਨਾਂ ਦੀ ਲਿਖੀ ਹੋਈ ਬਾਣੀ ਨੂੰ ਪੂਜਣਯੋਗ ਬਣਾ ਸਕਦਾ ਹੈ, ਤਾਂ ਅਸੀਂ ਉਸ ਗੁਰੂ ਦੇ ਪੈਰੋਕਾਰ ਹੁੰਦਿਆਂ 'ਸਭ ਕੋ ਮੀਤ ਹਮ ਆਪਨ ਕੀਨਾ' ਦੇ ਮਾਰਗ 'ਤੇ ਕਿਉਂ ਨਾ ਤੁਰੀਏ? ਪਰ ਉਹ ਹੂੜ੍ਹ-ਮੱਤੀਆ ਸੱਜਣ ਮੇਰੀਆਂ ਸਾਰੀਆਂ ਦਲੀਲਾਂ 'ਤੇ ਕਾਟਾ ਫੇਰਦਿਆਂ ਇਹ ਢੁੱਚਰ ਡਾਹ ਕੇ ਤੁਰਦਾ ਬਣਿਆ- 'ਗੁਰੂਆਂ ਦੀ ਰੀਸ ਅਸੀਂ ਥੋੜ੍ਹੀ ਕਰ ਸਕਦੇ ਆਂ?'

ਖੈਰ ਲਖਵਿੰਦਰ ਨੇ ਫੋਨ 'ਤੇ ਦੱਸਿਆ ਕਿ ਮੇਰੇ ਵਿਆਹ 'ਤੇ ਬਰਾਤ ਵਿਚ ਤਾਂ ਪੰਜ-ਸੱਤ ਕੁ ਬੰਦੇ ਹੀ ਜਾਣਗੇ। ਤੁਸੀਂ ਇਕ ਦਿਨ ਪਹਿਲਾਂ ਚਾਹ-ਪਾਣੀ ਛਕ ਜਾਇਓ 'ਦਾਸ' ਦੇ ਘਰੇ। ਹੋਰ ਕਈ ਰੁਝੇਵੇਂ ਹੋਣ ਦੇ ਬਾਵਜੂਦ ਮੈਂ ਵਿਆਹ ਤੋਂ ਇਕ ਦਿਨ ਪਹਿਲਾਂ ਰਾਹੋਂ ਉਸਦੇ ਘਰੇ ਗਿਆ। ਘਰ ਦੀ ਛੱਤ ਉਪਰ ਲੱਗੇ ਸ਼ਾਮਿਆਨੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਰਿਹਾ ਦੇਖ ਕੇ ਮੈਂ ਹੈਰਾਨ ਜਿਹਾ ਹੋਇਆ। ਕਿਉਂਕਿ ਮੈਨੂੰ ਪਤਾ ਸੀ ਕਿ ਤਰਕਸ਼ੀਲ ਹੋਣ ਨਾਤੇ ਲਖਵਿੰਦਰ ਦਾ ਰੱਬ ਜਾਂ ਧਰਮ ਵਿਚ ਕੋਈ ਵਿਸ਼ਵਾਸ ਨਹੀਂ ਹੈ! ਫਿਰ ਇਹ ਸਭ ਕਿਵੇਂ ਹੋ ਰਿਹਾ ਹੋਵੇਗਾ? ਪਰ ਉਦੋਂ ਮੈਂ ਹੋਰ ਹੈਰਾਨ ਹੋ ਗਿਆ, ਜਦ ਉਸਨੇ ਚਾਹ ਪਿਲਾਉਣ ਵੇਲੇ ਮੇਰੀਆਂ ਅੱਖਾਂ 'ਚ ਤੈਰ ਰਹੇ ਸਵਾਲ ਦਾ ਆਪੇ ਉੱਤਰ ਦਿੰਦਿਆਂ ਦੱਸਿਆ- "ਮੇਰੀ ਬੀਬੀ (ਮਾਂ) ਦੀ ਰੀਝ ਸੀ ਸੁਖਮਣੀ ਸਾਹਿਬ ਦਾ ਪਾਠ ਕਰਾਉਣ ਦੀ!" ਬਿਨਾਂ ਕਿਸੇ ਲੁਕ-ਲੁਕਾਅ ਜਾਂ ਲਿਫਾਫੇਬਾਜੀ ਦੇ ਉਹਦੇ ਮੂੰਹੋਂ ਸੱਚ ਸੁਣ ਕੇ ਮੈਂ ਉਸਤੋਂ ਹੋਰ ਪ੍ਰਭਾਵਿਤ ਹੋਇਆ!

ਅੱਧਾ ਕੁ ਘੰਟਾ ਮੈਂ ਸੁਖਮਨੀ ਸਾਹਿਬ ਦਾ ਪਾਠ ਕਰਕੇ, ਆਪਣੇ ਘਰਦਿਆਂ ਵੱਲੋਂ ਭੇਜਿਆ ਗਿਆ ਨਿਕ-ਸੁਕ ਉਸਨੂੰ ਤੇ ਉਸਦੀ ਨਿੱਕੀ ਭੈਣ ਹੱਥ ਫੜਾਇਆ। ਥੋੜ੍ਹਾ ਚਿਰ ਹੋਰ ਹਾਜ਼ਰੀ ਭਰ ਕੇ ਮੈਂ ਉਥੋਂ ਕਿਸੇ ਹੋਰ ਪ੍ਰੋਗਰਾਮ 'ਤੇ ਚਲਾ ਗਿਆ।

ਹੁਣ ਸੁਣੋ ਸਦਭਾਵਨਾ ਨੂੰ ਸਾੜਨ ਵਾਲੀ ਕੱਟੜਤਾ ਦਾ ਅਗਲਾ ਦਿਲਚਸਪ ਕਿੱਸਾ! ਦਸੰਬਰ 7, 2015 ਵਾਲੇ ਦਿਨ ਲਖਵਿੰਦਰ ਨੇ ਮੈਨੂੰ ਫੋਨ 'ਤੇ ਖੁਸ਼ਖਬਰੀ ਦਿੱਤੀ ਕਿ ਉਸ ਘਰ ਪੁੱਤਰ ਨੇ ਜਨਮ ਲਿਆ ਹੈ। ਵਧਾਈਆਂ ਦੇ ਆਦਾਨ-ਪ੍ਰਦਾਨ ਬਾਅਦ ਮੈਂ ਆਪਣੀ ਆਦਤ ਮੁਤਾਬਕ ਕਾਕੇ ਦਾ ਕੋਈ ਸੋਹਣਾ ਜਿਹਾ ਨਾਂ ਰੱਖਣ ਲਈ ਕਿਹਾ। ਖੁਸ਼ ਹੁੰਦਿਆਂ ਉਸਨੇ ਮੈਨੂੰ ਹੀ ਕੋਈ ਵਧੀਆ ਜਿਹਾ ਨਾ ਸੁਝਾਉਣ ਲਈ ਕਿਹਾ ਤੇ ਨਾਲੇ ਮਾਣ ਨਾਲ ਦੱਸਿਆ ਕਿ ਸਾਡੇ ਘਰ ਦੇ ਬਜ਼ੁਰਗ ਤਾਇਆ ਜੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਲੈ ਕੇ ਆਏ ਨੇ। 'ਵਟਯ-ਅਪ' ਜ਼ਰੀਏ ਸ਼ਬਦ ਦੀਆਂ ਪਹਿਲੀਆਂ ਤੁਕਾਂ ਮੈਨੂੰ ਭੇਜ ਕੇ, ਲਖਵਿੰਦਰ ਨੇ ਕਿਹਾ ਕਿ 'ਪੱਪੇ' ਅੱਖਰ ਤੋਂ ਸ਼ੁਰੂ ਹੁੰਦਾ ਕੋਈ ਪਾਪੂਲਰ ਜਿਹਾ ਨਾਂ ਲਿਖ ਭੇਜੋ। 'ਪ੍ਰਦੀਪ-ਪ੍ਰਤੀਕ-ਪਰਮਜੀਤ' ਵਗੈਰਾ ਕੁਝ ਨਾਂ ਲਿਖ ਕੇ ਉਸਨੂੰ ਭੇਜ ਦਿੱਤੇ। ਪਰ ਕੁਝ ਘੰਟਿਆਂ ਬਾਅਦ ਉਸਨੇ ਮੈਨੂੰ ਫੋਨ 'ਤੇ ਦੱਸਿਆ ਕਿ ਸਾਡੇ ਤਾਇਆ ਜੀ ਨੇ ਹੀ ਲਿਖਾ-ਪੜ੍ਹੀ ਕਰਦਿਆਂ ਬਾਬੇ, ਤਾਏ, ਚਾਚੇ ਅਤੇ ਦਾਦੀ ਦੇ ਨਾਵਾਂ ਦਾ ਪਹਿਲਾ ਇਕ ਇਕ ਅੱਖਰ ਲੈ ਕੇ, ਨਾਲ ਜੋੜ ਲਿਆ ਲਖਵਿੰਦਰ ਦਾ ਪਹਿਲਾ ਅੱਖਰ 'ਲੱਲਾ'। ਇੰਝ ਨਵ-ਜਨਮੇ ਬੱਚੇ ਦਾ ਨਾਂ ਰੱਖਿਆ ਪ੍ਰਬਜੋਤ ਕਮਲ'।

ਇਹ ਸਾਰਾ ਵੇਰਵਾ ਸੁਣ ਕੇ ਮੈਂ ਵਿਸਮਾਦਿਤ ਹੋ ਉਠਿਆ! ਮੈਂ ਅਜਿਹਾ ਪਹਿਲੀ ਵਾਰ ਸੁਦਿਆ ਸੀ ਕਿ ਕਿਸੇ ਨਵ-ਜਨਮੇ ਬਾਲ ਦਾ ਨਾਂ ਪੁਰਖਿਆਂ ਦੇ ਨਾਵਾਂ ਵਿਚੋਂ ਅੱਖਰ ਚੁਣ ਚੁਣ ਕੇ ਰੱਖਿਆ ਗਿਆ ਹੋਵੇ! ਇਹ ਗੱਲ ਵੀ ਨੋਟ ਕਰਨ ਵਾਲੀ ਸੀ ਕਿ ਧਾਰਮਿਕ ਰਹੁ-ਰੀਤਾਂ ਵਿਚ ਆਪਣਾ ਕੋਈ ਵਿਸ਼ਵਾਸ ਨਾ ਹੋਣ ਦੇ ਬਾਵਜੂਦ ਵੀ ਲਖਵਿੰਦਰ ਨੇ ਆਪਣੇ ਤਾਇਆ ਜੀ ਦਾ ਮਾਣ ਰੱਖਿਆ। ਪਰਿਵਾਰਕ ਸਦਭਾਵਨਾ ਕਾਇਮ ਰੱਖੀ ਤੇ ਆਪਣਾ ਕੋਈ 'ਫਲਸਫਾ' ਨਹੀਂ ਘੋਟਿਆ।

ਵੱਡੀ ਪ੍ਰਸੰਨਤਾ ਨਾਲ ਮੈਂ ਇਸ ਸਾਰੇ ਬਿਰਤਾਂਤ ਦੀ ਇਕ ਸੰਖੇਪ ਜਿਹੀ ਖਬਰ ਬਣਾ ਕੇ 'ਲਖਵਿੰਦਰ ਤਰਕਸ਼ੀਲ ਨੂੰ ਵਧਾਈਆਂ' ਦੀ ਸੁਰਖੀ ਹੇਠ ਦੇਸ-ਵਿਦੇਸ ਦੀਆਂ ਕਈ ਅਖਬਾਰਾਂ ਵਿਚ ਛਪਵਾ ਦਿੱਤੀ। ਇਸ ਪ੍ਰਚਾਰ ਪਿੱਛੇ ਮੇਰੀ ਭਾਵਨਾ ਇਹੀ ਸੀ ਕਿ ਅਜੋਕੇ ਯੁੱਗ ਵਿਚ ਜਦੋਂ ਕਈ ਅਮੀਰਜ਼ਾਦੇ ਪੁੱਤ ਆਪਣੇ ਮਾਪਿਆਂ ਦਾ ਤ੍ਰਿਸਕਾਰ ਕਰਦੇ ਨੇ ਅਤੇ ਉਨ੍ਹਾਂ ਨੂੰ ਬੁਢਾਪਾ ਰੋਲਣ ਲਈ ਬਿਰਧ ਆਸ਼ਰਮਾਂ ਵਿਚ ਧੱਕ ਰਹੇ ਹਨ। ਤਾਂ ਅਜਿਹੇ ਨਿਰਦਈ ਦੌਰ ਵਿਚ ਇਕ ਗਰੀਬ ਨੌਜਵਾਨ ਦੀ ਕਹਾਣੀ ਦਾ ਵੀ ਲੋਕਾਂ ਨੂੰ ਪਤਾ ਲੱਗੇ, ਜੋ ਇਸ ਕਦਰ ਵਡਿੱਕਿਆਂ ਦਾ ਮਾਣ-ਸਨਮਾਨ ਕਰਦਾ ਹੈ।

ਜਲੰਧਰੋਂ ਛਪਦੀ ਇਕ ਅਖਬਾਰ ਵਿਚ ਇਹ ਖਬਰ ਦੇਖ ਕੇ ਲਖਵਿੰਦਰ ਤੇ ਉਸਦਾ ਪਰਿਵਾਰ ਬਹੁਤ ਖੁਸ਼ ਹੋਏ। ਉਸ ਨੇ ਬੜੇ ਭਾਵ-ਪੂਰਤ ਸ਼ਬਦਾਂ ਵਿਚ ਮੇਰਾ ਧੰਨਵਾਦ ਵੀ ਕੀਤਾ। ਪਰ ਇਸ ਧੰਨਵਾਦੀ ਮੈਸਿਜ ਤੋਂ ਥੋੜ੍ਹਾ ਚਿਰ ਬਾਅਦ ਹੀ ਉਹਦਾ ਮੈਨੂੰ ਧੁੜਕੂ ਲਾਉਂਦਾ ਸੁਨੇਹਾ ਆ ਗਿਆ! ਅਖੇ ਭਾਅ ਜੀ ਇੱਥੇ ਹੋਰ ਹੀ ਪੱਗਾ ਪੈ ਗਿਆ ਐ! ਉਸਨੇ ਫੋਨ 'ਤੇ ਦੱਸਿਆ ਕਿ ਕਈ ਤਰਕਸ਼ੀਲ ਦੋਸਤ ਨਰਾਜ਼ ਹੋ ਗਏ ਨੇ, ਉਹ ਕਹਿੰਦੇ ਕਿ ਤੂੰ ਨਾਂ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਕਿਉਂ ਵਰਤਿਆ? ਕੋਈ ਉਸਨੂੰ ਕਹਿ ਰਿਹਾ ਸੀ ਕਿ ਤੂੰ ਖਬਰ ਦੀ ਤਰਦੀਦ ਕਰ। ਕੋਈ ਤਰਕਸ਼ੀਲ ਲਹਿਰ ਤੋਂ ਅਲਵਿਦਾ ਹੋ ਜਾਣ ਦੇ ਆਦੇਸ਼ ਦੇਣ ਡਿਹਾ ਸੀ।'

ਸੁਣ ਕੇ ਮੈਂ ਮੱਥਾ ਫੜ ਕੇ ਬਹਿ ਗਿਆ। ਵਾਹ!! ਹੁਣ ਤੱਕ ਆਸਤਿਕ ਲੋਕਾਂ ਦੀ ਕੱਟੜਤਾ ਬਾਰੇ ਸੁਣਿਆ ਸੀ, ਪਰ ਆਹ ਸਾਡੇ ਨਾਸਤਿਕ ਭਰਾਵਾਂ ਦੀ ਕੱਟੜਤਾ, ਆਸਤਿਕਾਂ ਨਾਲੋਂ ਵੀ ਕਿਤੇ ਵੱਧ ਦੇਖੀ!! ਲਖਵਿੰਦਰ ਨੂੰ ਧਰਵਾਸਾ ਦਿੰਦਿਆਂ ਮੈਂ ਕਿਹਾ ਕਿ ਜਿਹੜੇ 'ਦੁਖੀ ਤਰਕਸ਼ੀਲ' ਤੈਨੂੰ ਫੋਨ ਕਰ ਰਹੇ ਨੇ, ਉਹਨਾਂ ਸਾਰਿਆਂ ਨੂੰ ਮੇਰਾ ਫੋਨ ਨੰਬਰ ਦੇਈ ਜਾਹ! ਇਸ ਮਾਮਲੇ ਬਾਰੇ ਮੈਂ ਤਰਕਸ਼ੀਲ ਲਹਿਰ ਦੇ ਲੰਬੇ ਅਰਸੇ ਤੋਂ ਪ੍ਰਚਾਰਕ ਸ੍ਰੀ ਮੇਘ ਰਾਜ ਮਿੱਤਰ ਜੀ ਨੂੰ ਫੋਨ ਮਿਲਾਇਆ। ਉਹਨਾਂ ਬੜੀ ਸੁਹਿਰਦਤਾ ਨਾਲ ਮੈਨੂੰ ਜਵਾਬ ਦਿੱਤਾ ਕਿ ਇਹ ਕੋਈ ਐਡਾ ਗੰਭੀਰ ਮਸਲਾ ਨਹੀਂ ਹੈ। ਨਾਲੇ ਤਰਕਸ਼ੀਲਤਾ ਤਾਂ ਇਕ ਵਿਗਿਆਨਕ ਸੋਚ ਹੈ, ਇਹ ਕੋਈ ਸਿਆਸੀ ਪਾਰਟੀ ਨਹੀਂ। ਜੋ ਕਿਸੇ ਨੂੰ ਕਿਹਾ ਜਾਵੇ ਕਿ ਫਲਾਣਿਆ ਤੂੰ ਇਸ ਤੋਂ ਬਾਹਰ ਹੋ ਜਾ!

ਸ੍ਰੀ ਮੇਘ ਰਾਜ ਮਿੱਤਰ ਜੀ ਨੂੰ ਮੈਂ ਤਰਕਸ਼ੀਲਾਂ ਦੀ ਜਥੇਬੰਦੀ ਦਾ ਸਰਵੇ-ਸਰਵਾ ਸਮਝਦਾ ਸਾਂ। ਪਰ ਜਦੋਂ ਮੈਂ ਉਹਨਾਂ ਨਾਲ ਹੋਈ ਸਾਰੀ ਗੱਲ ਬਾਰੇ ਲਖਵਿੰਦਰ ਨੂੰ ਜਾਣਕਾਰੀ ਦਿੱਤੀ ਤਾਂ ਉਸ ਤੋਂ ਪਤਾ ਲੱਗਾ ਕਿ ਇਹ ਲੋਕ ਵੀ ਸਿਆਸੀ ਦਲਾਂ ਵਾਂਗ ਦੋਫਾੜ ਹੋਏ ਪਏ ਨੇ। ਉਹ ਦੱਸ ਰਿਹਾ ਸੀ ਕਿ ਮੇਘ ਰਾਜ ਹੁਣਾਂ ਵਾਲੇ ਤਰਕਸ਼ੀਲ ਹੋਰ ਨੇ, ਜਿਹੜੇ ਮੇਰੇ ਮਗਰ ਪਏ ਹੋਏ ਨੇ ਇਹ ਅਲੱਗ ਹਨ!

ਸਦਭਾਵਨਾ ਵਿਚਾਰੀ ਕਿਵੇਂ ਵਧੇ-ਫੁੱਲੇ?
ਜਦ ਉਸਨੂੰ ਕੱਟੜਤਾ ਹੀ ਸਾੜੀ ਫੂਕ ਜਾਂਦੀ ਹੈ!



ਭਾਰਤੀ ਸੰਤੁਲਨ ਸੰਗਠਨ (ਲਕਸ਼ੈ) ਦੀ ਔਰਤ ਟੀਮ ਦੁਆਰਾ ਇਕ ਦਿਨਾ ਬੈਠਕ ਦਾ ਆਯੋਜਨ ਸ੍ਰੀ ਰਾਮ ਸਰੂਪ ਜੀ ਦੇ ਨਿਵਾਸ ਸਥਾਨ ਵਿਕਾਸ ਨਗਰ ਲਖਨਊ ਵਿਚ ਕੀਤਾ ਗਿਆ। ਕੈਡਰ ਵਿਚ ਬਹੁਜਨ ਸਮਾਜ ਵਿਚ ਪਾਏ ਜਾਂਦੇ ਅੰਧ ਵਿਸ਼ਵਾਸ, ਪਾਖੰਡਵਾਦ ਅਤੇ ਆਡੰਬਰਵਾਦ 'ਤੇ ਵਿਸਥਾਰਿਤ ਚਰਚਾ ਕੀਤੀ ਗਈ ਅਤੇ ਮਹਾਂਪੁਰਸ਼ਾਂ ਦੇ ਯੋਗਦਾਨ ਨੂੰ ਯਾਦ ਕੀਤਾ ਗਿਆ ਅਤੇ ਉਹਨਾਂ ਦੁਆਰਾ ਦੱਸੇ ਰਸਤੇ 'ਤੇ ਚੱਲਣ ਦੇ ਲਈ ਸੱਦਾ ਦਿੱਤਾ ਗਿਆ। ਲਕਸ਼ੈ ਦੁਆਰਾ ਚਲਾਈ ਜਾ ਰਹੀ ਸਮਾਜਿਕ ਕ੍ਰਾਂਤੀ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਕੈਡਰ ਕੈਂਪ ਵਿਚ ਔਰਤ ਕਮਾਂਡਰਾਂ ਨੇ ਆਪਣੇ-ਆਪਣੇ ਵਿਚਾਰ ਰੱਖੇ। ਇਸ ਕੈਡਰ ਕੈਂਪ ਵਿਚ ਲਕਸ਼ੈ ਸੰਘਮਿੱਤਰਾ ਗੌਤਮ, ਮੰਜੁਲਤਾ ਆਰੀਆ, ਰੇਖਾ ਆਰੀਆ, ਅੰਜੂ ਸਿੰਘ, ਧਮਪ੍ਰਿਆ ਗੌਤਮ, ਪ੍ਰੀਤੀ ਚੌਧਰੀ ਸਿੰਘ, ਕਿਰਨ ਸਿੰਘ, ਰਾਜਕੁਮਾਰੀ ਕੌਸ਼ਲ, ਸੁਸ਼ਮਾ ਬਾਬੂ ਨੇ ਹਿੱਸਾ ਲਿਆ ਅਤੇ ਕਮਲੇਸ਼ ਸਿੰਘ ਨੇ ਕੈਡਰ ਕੈਂਪ ਦੇ ਸੰਚਾਲਨ ਦੀ ਕਮਾਨ ਸੰਭਾਲੀ।

**- ਰੇਖਾ ਆਰੀਆ ਕਮਾਂਡਰ (ਲਕਸ਼ੈ) 91-94155-67661**

# ਪੰਜਾਬ ਵਿਚ ਦਲਿਤਾਂ 'ਤੇ ਅੱਤਿਆਚਾਰ

ਪੰਜਾਬ ਵਿਚ ਦਲਿਤਾਂ ਨਾਲ ਹੋਈ ਇਹ ਕੋਈ ਇਕੱਲੀ ਅੱਤਿਆਚਾਰ ਦੀ ਘਟਨਾ ਨਹੀਂ ਹੈ। ਪੰਜਾਬ ਵਿਚ ਪਿਛਲੇ ਸਾਲ ਦਲਿਤਾਂ 'ਤੇ ਅੱਤਿਆਚਾਰ ਦੀਆਂ 123 ਘਟਨਾਵਾਂ ਹੋਈਆਂ। 4 ਦਲਿਤਾਂ ਦੀਆਂ ਹੱਤਿਆਵਾਂ ਅਤੇ 19 ਲੜਕੀਆਂ ਅਤੇ ਔਰਤਾਂ ਦੇ ਨਾਲ ਬਲਾਤਕਾਰ ਕੀਤੇ ਗਏ। ਅੱਤਿਆਚਾਰਾਂ ਤੋਂ ਬਾਅਦ ਅਖਬਾਰਾਂ ਅਦੇ ਤਲਿਤਾਂ ਦੇ ਧਰਨੇ ਪ੍ਰਦਰਸ਼ਨ ਤੋਂ ਬਾਅਦ ਸਰਕਾਰਾਂ ਸਕੱਤਰ ਹੋਣ ਦਾ ਢੌਂਗ ਕਰਦੀਆਂ ਹਨ, ਜਿਸਨੂੰ ਅਸੀਂ ਰਾਜਸਥਾਨ, ਹਰਿਆਣਾ, ਉਤਰ ਪ੍ਰਦੇਸ਼, ਉੜੀਸਾ ਅਤੇ ਅਨੇਕਾਂ ਰਾਜਾਂ ਵਿਚ ਦੇਖਿਆ ਹੈ। ਪਰ ਦਲਿਤਾਂ 'ਤੇ ਕਥਿਤ ਲੋਕਾਂ ਉਤੇ ਅੱਤਿਆਚਾਰ ਘੱਟ ਨਹੀਂ ਹੋ ਰਹੇ ਹਨ। ਪਿਛਲੇ ਪੰਜਾਹ ਸਾਲਾਂ ਵਿਚ ਦਲਿਤਾਂ 'ਤੇ ਸਾਢੇ ਛੇ ਲੱਖ ਅੱਤਿਆਚਾਰ ਦੀਆਂ ਘਟਨਾਵਾਂ ਪੁਲਿਸ ਦੁਆਰਾ ਰਜਿਸਟਰਡ ਕੀਤੀਆਂ ਗਈਆਂ ਹਨ।

ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਟੀਮ ਦੇਸ਼ ਦੇ ਕੋਨੇ-ਕੋਨੇ ਵਿਚ ਦਲਿਤਾਂ 'ਤੇ ਹੋਣ ਵਾਲੇ ਇਹਨਾਂ ਅੱਤਿਆਚਾਰਾਂ ਦਾ ਜਮ ਕੇ ਵਿਰੋਧ ਕਰਦੀ ਹੈ। ਪੰਜਾਬ ਦੀ ਇਯ ਦਰਦਨਾਕ ਘਟਨਾ ਦੇ ਖਿਲਾਫ ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੀ ਟੀਮ ਦੁਆਰਾ ਫਰੀਦਾਬਾਦ ਦੇ ਬੀ. ਕੇ. ਚੌਂਕ ਤੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਲਕਸ਼ੈ ਦੇ ਕਮਾਂਡਰ ਮਹਿੰਦਰ ਕਰਦਮ ਨੇ ਕਿਹਾ ਕਿ ਭਾਰਤ ਵਿਚ ਜਾਤੀਵਾਦ ਹੀ ਸਭ ਤੋਂ ਵੱਡੀ ਦਹਿਸ਼ਤਗਰਦੀ ਹੈ ਅਤੇ ਦਲਿਤ ਸਮਾਜ ਹੁਣ ਇਸ ਅੱਤਵਾਦ ਦਾ ਮੂੰਹ ਤੋੜ ਜਵਾਬ ਦੇਵੇਗਾ। ਲਕਸ਼ੈ ਦੀ ਸੂਬਾ ਮਹਿਲਾ ਕਮਾਂਡਰ ਕਵਿਤਾ ਜਾਟਵ ਨੇ ਕਿਹਾ



ਕਿ ਦੇਸ਼ ਵਿਚ ਦਲਿਤ ਸਮਾਜ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦਾ। ਕਵਿਤਾ ਜਾਟਵ ਨੇ ਕਿਹਾ ਕਿ ਦੇਸ਼ ਵਿਚ ਦਲਿਤਾਂ 'ਤੇ ਅੱਤਿਆਚਾਰਾਂ ਦੀ ਖਬਰ ਤੱਕ ਨਹੀਂ ਬਣਦੀ। ਅੰਦੋਲਨ ਤਾਂ ਬਹੁਤ ਦੂਰ ਦੀ ਗੱਲ ਹੈ ਅਤੇ ਬਦਮਾਸ਼ ਲੋਕ ਖੁੱਲ੍ਹੇਆਮ ਘੁੰਮਦੇ ਹਨ। ਯੂਥ ਕਮਾਂਡਰ ਨੀਰਜ ਨਹਿਰਵਾਲ ਨੇ ਕਿਹਾ ਕਿ ਬਹੁਜਨ ਸਮਾਜ ਨੂੰ ਅਜਿਹੇ ਅੱਤਿਆਚਾਰਾਂ ਦੇ ਖਿਲਾਫ ਦੇਸ਼ ਭਰ ਵਿਚ ਵਿਰੋਧ ਕਰਨਾ ਚਾਹੀਦਾ ਹੈ। ਲਕਸ਼ੈ ਦੇ ਜ਼ਿਲ੍ਹਾ ਕਮਾਂਡਰ ਅਸ਼ੋਕ ਕੁਮਾਰ ਨੇ ਕਿਹਾ ਕਿ ਲਕਸ਼ੈ ਬਹੁਜਨ ਸਮਾਜ ਨੂੰ ਸਮਾਜਿਕ ਕ੍ਰਾਂਤੀ ਦੇ ਜ਼ਰੀਏ ਜਾ-ਗਰੂਕ ਕਰ ਰਿਹਾ ਹੈ ਤਾਂ ਜੋ ਇਸ ਕਿਸਮ ਦੀਆਂ ਘਟਨਾਵਾਂ ਦਾ ਪੁਰਜ਼ੋਰ ਵਿਰੋਧ ਕਰਕੇ ਇਹਨਾਂ 'ਤੇ ਲਗਾਮ ਲਗਾਈ ਜਾ ਸਕੇ।






ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ
ਦੇ 59 ਵੇਂ ਪ੍ਰੀ-ਨਿਰਵਾਣ ਦਿਵਸ ਤੇ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕਰਦੇ ਹਾਂ ਅਤੇ
ਅਸੀਂ ਯੌਰਕ ਯੂਨੀਵਰਸਿਟੀ, ਟਰਾਂਟੋ (ਕੈਨੇਡਾ) ਦੀ ਸਕੌਟ ਲਾਇਬ੍ਰੇਰੀ ਵਿਚ 2 ਦਸੰਬਰ 2015
ਨੂੰ ਲਗਾਏ ਗਏ ਡਾ. ਅੰਬੇਦਕਰ ਜੀ ਦੇ ਬਸਟ ਤੇ ਪ੍ਰਸੰਨਤਾ ਜ਼ਾਹਿਰ ਕਰਦੇ ਹਾਂ।
ਅਸੀਂ ਡਾ. ਅੰਬੇਦਕਰ ਇੰਟਰਨੈਸ਼ਨਲ ਮਿਸ਼ਨ (ਕੈਨੇਡਾ) ਦੇ ਯਤਨਾਂ ਦੀ ਸ਼ਲਾਘਾ ਕਰਦੇ ਹਾਂ।



ਸ਼ਿੰਗਾਰਾ ਸਿੰਘ ਰੱਲ੍ਹ
530-713-1823



ਦਲਵਿੰਦਰ ਰੱਲ੍ਹ
530-933-3938



ਰਾਮ ਸੇਵਕ ਭਾਟੀਆ
530-701-4370



ਪ੍ਰਸ਼ੋਤਮ ਸੂਦ
530-845-4508

# ਭਾਰਤੀ ਨੈਸ਼ਨਲ ਹਾਕੀ ਟੀਮ ਦੇ ਕਪਤਾਨ ਸ. ਸਰਦਾਰਾ ਸਿੰਘ ਦਾ ਬੇ-ਏਰੀਆ ਅਤੇ ਸੈਕਰਾਮੈਂਟੋ 'ਚ ਨਿੱਘਾ ਸਵਾਗਤ

ਸਬੰਧਿਤ ਖਬਰ ਸਫਾ 3 ਤੇ ਦੇਖੋ



ਕਸ਼ਮੀਰ ਸਿੰਘ ਧੁੱਗਾ, ਕਪਤਾਨ ਸਰਦਾਰਾ ਸਿੰਘ ਅਤੇ ਮਿਸਿਜ਼ ਧੁੱਗਾ



ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹਾਕੀ ਕਪਤਾਨ ਸਰਦਾਰਾ ਸਿੰਘ ਦਾ ਸਿਰੋਪੇ ਨਾਲ ਸਨਮਾਨ ਕਰਦੇ ਹੋਏ।





















ਬੇ-ਏਰੀਆ ਦਾ ਪੰਜਾਬੀ ਭਾਈਚਾਰਾ ਹਾਕੀ ਕਪਤਾਨ ਸਰਦਾਰਾ ਸਿੰਘ ਦਾ ਪਲੈਕ ਨਾਲ ਸਨਮਾਨ ਕਰਦੇ ਹੋਏ।




ਹਾਕੀ ਕਪਤਾਨ ਸਰਦਾਰਾ ਸਿੰਘ ਨਾਲ ਬੱਚੇ ਇਕ ਯਾਦਗਾਰੀ ਤਸਵੀਰ ਕਰਵਾਉਂਦੇ ਹੋਏ

All Picturs- G R Video

# ਭਾਰਤੀ ਨੈਸ਼ਨਲ ਹਾਕੀ ਟੀਮ ਦੇ ਕਪਤਾਨ ਸ.ਸਰਦਾਰਾ ਸਿੰਘ ਦਾ ਬੇ-ਏਰੀਆ ਅਤੇ ਸੈਕਰਾਮੈਂਟੋ 'ਚ ਨਿੱਘਾ ਸਵਾਗਤ

ਸਬੰਧਿਤ ਖਬਰ ਸਫ਼ਾ 3 ਤੇ ਦੇਖੋ


ਸਾਬਕਾ ਹਾਕੀ ਖਿਡਾਰੀ ਬੂਟਾ ਸਿੰਘ






Raj Kumar "Raju Pehlwan", Sardar Singh & Kashmir Singh Dhugga







All Pictures- G R Video

# ਯੂਬਾ ਸਿਟੀ 'ਚ ਮਨਾਇਆ ਸਤਿਗੁਰੂ ਸੈਣ ਜੀ ਦਾ ਪ੍ਰਕਾਸ਼ ਦਿਹਾੜਾ

**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵੱਲੋਂ ਮਨਾਇਆ ਗਿਆ। 20 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਰਖਾਏ ਗਏ ਅਤੇ 22 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਤਿਗੁਰੂ ਸੈਣ ਜੀ ਦੇ ਜੀਵਨ ਤੇ ਬਾਣੀ ਰਾਹੀਂ ਜਾਣੂ ਕਰਵਾਇਆ। ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਸੰਗਤਾਂ ਨੂੰ ਇਸੇ ਤਰ੍ਹਾਂ ਗੁਰੂ ਘਰ ਤੇ ਬਾਣੀ ਨਾਲ ਜੜੇ ਰਹਿਣ ਤੇ ਸੇਵਾ ਭਾਵ ਬਣਾਈ ਰੱਖਣ ਦੀ ਬੇਨਤੀ ਕੀਤੀ। ਉਹਨਾਂ ਸਮੂਹ ਕਮੇਟੀ ਵੱਲੋਂ ਸਮੂਹ ਸੰਗਤਾਂ ਅਤੇ ਸ੍ਰੀ ਟੋਨੀ ਦੇਸੀ ਹੇਅਰ ਕੱਟ ਯੂਨੀਅਨ ਸਿਟੀ, ਸ੍ਰੀ ਮਨਜਿੰਦਰ ਸਿੰਘ ਮਨੀ ਯੂਨੀਅਨ ਸਿਟੀ ਅਤੇ ਸ੍ਰੀ ਸੁਰਿੰਦਰ ਕੋਕਾ (ਤੰਦੂਰ ਰੈਸਟੋਰੈਂਟ ਹੇਵਰਡ (ਕੈਲੇਫੋਰਨੀਆ) ਵਾਲਿਆਂ ਦਾ ਛੋਲੇ-ਭਟੂਰੇ, ਸਮੋਸੇ ਅਤੇ ਲੰਗਰ ਦੀ ਸੇਵਾ ਕਰਨ ਲਈ ਧੰਨਵਾਦ ਕੀਤਾ। ਯਾਦ ਰਹੇ ਉਪਰੋਕਤ ਦਾਨੀ ਸੱਜਣ ਹਰ ਸਾਲ ਸਤਿਗੁਰੂ ਸੈਣ ਜੀ ਦੇ ਅਵਤਾਰ ਪੁਰਬ ਮੌਕੇ ਇਸੇ ਤਰ੍ਹਾਂ ਸੇਵਾ ਕਰਦੇ ਆ ਰਹੇ ਹਨ।















ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੇ ਐਤਵਾਰ 20 ਦਸੰਬਰ ਨੂੰ ਸੰਗਰਾਂਦ ਦਾ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦਾ ਜਥਾ ਭਾਈ ਪ੍ਰਿਤਪਾਲ ਸਿੰਘ ਅਤੇ ਇੰਗਲੈਂਡ ਤੋਂ ਆਏ ਜਥੇ ਭਾਈ ਸਾਹਿਬ ਭਾਈ ਜਸਵੀਰ ਸਿੰਘ ਜੀ ਨੇ ਬਹੁਤ ਹੀ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਗੁਰੂ ਘਰ ਨੇ ਆਪਣੀ ਪ੍ਰੰਪਰਾ ਅਨੁਸਾਰ ਕੋਈ ਵੀ ਦੂਜੇ ਮੁਲਕ ਤੋਂ ਆਏ ਜਥੇ ਦਾ ਸਿਰੋਪਾਓ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰੂ ਘਰ ਦੇ ਕੈਸ਼ੀਅਰ ਸ੍ਰੀ ਦਲਵਿੰਦਰ ਰੱਲ੍ਹ ਜੀ ਦੇ ਦੋ ਭਰਾ, ਭਰਜਾਈ ਅਤੇ ਭੈਣ ਗੁਰੂ ਘਰ ਨਤਮਸਤਕ ਹੋਣ ਤੇ ਉਹਨਾਂ ਨੂੰ ਸਿਰੋਪਾਓ ਭੇਟ ਕੀਤਾ ਗਿਆ।

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355



## ਭਾਟੀਆ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦਾ ਪਾਠ

ਸ੍ਰੀਮਤੀ ਜ਼ੀਨਾ ਭਾਟੀਆ ਅਤੇ ਸ੍ਰੀ ਮੇਜਰ ਸਿੰਘ ਭਾਟੀਆ ਅਤੇ ਉਹਨਾਂ ਦੇ ਸਮੂਹ ਭਾਟੀਆ ਪਰਿਵਾਰ ਦੁਆਰਾ ਆਪਣੇ ਜਵਾਈ ਵਿੱਕੀ ਬੰਗਾ ਦੇ ਅਮਰੀਕਾ ਆਉਣ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਲੰਗਰ ਦੀ ਸੇਵਾ 27 ਦਸੰਬਰ 2015 ਨੂੰ ਗੁਰੂ ਘਰ ਵਿਖੇ ਕਰਵਾਈ ਜਾ ਰਹੀ ਹੈ।

ਸਮੂਹ ਭਾਟੀਆ ਪਰਿਵਾਰ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਨਵੇਂ ਆਏ ਮਹਿਮਾਨ ਨੂੰ ਵਧਾਈਆਂ ਦਿਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ

ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਲੰਗਰ ਦੀ ਸੇਵਾ
27 ਦਸੰਬਰ 2015 ਨੂੰ

**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਪ੍ਰੋਗਰਾਮਾਂ ਮੌਕੇ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।**

## ਨਵੇਂ ਸਾਲ 2016 ਦੀ ਆਮਦ ਦੀ ਖੁਸ਼ੀ ਵਿਚ ਰੈਣ ਸਬਾਈ ਪ੍ਰੋਗਰਾਮ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵੇਂ ਸਾਲ 2016 ਦੀ ਆਮਦ ਦੀ ਖੁਸ਼ੀ ਵਿਚ ਰੈਣ ਸਬਾਈ ਪ੍ਰੋਗਰਾਮ 31 ਦਸੰਬਰ 2015 ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਭਾਈ ਬਿਲ ਬਿੰਦਲ ਅਤੇ ਬੀਬੀ ਅਨੂ ਬਿੰਡਲ ਵੱਲੋਂ ਕਰਵਾਈ ਜਾਵੇਗੀ। ਗੁਰੂ ਦਾ ਘਰ ਜਥਾ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਗੁਰਨਾਮ ਸਿੰਘ ਅਤੇ ਗਿਆਨੀ ਬਲਦੇਵ ਸਿੰਘ ਜੀ ਦੇ ਜਥੇ ਇਸ ਮੌਕੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

### ਪ੍ਰੋਗਰਾਮ ਦਾ ਵੇਰਵਾ

ਨਵੇਂ ਸਾਲ ਦੀ ਖੁਸ਼ੀ ਵਿਚ ਰੈਣ ਸਬਾਈ ਪ੍ਰੋਗਰਾਮ
31 ਦਸੰਬਰ 2015 (ਸ਼ਾਮੀ)

## ਲੋਹੜੀ ਪ੍ਰੋਗਰਾਮ- ਜਨਵਰੀ 13, 2016

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 13 ਜਨਵਰੀ 2016 ਦਿਨ ਬੁੱਧਵਾਰ ਨੂੰ ਸ਼ਾਮੀ 6 ਵਜੇ ਲੋਹੜੀ ਮਨਾਈ ਜਾਵੇਗੀ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਆਪਣੇ ਪਰਿਵਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਗੁਰੂ ਘਰ ਵਿਖੇ ਦਰਸ਼ਨ ਦੇਣ। ਗੁਰੂ ਘਰ ਵਿਖੇ ਮਨਾਈ ਜਾ ਰਹੀ ਇਹ ਲਗਾਤਾਰ ਚੌਥੀ ਲੋਹੜੀ ਹੈ। ਨਵਜੰਮੇ ਬੱਚਿਆਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਹੈ ਕਿ ਆਪਣੇ ਬੱਚੇ ਦੀ ਪਹਿਲੀ ਲੋਹੜੀ ਗੁਰੂ ਘਰ ਵਿਖੇ ਮਨਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਇਸ ਮੌਕੇ ਲੰਗਰ, ਪਾਠ ਅਤੇ ਪ੍ਰਸ਼ਾਦ ਦੀ ਸੇਵਾ ਸੰਗਤ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਸਤਿਕਾਰਿਤ ਬੁਲਾਰੇ ਅਤੇ ਕਮਿਊਨਿਟੀ ਲੀਡਰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਆਦਰਸ਼ਾਂ ਬਾਰੇ ਸੰਗਤ ਨੂੰ ਜਾਣਕਾਰੀ ਦੇਣਗੇ। ਕੀਰਤਨ ਦੀਵਾਨ ਦਾ ਸਮਾਂ ਵਧਾਇਆ ਵੀ ਜਾ ਸਕਦਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੂੰ ਇੰਮੀਗ੍ਰੇਸ਼ਨ ਦੇ ਮਸਲਿਆਂ ਤੇ ਲੋਕਾਂ ਦੀ ਮਦਦ ਲਈ ਇਕ ਇੰਮੀਗ੍ਰੇਸ਼ਨ ਅਟਾਰਨੀ ਅਤੇ ਸਿਹਤ ਨਾਲ ਸਬੰਧਤ ਸਵਾਲਾਂ ਦੇ ਜਵਾਬ ਲਈ ਡਾਕਟਰਾਂ ਦੇ ਗਰੁੱਪ ਦੀ ਲੋੜ ਹੈ। ਸਭਾ ਨੂੰ ਸਮਾਜ ਸੇਵੀ ਨਰਸਾਂ ਅਤੇ ਡਾਕਟਰਾਂ ਦੀ ਮਨੁੱਖਤਾ ਦੇ ਆਧਾਰ ਤੇ ਮਦਦ ਕਰਨ ਲਈ ਲੋੜ ਹੈ।

## ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ : ਫਰਵਰੀ 26 ਤੋਂ 28, 2016

ਸ੍ਰੀ ਗੁਰੂ ਰਵਿਦਾਸ ਸਭਾ ਕੈਲੇਫੋਰਨੀਆ, ਪਿਟਸਬਰਗ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 28 ਫਰਵਰੀ, 2016 ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

### ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਫਰਵਰੀ, 26, 2016 (ਸ਼ੁੱਕਰਵਾਰ) ਸਵੇਰੇ 9:30 ਵਜੇ
ਨਿਸ਼ਾਨ ਸਾਹਿਬ ਦੀ ਸੇਵਾ - ਫਰਵਰੀ 27, 2016 (ਸਨਿਚਰਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ - ਫਰਵਰੀ 28, 2016 (ਐਤਵਾਰ) 9:30 ਵਜੇ
ਕੀਰਤਨ ਦੀਵਾਨ - ਭੋਗ ਉਪਰੰਤ 2 ਵਜੇ ਦੁਪਹਿਰ ਤੱਕ

ਕਮੇਟੀ ਨੂੰ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟਰੈਫਿਕ/ਪਾਰਕਿੰਗ, ਰਸੋਈ ਅਤੇ ਹੋਰ ਸੇਵਾ ਲਈ ਵਲੰਟੀਆਂ ਦੀ ਲੋੜ ਹੈ। ਜੋ ਕੋਈ ਇਸ ਸੇਵਾ ਦਾ ਚਾਹਵਾਨ ਹੋਵੇ, ਉਹ ਪ੍ਰਧਾਨ ਸੋਮ ਨਾਥ ਭਾਟੀਆ (408-499-0747) ਜਾਂ ਵਾਈਸ ਪ੍ਰਧਾਨ ਰਮੇਸ਼ ਸੁਮਨ (925-366-3618) ਜਾਂ ਜਨਰਲ ਸਕੱਤਰ ਦਿਲਬਾਗ ਸਿੰਘ (209-834-4611) ਨਾਲ ਸੰਪਰਕ ਕਰ ਸਕਦਾ ਹੈ।



**ਸਟਾਲਾਂ, ਲੰਗਰ ਜਾਂ ਹੋਰ ਸੇਵਾ ਦੇ ਲਈ ਸੰਪਰਕ ਕਰੋ**

ਜਨਰਲ ਸਕੱਤਰ
ਦਿਲਬਾਗ ਸਿੰਘ
(209-834-4611)

ਚੇਅਰਮੈਨ
ਸ਼ਿੰਦਰਪਾਲ ਨਰਬਟ
(925-683-0178

### ਸੰਗਤ ਦੇ ਸੇਵਾਦਾਰ

**ਚੇਅਰਮੈਨ**
ਸ਼ਿੰਦਰ ਪਾਲ ਨਰਬਟ
**ਪ੍ਰਧਾਨ**
ਸੋਮ ਨਾਥ ਭਾਟੀਆ
**ਜਨਰਲ ਸਕੱਤਰ**
ਦਿਲਬਾਗ ਸਿੰਘ
**ਖਜ਼ਾਨਚੀ**
ਜਸਵੀਰ ਚਾਹਲ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

# ਕਿੱਥੇ ਰਹਿ ਗਿਐ ਆਤਮ-ਵਿਸ਼ਵਾਸ ਅਤੇ ਆਤਮ-ਸਨਮਾਨ?



ਜਸਵੰਤ ਸਿੰਘ 'ਅਜੀਤ'
91-95827-198 90

ਇਸਤੋਂ ਪਹਿਲਾਂ ਕਿ ਅੱਜ ਦੀ ਸਿੱਖ ਰਾਜਨੀਤੀ ਪੁਰ ਚਰਚਾ ਅਰੰਭ ਕੀਤੀ ਜਾਏ, ਉਸਤੋਂ ਪਹਿਲਾਂ ਸਿੱਖ ਇਤਿਹਾਸ ਵਿਚਲੇ ਕੁਝ ਅਜਿਹੇ ਤੱਥ ਪੇਸ਼ ਕਰਨਾ ਜ਼ਰੂਰੀ ਜਾਪਦਾ ਹੈ, ਜੋ ਇਨ੍ਹਾਂ ਕਾਲਮਾਂ ਵਿੱਚ ਕੀਤੀ ਜਾਣ ਵਾਲੀ ਚਰਚਾ ਲਈ ਬਹੁਤ ਹੀ ਉਪਯੋਗੀ, ਸਾਰਥਕ ਅਤੇ ਮਹਤੱਵਪੂਰਣ ਹੋ ਸਕਦੇ ਹਨ। ਸਿੱਖ ਇਤਿਹਾਸ ਅਨੁਸਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਦੀ ਸਿਰਜਨਾ ਕੀਤੀ, ਜਿਥੋਂ ਸਿੱਖਾਂ ਨੂੰ ਆਪਣੇ ਆਤਮ-ਸਨਮਾਨ ਦੀ ਰਖਿਆ, ਜਬਰ-ਜ਼ੁਲਮ ਅਤੇ ਅਨਿਆਇ ਦੇ ਨਾਸ ਲਈ ਜੂਝ ਮਰਨ ਦਾ ਆਤਮ-ਵਿਸ਼ਵਾਸ ਪ੍ਰਾਪਤ ਹੋਇਆ ਕਰਦਾ ਸੀ।

ਉਸੇ ਆਤਮ-ਵਿਸ਼ਵਾਸ ਦੇ ਬਲਬੂਤੇ ਹੀ ਉਨ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿੱਚ ਹਰ ਉਸ ਹਮਲੇ ਦਾ ਜਵਾਬ ਦ੍ਰਿੜ੍ਹਤਾ ਨਾਲ ਦੇ ਜਿੱਤ ਹਾਸਲ ਕੀਤੀ, ਜੋ ਸਮੇਂ ਦੇ ਹਾਕਮਾਂ ਵਲੋਂ ਉਨ੍ਹਾਂ ਨੂੰ ਦਬਾ ਅਤੇ ਕੁਚਲ ਦੇਣ ਦੇ ਉਦੇਸ਼ ਨਾਲ, ਉਨ੍ਹਾਂ ਪੁਰ ਕੀਤਾ ਗਿਆ। ਇਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਭੇਂਟ ਕਰਨ ਦੀ ਮੰਗ ਕਰਦਿਆਂ, ਉਸੇ ਆਤਮ-ਵਿਸ਼ਵਾਸ ਦੀ ਪ੍ਰੀਖਿਆ ਲੈ ਕੇ ਅਜਿਹੇ 'ਖਾਲਸਾ' ਰੂਪੀ 'ਸੰਤ-ਸਿਪਾਹੀ' ਦੀ ਸਿਰਜਨਾ ਕੀਤੀ, ਜਿਸਨੇ ਪੂਰੇ ਆਤਮ-ਵਿਸ਼ਵਾਸ ਦੇ ਨਾਲ ਆਪਣੇ ਆਤਮ-ਸਨਮਾਨ, ਗਰੀਬ-ਮਜ਼ਲੂਮ ਤੇ ਨਿਆਇ ਦੀ ਰਖਿਆ ਅਤੇ ਅਨਿਆਇ ਤੇ ਜਬਰ-ਜ਼ੁਲਮ ਦਾ ਨਾਸ ਕਰਨ ਲਈ ਸਦੀਵੀ ਸੰਘਰਸ਼ ਜਾਰੀ ਰਖਣ ਦੇ ਅਪਨਾਏ ਗਏ ਸੰਕਲਪ ਪੁਰ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਉਨ੍ਹਾਂ ਦੇ ਇਸੇ ਸੰਕਲਪ ਨਾਲ ਮਜ਼ਬੂਤੀ ਨਾਲ ਖੜੇ ਰਹਿਣ ਨੂੰ ਸਮੇਂ ਦੀਆਂ ਹਕੂਮਤਾਂ ਅਤੇ ਹੁਕਮਰਾਨ ਬਰਦਾਸ਼ਤ ਨਾ ਕਰ ਸਕੇ। ਉਨ੍ਹਾਂ ਵਲੋਂ ਉਨ੍ਹਾਂ (ਸਿੱਖਾਂ) ਦਾ ਖੁਰਾ-ਖੋਜ ਮਿਟਾਣ ਲਈ ਸ਼ਿਕਾਰ ਮੁਹਿੰਮਾਂ ਚਲਾਈਆਂ ਗਈਆਂ, ਉਨ੍ਹਾਂ ਦੇ ਸਿਰਾਂ ਦੇ ਮੁੱਲ ਮੁਕਰੱਰ ਕੀਤੇ ਗਏ, ਇਸਤੋਂ ਇਲਾਵਾ ਸ਼ਾਇਦ ਕੋਈ ਅਜਿਹਾ ਜ਼ੁਲਮ ਬਾਕੀ ਰਹਿ ਗਿਆ ਹੋਵੇ, ਜੋ ਸਿੱਖਾਂ ਪੁਰ ਅਜ਼ਮਾਇਆ ਨਹੀਂ ਸੀ ਗਿਆ। ਇਸ ਸਭ-ਕੁਝ ਦੇ ਬਾਵਜੂਦ ਸਿੱਖ ਆਪਣੇ ਆਦਰਸ਼ ਅਤੇ ਉਦੇਸ਼ ਪੁਰ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਰਹੇ, ਭਾਵੇਂ ਇਸ ਸਭ-ਕੁਝ ਦੇ ਚਲਦਿਆਂ ਉਨ੍ਹਾਂ ਨੂੰ ਅੰਤਹੀਨ ਸ਼ਹੀਦੀਆਂ ਵੀ ਦੇਣੀਆਂ ਪਈਆਂ।

ਜਦੋਂ ਇਸੇ ਆਦਰਸ਼ ਅਤੇ ਉਦੇਸ਼ ਦੀ ਰੋਸ਼ਨੀ ਵਿੱਚ ਅੱਜ ਦੀ ਗਲ ਕਰਦੇ ਹਾਂ, ਤਾਂ ਵੇਖਣ ਨੂੰ ਮਿਲਦਾ ਹੈ ਕਿ ਸਿੱਖਾਂ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲੀਆਂ ਲਗਭਗ ਸਾਰੀਆਂ ਹੀ ਪਾਰਟੀਆਂ ਦੇ ਮੁੱਖੀ ਸਿੱਖਾਂ ਦੀ ਅਲਗ ਪਛਾਣ ਅਤੇ ਸਿੱਖੀ ਦੀ ਸੁਤੰਤਰ ਹੋਂਦ ਦੀ ਰਖਿਆ ਕਰਨ ਦੇ ਪ੍ਰਤੀ ਵਚਨਬੱਧ ਬਣੇ ਰਹਿਣ ਦਾ ਦਾਅਵਾ ਕਰਦਿਆਂ ਸਿੱਖਾਂ ਵਿੱਚ ਇਹ ਅਹਿਸਾਸ ਪੈਦਾ ਕੀਤੀ ਰਖਣਾ ਚਾਹੁੰਦੇ ਹਨ ਕਿ ਉਹ ਉਨ੍ਹਾਂ ਦੇ ਆਤਮ-ਵਿਸ਼ਵਾਸ ਅਤੇ ਆਤਮ-ਸਨਮਾਨ ਨੂੰ ਕਾਇਮ ਰਖਿਆਂ ਰਹਿਣ ਪ੍ਰਤੀ ਦ੍ਰਿੜ੍ਹ ਹਨ।

ਪ੍ਰੰਤੂ ਜਦੋਂ ਉਨ੍ਹਾਂ ਦੇ ਦਾਅਵੇ ਨੂੰ ਉਨ੍ਹਾਂ ਵਲੋਂ ਹੀ ਅਪਨਾਈ ਗਈ ਰਣਨੀਤੀ ਅਤੇ ਕਾਰਜ-ਪ੍ਰਣਾਲੀ ਦੀ ਘੋਖ ਕਰਦੇ ਹਾਂ ਤਾਂ ਇਉਂ ਜਾਪਦਾ ਹੈ, ਜਿਵੇਂ ਉਨ੍ਹਾਂ ਵਿਚੋਂ ਕਿਸੇ ਨੇ ਕਾਂਗ੍ਰਸ ਦਾ ਹੱਥ ਫੜਿਆ ਹੋਇਆ ਹੈ ਤੇ ਕੋਈ ਭਾਜਪਾ ਦੀ ਝੋਲੀ ਵਿੱਚ ਦੁਬਕਿਆ ਬੈਠਾ ਹੈ, ਕੋਈ ਖਾਲਿਸਤਾਨ ਦੇ ਨਾਹਰੇ ਲਾ ਸਿੱਖਾਂ ਦਾ ਭਾਵਨਾਤਮਕ ਸ਼ੋਸ਼ਣ ਕਰਨ ਵਿੱਚ ਜੁਟਿਆ ਚਲਿਆ ਆ ਰਿਹਾ ਹੈ। ਕੁਝ ਅਜਿਹੇ ਛੋਟੇ-ਮੋਟੇ ਦਲ ਵੀ ਹਨ, ਜਿਨ੍ਹਾਂ ਦੀ ਪੂਰੀ ਟੀਮ ਇੱਕ 'ਬਾਈਕ' ਪੁਰ ਜਾਂ 'ਕਾਰ' ਵਿੱਚ ਸਿਮਟ ਕੇ ਰਹਿ ਜਾਂਦੀ ਹੈ, ਉਨ੍ਹਾਂ ਦੇ ਮੁੱਖੀਆਂ ਨੇ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦੇ ਨਾਂ 'ਤੇ ਦੁਕਾਨਾਂ ਖੋਲ੍ਹ, ਉਸੇ ਨੂੰ ਆਪਣੀ ਰੋਜ਼ੀ-ਰੋਟੀ ਦਾ ਜੁਗਾੜ ਬਣਾ ਰਖਿਆ ਹੈ। ਇਨ੍ਹਾਂ ਹੀ ਦਿਨਾਂ ਵਿੱਚ ਦਿੱਲੀ ਦੀ ਸੱਤਾਧਾਰੀ ਰਾਜਸੀ ਪਾਰਟੀ, ਆਮ ਆਦਮੀ ਪਾਰਟੀ ਦੀ ਸਰਪ੍ਰਸਤੀ ਵਿੱਚ ਇੱਕ ਨਵੀਂ ਜੱਥੇਬੰਦੀ 'ਪੰਥਕ ਸੇਵਾ ਦਲ' ਦੇ ਨਾਂ ਨਾਲ ਸਿੱਖਾਂ ਵਿੱਚ ਆਪਣਾ ਪ੍ਰਭਾਵ ਕਾਇਮ ਕਰਨ ਦੇ ਉਦੇਸ਼ ਨਾਲ ਸਰਗਰਮ ਵਿਖਾਈ ਦੇਣ ਲਗੀ ਹੈ।

ਜਦੋਂ ਇਨ੍ਹਾਂ ਸਾਰੀਆਂ ਜੱਥੇਬੰਦੀਆਂ ਦੀ ਕਾਰਗੁਜ਼ਾਰੀ ਪੁਰ ਨਜ਼ਰ ਮਾਰੀ ਜਾਦੀ ਹੈ ਤਾਂ ਸਹਿਜੇ ਹੀ ਦਿਲ ਵਿੱਚ ਇਹ ਸੁਆਲ ਉਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਕੀ ਸਮਾਂ ਆਉਣ ਤੇ ਇਨ੍ਹਾਂ ਜੱਥੇਬੰਦੀਆਂ ਕੇ ਮੁੱਖੀ ਸਿੱਖਾਂ ਦੇ ਆਤਮ-ਸਨਮਾਨ ਦੇ ਨਾਲ ਉਨ੍ਹਾਂ ਦੇ ਧਰਮ (ਸਿੱਖੀ) ਦੀ ਸੁਤੰਤਰ ਹੋਂਦ ਅਤੇ ਉਨ੍ਹਾਂ ਦੀ ਅੱਡਰੀ ਪਛਾਣ ਨੂੰ ਕਾਇਮ ਰਖਣ ਪ੍ਰਤੀ ਈਮਾਨਦਾਰ ਰਹਿ ਸਕਣਗੇ?

ਜਦੋਂ ਸਿੱਖ ਹਿਤਾਂ ਦੇ ਸੁਆਲ ਦੇ ਨਾਲ ਹੀ ਉਨ੍ਹਾਂ ਦੀ ਸਰਪ੍ਰਸਤ ਪਾਰਟੀ ਦੇ ਹਿਤਾਂ ਦੀ ਗਲ ਵੀ ਸਾਹਮਣੇ ਆ ਜਾਇਗੀ, ਤਾਂ ਕੀ ਉਹ ਆਪਣੀ ਸਰਪ੍ਰਸਤ ਪਾਰਟੀ ਨਾਲ ਖੜੇ ਰਹਿੰਦਿਆਂ ਉਸਦੇ ਹਿਤਾਂ ਲਈ, ਆਪਣੇ (ਸਿੱਖ) ਹਿਤਾਂ ਨੂੰ ਕੁਰਬਾਨ ਕਰਨ ਤੋਂ ਇਨਕਾਰ ਕਰ ਦੇਣ ਦੀ ਦਲੇਰੀ ਵਿਖਾ ਸਕਣਗੇ? ਇਹ ਕੁਝ ਅਜਿਹੇ ਸੁਆਲ ਹਨ ਜਿਨ੍ਹਾਂ ਦਾ ਜਵਾਬ ਦਿੰਦਿਆਂ, ਉਨ੍ਹਾਂ ਸਿੱਖ ਜੱਥੇਬੰਦੀਆਂ ਦੇ ਮੁੱਖੀ ਸ਼ਾਇਦ ਹੀ ਈਮਾਨਦਾਰ ਰਹਿ ਸਕਣ, ਜੋ ਨਿਜ ਸਵਾਰਥ ਦੇ ਅਧਾਰ 'ਤੇ ਇੱਕ ਜਾਂ ਦੂਸਰੀ ਰਾਜਸੀ ਪਾਰਟੀ ਦਾ ਹੱਥ ਫੜ ਅੱਗੇ ਵਧਣ ਦੀ ਦੌੜ ਵਿੱਚ ਜੁਟੇ ਚਲੇ ਆ ਰਹੇ ਹਨ।

**ਗਲ ਨਵੰਬਰ-84 ਦੇ ਦੋਸ਼ੀਆਂ ਦੀ:** ਜਾਣਕਾਰ ਸੂਤਰਾਂ ਅਨੁਸਾਰ ਅਦਾਲਤ ਵਲੋਂ ਆਪਣੀ ਨਿਗਰਾਨੀ ਵਿੱਚ ਨਵੰਬਰ-84 ਦੇ ਸਿੱਖ ਕਤਲੇਆਮ ਦੇ ਗਰਦਾਨੇ ਜਾਂਦੇ ਇੱਕ ਮੁਖ ਦੋਸ਼ੀ, ਜਗਦੀਸ਼ ਟਾਈਟਲਰ ਵਿਰੁੱਧ ਆਪਣੀ ਜਾਂਚ ਨੂੰ ਅਗੇ ਵਧਾਏ ਜਾਣ ਦੇ ਸੀ. ਬੀ. ਆਈ ਨੂੰ ਦਿੱਤੇ ਗਏ ਆਦੇਸ਼ ਨਾਲ ਹੀ ਐਡਵੋਕੇਟ ਐਚ ਐਸ ਫੂਲਕਾ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵਿਚਕਾਰ ਇੱਕ-ਦੂਸਰੇ ਪੁਰ ਦੋਸ਼ ਲਾਏ ਜਾਣ ਦੇ ਫਲਸਰੂਪ ਇੱਕ ਨਵਾਂ ਵਿਵਾਦ ਸਾਹਮਣੇ ਆ ਗਿਆ ਹੈ।

ਇਸ ਨਾਲ ਇੱਕ ਗਲ ਤਾਂ ਇਹ ਉਭਰ ਕੇ ਸਾਹਮਣੇ ਆਈ ਹੈ ਕਿ ਜਸਟਿਸ ਆਰ ਐਸ ਸੋਢੀ ਦੀ ਸਲਾਹ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖੀਆਂ ਵਲੋਂ ਜਗਦੀਸ਼ ਟਾਈਟਲਰ ਵਿਰੁਧ ਚਲ ਰਹੇ ਮੁਕਦਮੇ ਵਿੱਚ ਪਾਰਟੀ ਬਣ, ਉਸਦੀ ਲੜਾਈ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲਿਆ ਜਾਣਾ, ਐਡਵੋਕੇਟ ਐਚ ਐਸ ਫੂਲਕਾ ਨੂੰ ਰਾਸ ਨਹੀਂ ਆ ਰਿਹਾ। ਦੂਸਰਾ ਜੋ ਇਹ ਦਸਿਆ ਜਾ ਰਿਹਾ ਹੈ ਕਿ ਜਗਦੀਸ਼ ਟਾਈਟਲਰ ਪੁਰ ਆਪਣੇ ਵਿਰੁਧ ਗੁਆਹਵਾਂ ਨੂੰ ਖਰੀਦ ਲਏ ਜਾਣ ਦੇ ਜੋ ਕਥਿਤ ਦੋਸ਼ ਲਗ ਰਹੇ ਹਨ, ਉਨ੍ਹਾਂ ਦੀ ਵੀ ਜਾਂਚ ਕੀਤੇ ਜਾਣ ਦੀ ਜੋ ਮੰਗ ਕੀਤੀ ਜਾ ਰਹੀ ਹੈ, ਉਸਨੂੰ ਵੀ ਗੰਭੀਰਤਾ ਨਾਲ ਲਏ ਜਾਣ ਦੀ ਚਰਚਾ ਸ਼ੁਰੂ ਹੋ ਗਈ ਹੈ।

ਇਸ ਮੰਗ ਨੂੰ ਲੈ ਕੇ ਕਿਹਾ ਜਾ ਰਿਹਾ ਹੈ ਕਿ ਜੇ ਇਹ ਜਾਂਚ ਨਿਰਪੱਖਤਾ ਨਾਲ ਕੀਤੀ ਜਾਂਦੀ ਹੈ ਤਾਂ ਇਸ ਹਮਾਮ ਵਿੱਚ ਉਨ੍ਹਾਂ ਕਈਆਂ ਦੇ ਨੰਗੇ ਹੋ ਸਾਹਮਣੇ ਆ ਜਾਣ ਦੀ ਸੰਭਾਵਨਾ ਬਣ ਜਾਇਗੀ, ਜੋ ਅਜੇ ਤਕ ਪੀੜਤਾਂ ਦੇ ਹਮਦਰਦ ਬਣ, ਉਨ੍ਹਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਦੇ ਚਲੇ ਆ ਰਹੇ ਹਨ। ਦਸਿਆ ਗਿਆ ਹੈ ਕਿ ਐਡਵੋਕੇਟ ਐਚ. ਐਸ. ਫੂਲਕਾ ਨੇ ਆਪਣੀ ਕਿਤਾਬ 'ਜਦੋਂ ਧਰਤੀ ਹਿਲੀ' ਵਿੱਚ ਬਾਦਲ ਅਕਾਲੀ ਦਲ ਦੇ ਕੁਝ ਮੁੱਖੀਆਂ ਪੁਰ ਗੁਆਹਾਵਾਂ ਨੂੰ ਦੋਸ਼ੀਆਂ ਦੇ ਹੱਥ ਵੇਚ, ਉਨ੍ਹਾਂ ਵਿਰੁਧ ਚਲ ਰਹੇ ਮੁਕਦਮਿਆਂ ਨੂੰ ਪ੍ਰਭਾਵਤ ਕਰ ਦੇਣ ਦੇ ਦੋਸ਼ ਲਾਏ ਹਨ, ਇਨ੍ਹਾਂ ਦੋਸ਼ਾਂ ਦੇ ਜਵਾਬ ਵਿੱਚ ਬਾਦਲ ਦਲ ਦੇ ਉਨ੍ਹਾਂ ਮੁੱਖੀਆਂ, ਜਿਨ੍ਹਾਂ ਪੁਰ ਐਡਵੋਕੇਟ ਫੂਲਕਾ ਨੇ ਦੋਸ਼ ਲਾਏ ਹਨ, ਵਿਚੋਂ ਇੱਕ ਨੇ ਐਡਵੋਕੇਟ ਫੂਲਕਾ ਪੁਰ ਜਵਾਬੀ ਹਮਲਾ ਕਰਦਿਆਂ, ਉਨ੍ਹਾਂ ਪੁਰ ਦੋਸ਼ ਲਾਇਆ ਕਿ ਉਨ੍ਹਾਂ ਆਪ ਸਿੱਖ ਕਤਲੇਆਮ ਦੇ ਇੱਕ ਮੁਖ ਦੋਸ਼ੀ ਦੇ ਨਾਲ ਗਵਾਹਾਂ ਦਾ ਕਥਤ ਸਮਝੌਤਾ ਕਰਵਾਇਆ ਸੀ। ਇਸਦੇ ਨਾਲ ਹੀ ਬਾਦਲ ਅਕਾਲੀ ਦਲ ਦੇ ਇੱਕ ਹੋਰ ਮੁੱਖੀ ਆਤਮਾ ਸਿੰਘ ਪੁਰ ਵੀ ਗਵਾਹਾਂ ਨੂੰ ਵਰਗਲਾਉਣ ਦਾ ਦੋਸ਼ ਲਗਾ ਸੀ, ਦਸਿਆ ਗਿਆ ਹੈ ਕਿ ਆਪਣੇ ਪੁਰ ਲਗੇ ਦੋਸ਼ ਦੇ ਚਲਦਿਆਂ ਆਤਮਾ ਸਿੰਘ ਦੀ ਬਰਾਦਰੀ ਵਲੋਂ ਉਸ ਪੁਰ ਪੰਜ ਲੱਖ ਗਿਆਰ੍ਹਾਂ ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ ਗਿਆ, ਜਿਸਨੂੰ ਉਸਨੇ ਬਿਨਾ ਕਿਸੇ ਚੂੰ-ਚਰਾਂ ਦੇ ਅਦਾ ਕਰ ਦਿਤਾ। ਇਸੇ ਤਰ੍ਹਾਂ ਲਾਏ ਜਾਂਦੇ ਰਹੇ ਦੋਸ਼ਾਂ-ਪ੍ਰਤੀ-ਦੋਸ਼ਾਂ ਦੇ ਚਲਦਿਆਂ, ਕਿਹਾ ਜਾ ਰਿਹਾ ਹੈ ਕਿ ਜੇ ਸਿੱਖ ਕਤਲੇਆਮ ਦੇ ਸਮੇਂ ਪੀੜਤਾਂ ਦੇ ਹਮਦਰਦ ਬਣ ਸਰਗਰਮ ਰਹੇ ਕਥਤ ਮੁੱਖੀਆਂ ਅਤੇ ਨਾਮ-ਨਿਹਾਦ ਸੰਸਥਾਂਵਾਂ ਨੂੰ ਵੀ ਸੀ. ਬੀ. ਆਈ ਦੀ ਜਾਂਚ-ਪੜਤਾਲ ਦੇ ਘੇਰੇ ਵਿੱਚ ਲਿਆਦਾਂ ਜਾਏ, ਤਾਂ ਕਈ ਨਵੇਂ ਤੱਥ ਉਭਰ ਕੇ ਸਾਹਮਣੇ ਆ ਸਕਦੇ ਹਨ।

**ਅਰੰਭਕ ਗੁਆਹ ਕਿਥੇ ਹਨ :** ਦਸਿਆ ਜਾਂਦਾ ਹੈ ਕਿ ਅਰੰਭ ਵਿੱਚ, ਜਦੋਂ ਨਵੰਬਰ-84 ਦੇ ਦੋਸ਼ੀਆਂ ਵਿਰੁੱਧ ਅਦਾਲਤੀ ਕਾਰਵਾਈ ਸ਼ੁਰੂ ਹੋਈ ਸੀ ਤਾਂ ਉਸ ਸਮੇਂ ਸਜਣ ਕੁਮਾਰ, ਜਗਦੀਸ਼ ਟਾਈਟਲਰ, ਐਚ. ਕੇ. ਐਲ. ਭਗਤ ਆਦਿ ਦੇ ਵਿਰੁੱਧ ਜਸਬੀਰ ਸਿੰਘ, ਭਾਈ ਸੁਰਿੰਦਰ ਸਿੰਘ (ਜਿਸਦਾ ਦੇਹਾਂਤ ਹੋ ਚੁਕਾ ਹੈ), ਫੋਤਾ ਸਿੰਘ, ਸਲਾਬਤੀ ਕੌਰ, ਭਗਵਾਨੀ ਬਾਈ, ਜੀਤ ਕੌਰ, ਗੁਡੀ ਕੌਰ, ਬਾਬੂ ਸਿੰਘ ਆਦਿ ਦੇ ਨਾਂ ਚਰਚਾ ਵਿੱਚ ਰਹੇ, ਪ੍ਰੰਤੂ ਅੱਜ ਇਨ੍ਹਾਂ ਵਿਚੋਂ ਕਿਸੇ ਇੱਕ ਦਾ ਵੀ ਨਾਂ ਗਵਾਹਾਂ ਦੇ ਰੂਪ ਵਿੱਚ ਸੁਣਾਈ ਜਾਂ ਵਿਖਾਈ ਨਹੀਂ ਦੇ ਰਿਹਾ।

**...ਅਤੇ ਅੰਤ ਵਿੱਚ :** ਨਵੰਬਰ-84 ਦੇ ਸਿੱਖ ਕਤਲੇਆਮ ਦੇ ਦੌਰਾਨ ਪੀੜਤਾਂ ਦੇ ਕਈ ਕਥਤ 'ਹਮਦਰਦ' ਮੁੱਖੀਆਂ ਦੇ ਨਾਲ ਸਰਗਰਮ ਰਹੇ ਇੱਕ ਮੁਖੀ ਦਾ ਕਹਿਣਾ ਹੈ ਕਿ ਜੇ ਸੀ. ਬੀ. ਆਈ ਨਵੰਬਰ-84 ਦੇ ਦੋਸ਼ੀਆਂ ਨੂੰ ਇਹ ਭਰੋਸਾ ਦੇ ਕੇ, ਉਨ੍ਹਾਂ ਪਾਸੋਂ ਪੁਛ-ਗਿਛ ਕਰੇ ਕਿ ਉਨ੍ਹਾਂ ਵਲੋਂ ਦਿੱਤੀ ਗਈ ਜਾਣਕਾਰੀ ਨੂੰ ਉਨ੍ਹਾਂ ਵਿਰੁੱਧ ਨਹੀਂ ਵਰਤਿਆ ਜਾਇਗਾ, ਤਾਂ ਉਹ ਕਈ ਅਜਿਹੇ ਸਫੇਦਪੋਸ਼ ਦਲਾਲਾਂ ਦੇ ਨਾਂ ਦਸ ਸਕਦੇ ਹਨ, ਜਿਨ੍ਹਾਂ ਨੇ ਗਵਾਹਾਂ ਨੂੰ ਉਨ੍ਹਾਂ ਹੱਥ ਵੇਚਣ ਲਈ ਪਹੁੰਚ ਕੀਤੀ ਅਤੇ ਜਿਨ੍ਹਾਂ ਨੇ ਇਸ ਕੰਮ ਵਿੱਚ ਉਨ੍ਹਾਂ ਪਾਸੋਂ ਭਾਰੀ-ਭਰਕਮ ਦਲਾਲੀ ਵਜੋਂ ਵਸੂਲ ਕੀਤੀ ਸੀ।

# 'ਜ਼ੌਲੀ ਫੈਟ ਮੈਨ ਇੰਨ ਰੈੱਡ ਕੋਟ'- ਕ੍ਰਿਸਮਸ ਇੱਕ ਆਰੰਭ ਅਤੇ ਕੁਝ ਤੱਥ



ਪਰਸ਼ੋਤਮ ਲਾਲ ਸਰੋਏ
92175-44348

ਕ੍ਰਿਸਮਸ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਐਕਸ-ਮਸ ਕਿਹਾ ਜਾਂਦਾ ਹੈ। ਕ੍ਰਿਸਮਸ ਅੰਗਰੇਜ਼ੀ ਦੇ ਸ਼ਬਦ ਦਾ ਆਰੰਭ ਗਰੀਕ ਭਾਸ਼ਾ ਤੋਂ ਹੋਇਆ ਮੰਨਿਆ ਜਾਂਦਾ ਹੈ। ਕ੍ਰਿਸਮਸ ਦਾ ਦਿਨ ਇੱਕ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਹੀ ਈਸਾਈ ਧਰਮ ਦੇ ਮਸੀਹਾ "ਜੀਸਸ ਈਸਾ ਮਸੀਹ" ਦਾ ਜਨਮ ਵੀ ਹੋਇਆ ਮੰਨਿਆ ਜਾਂਦਾ ਹੈ। ਆਪ ਜੀ ਨੂੰ ਜੀਸਸ ਕ੍ਰਾਇਸਟ ਵੀ ਕਿਹਾ ਜਾਂਦਾ ਹੈ। ਯੂਰਪੀ ਲੋਕਾਂ ਨੇ ਐਕਸ-ਮਸ ਦੇ ਪਹਿਲੇ ਅੱਖਰ ਐਕਸ ਨੂੰ ਕਰਾਇਸਟ ਦੇ ਪਹਿਲੇ ਪਹਿਲੇ ਵਰਣ ਦੇ ਤੌਰ ਤੇ ਵਰਤਨਾ ਸ਼ੁਰੂ ਕਰ ਦਿੱਤਾ ਸੀ। ਜਿਹੜੇ ਲੋਕਾਂ ਯੂਰਪੀ ਨਹੀਂ ਜਾਣਦੇ ਸਨ ਉਨ੍ਹਾਂ ਨੂੰ ਐਕਸ-ਮਸ ਦਾ ਸ਼ਬਦ ਅਪਮਾਨ-ਜਨਕ ਲੱਗਦਾ ਸੀ। ਆਪ ਜੀ ਦੀ ਮਾਤਾ ਦਾ ਨਾਂ ਮੇਰੀ ਜਿਸ ਨੂੰ ਮਰੀਅਮ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ ਅਤੇ ਪਿਤਾ ਯੂਸਫ ਮਸੀਹ ਹੈ। ਇਨ੍ਹਾਂ ਨੂੰ ਪਰਮਾਤਮਾਂ ਦਾ ਪੁੱਤਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਜਿਨ੍ਹਾਂ ਨੂੰ ਸੱਚ ਦੇ ਪ੍ਰਚਾਰ ਕਰਕੇ ਸੂਲੀ ਚੜ੍ਹਾਇਆ ਗਿਆ ਸੀ। ਇਸ ਦਿਨ ਨੂੰ ਇੱਕ ਵੱਡੇ ਦਿਨ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ 25 ਦਸੰਬਰ ਨੂੰ ਮਨਾਉਣ ਦਾ ਸਿਲਸ਼ਿਲਾ ਚੌਥੀ ਸਦੀ ਤੋਂ ਹੀ ਸ਼ੁਰੂ ਹੋਇਆ ਹੈ। ਭਾਵੇਂ ਕਿ ਇਸ ਤਿਉਹਾਰ ਨੂੰ ਮਨਾਉਣ ਦਾ ਸਮਾ ਬਸੰਤ ਰੁੱਤ ਆਉਣ ਤੋਂ ਹੈ ਪਰ ਇਸ ਦਿਨ ਨੂੰ 25 ਦਸੰਬਰ ਨੂੰ ਮਨਾਉਣ ਦਾ ਸਮਾਂ ਤਹਿ ਕਰ ਦਿੱਤਾ ਗਿਆ ਹੈ। ਇਸ ਪਿੱਛੇ ਵੀ ਕੋਈ ਭੇਦ ਜ਼ਰੂਰ ਛੁਪਿਆ ਹੋਇਆ ਹੋਵੇਗਾ। ਇਸ ਦਿਨ ਨੂੰ ਮਨਾਉਣ ਉੱਪਰ ਬਸਤੀਵਾਦੀ ਦਿਨਾਂ ਵਿੱਚ ਵੈਨ ਲੱਗ ਗਿਆ ਸੀ। ਪਰ ਉਸ ਤੋਂ ਬਾਅਦ ਅੱਜ ਵੀ ਇਹ ਦਿਨ ਵੱਡੇ ਦਿਨ ਦੇ ਤੌਰ ਤੇ ਪੂਰੇ ਸੰਸਾਰ ਵਿੱਚ ਮਨਾਇਆ ਜਾਂਦਾ ਹੈ।

ਜ਼ੀਸਸ ਕ੍ਰਾਇਸਟ ਦੇ ਜਨਮ ਤੋਂ 200 ਸਾਲ ਪੂਰਵ ਦ੍ਰਵਿੜ ਲੋਕ ਅਮਰਵੇਲ ਦਾ ਪ੍ਰਯੋਗ ਸਰਦ ਰੁੱਤ ਦੇ ਆਉਣ ਦੀ ਖ਼ੁਸ਼ੀ ਦਾ ਜ਼ਸ਼ਨ ਮਨਾਉਣ ਲਈ ਕਰਦੇ ਸਨ। ਉਹ ਲੋਕ ਇਨ੍ਹਾਂ ਅਮਰਵੇਲਾਂ ਨੂੰ ਦੂਸਰੇ ਬੂਟਿਆਂ ਦਾ ਸਹਾਰਾ ਲੈ ਕੇ ਖੜ੍ਹੀਆਂ ਰਹਿਣ ਵਾਲੀਆਂ ਵੇਲਾਂ ਮੰਨਦੇ ਹੋਏ ਇਨ੍ਹਾਂ ਦਾ ਪ੍ਰਯੋਗ ਆਪਣੇ ਘਰਾਂ ਦੀ ਸਜਾਵਟ ਕਰਨ ਲਈ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਇਨ੍ਹਾਂ ਅਮਰਵੇਲਾਂ ਵਿੱਚ ਅਲੌਕਿਕ ਸ਼ਕਤੀਆਂ ਹਨ ਜੋ ਕਿ ਉਨ੍ਹਾਂ ਦੀ ਸਿਹਤ ਨੂੰ ਤੰਦਰੁਸਤ ਰੱਖਣ ਅਤੇ ਉਨ੍ਹਾਂ ਨੂੰ ਭੂਤਾਂ-ਪ੍ਰੇਤਾਂ ਤੋਂ ਸੁਰੱਖਿਅਤ ਰੱਖ ਸਕਦੀਆਂ ਹਨ।

ਸਕਾਡੀਨਾਵੀਅਨ ਲੋਕ ਵੀ ਇਨ੍ਹਾਂ ਅਮਰਵੇਲਾਂ ਨੂੰ ਵਾਤਾਵਰਣ ਨੂੰ ਸ਼ਾਂਤਮਈ ਰੱਖਣ ਅਤੇ ਉਸ ਵਿੱਚ ਇੱਕ ਖ਼ਾਸ ਤਰ੍ਹਾਂ ਦਾ ਸੁਰਮਈ ਸੰਗੀਤ ਭਰਨ ਦੇ ਚਿੰਨ੍ਹ ਦੇ ਤੌਰ ਤੇ ਮੰਨਦੇ ਸਨ। ਉਹ ਲੋਕ ਇਨ੍ਹਾਂ ਅਮਰਵੇਲਾਂ ਨੂੰ ਆਪਣੀ ਸਨੇਹ ਦੀ ਦੇਵੀ 'ਫਰਿਗਾ' ਦੇ ਤੌਰ ਤੇ ਵੀ ਮੰਨਦੇ ਸਨ। ਉਨ੍ਹਾਂ ਦੇ ਇਸ ਵਿਸ਼ਵਾਸ ਨੇ ਉਨ੍ਹਾਂ ਵਿੱਚ ਇਨ੍ਹਾਂ ਅਮਰਵੇਲਾਂ ਹੇਠ 'ਕਿਸਿੰਗ ਦੀ ਵਿਵਸਥਾ' ਨੂੰ ਵੀ ਜਨਮ ਦਿੱਤਾ। ਇਹ ਵਿਵਸਥਾ ਚਰਚ ਦੇ ਨਿਯਮਾਂ ਦੇ ਖ਼ਿਲਾਫ਼ ਸੀ। ਜਿਸ ਕਰਕੇ ਚਰਚ ਦੇ ਕਨੂੰਨਾਂ ਮੁਤਾਬਕ ਇਸ ਵਿਵਸਥਾ ਉੱਪਰ ਵੈਨ ਲਗਾ ਦਿੱਤਾ ਗਿਆ ਸੀ। ਚਰਚ-ਫਾਦਰ ਨੇ ਇਸ ਪੁਰਬ ਨੂੰ ਮਨਾਉਣ ਲਈ ਕੁਝ ਇੱਕ ਪਵਿਤਰ ਰਸਮਾਂ ਦਾ ਪ੍ਰਯੋਗ ਕਰਨ ਦਾ ਸੁਝਾਅ ਦਿੱਤਾ।

ਪੌਂਨਸਿਟਾ ਮੈਕਸੀਕੋ ਦੇ ਨਿਵਾਸੀ ਸਨ। ਉਨ੍ਹਾਂ ਨੂੰ ਇਹ ਜਾਤੀ ਨਾਮ ਅਮਰੀਕਾ ਦੇ ਮੈਕਸੀਕੋ ਨੂੰ ਪਹਿਲੇ ਐਂਬੈਸੇਡਰ ਜੋਇਲ ਪੋਨਸਿਟ ਤੋਂ ਮਿਲਿਆ ਸੀ। ਉਹ ਇਨ੍ਹਾਂ ਅਮਰਵੇਲਾਂ ਨੂੰ 1928 ਵਿੱਚ ਅਮਰੀਕਾਂ ਤੋਂ ਲੈ ਕੇ ਆਇਆ ਸੀ। ਇਸ ਤਰ੍ਹਾਂ ਪੌਂਨਸਿਟਾ ਦੇ ਬੂਟੇ ਕ੍ਰਿਸਮਸ ਦੇ ਸੀਜਨ ਨਾਲ ਸਬੰਧਤ ਹੇਏ। ਪੌਨਸਿਟਾ ਦਾ ਅਸਲ ਫੁੱਲ ਛੋਟਾ ਅਤੇ ਪੀਲੇ ਰੰਗ ਦਾ ਹੁੰਦਾ ਹੈ। ਪਰ ਇਹਦਾ ਘੇਰਾ ਗੂੜੇ ਲਾਲ ਰੰਗ ਦੇ ਪੱਤਿਆ ਕਰ ਕੇ ਵੱਡਾ ਦਿਖਾਈ ਦਿੰਦਾ ਹੈ ਅਤੇ ਦੇਖਣ ਨੂੰ ਬੜਾ ਸੁਹਾਵਣਾ ਲੱਗਦਾ ਹੈ।

ਕ੍ਰਿਸਮਸ ਦੇ ਬੂਟੇ ਦਾ ਅਰੰਭ 16ਵੀਂ ਸਦੀ ਵਿੱਚ ਜਰਮਨ ਵਿੱਚ ਹੋਇਆ ਸੀ। ਇਹ ਜਰਮਨ ਦੇ ਲੋਕਾਂ ਦੇ ਲਈ ਇੱਕ ਆਮ ਜਹੀ ਗੱਲ ਬਣ ਗਈ ਹੈ ਕਿ ਇਹ ਲੋਕ ਕ੍ਰਿਸਮਸ ਦੇ ਬੂਟੇ ਨੂੰ ਅੰਦਰੋਂ ਅਤੇ ਬਾਹਰੋਂ ਫੁੱਲਾਂ ਨਾਲ ਸਜਾ ਲੈਂਦੇ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਾਰਟਿਨ ਲੂਥਰ ਨੇ ਸੱਭ ਤੋਂ ਪਹਿਲਾਂ ਇਨ੍ਹਾਂ ਕ੍ਰਿਸਮਸ ਦੇ ਬੂਟਿਆਂ ਨੂੰ ਮੋਮਬੱਤੀਆਂ ਦੀ ਰੌਸ਼ਨੀ ਨਾਲ ਰੌਸ਼ਨ ਕੀਤਾ ਸੀ।

ਇਸ ਦਿਨ ਨੂੰ ਇੱਕ ਵੱਡੇ ਦਿਨ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਸ ਦਿਨ ਸਾਂਤਾ-ਕਲਾਜ਼ ਆਉਂਦਾ ਹੈ ਅਤੇ ਬੱਚਿਆਂ ਵਿੱਚ ਢੇਰ ਸਾਰਾ ਪਿਆਰ ਅਤੇ ਤੋਅਫੇ ਵੰਡਦਾ ਹੈ। ਅਸਲ ਸਾਂਤਾ-ਕਲਾਜ਼ 'ਸੇਂਟ ਨਿਕਲਸ' ਦਾ ਜਨਮ ਤੁਰਕੀ ਵਿੱਚ ਚੌਥੀ ਸਦੀ ਵਿੱਚ ਹੋਇਆ ਮੰਨਿਆ ਜਾਂਦਾ ਹੈ। ਉਸ ਨੂੰ ਜ਼ਿਆਦਾਤਰ ਗਰੀਬਾਂ ਦਾ ਹਮਦਰਦ ਹੋਣ ਕਰਕੇ ਜਾਣਿਆਂ ਜਾਂਦਾ ਹੈ। ਪਰ ਰੋਮਨ ਲੋਕਾਂ ਨੇ ਉਸ ਅਸਲ ਸਾਂਤਾ-ਕਲਾਜ਼ ਨੂੰ ਫੜ੍ਹ ਕੇ ਜ਼ੇਲ੍ਹ 'ਚ ਬੰਦ ਕਰ ਦਿੱਤਾ ਸੀ, ਅਤੇ ਕਾਫੀ ਤਸੀਹੇ ਦਿੱਤੇ।

ਕਾਨਸਟੇਂਟਾਇਨ ਰੋਮ ਦਾ ਸ਼ਹਿਨਸ਼ਾਹ ਬਣਿਆ ਤਾਂ ਉਸ ਨੇ ਸ਼ਾਂਤਾ-ਕਲਾਜ਼ ਨੂੰ ਆਜ਼ਾਦ ਕਰ ਦਿੱਤਾ। ਓਹ ਆਪ ਵੀ ਕ੍ਰਿਸ਼ਚਨ ਬਣ ਚੁੱਕਾ ਸੀ। 325 ਵਿੱਚ ਨਿਕਾਇਆ ਨਾਂ ਦੀ ਕੌਨਸਿਲ ਦਾ ਨਿਰਮਾਣ ਕੀਤਾ ਗਿਆ ਅਤੇ ਸੇਂਟ ਨਿਕਲਸ ਨੂੰ ਇਸ ਦਾ ਪ੍ਰਤੀਨਿਧੀ ਨਿਯੁਕਤ ਕੀਤਾ ਗਿਆ। ਉਸ ਦੇ ਦਿਲ ਵਿੱਚ ਬੱਚਿਆਂ ਵਾਸਤੇ ਢੇਰ ਸਾਰਾ ਪਿਆਰ ਅਤੇ ਸਹਾਨੁਭੂਤੀ ਸੀ।

ਸੀ.ਮੋਰੇ ਨੇ ਉਸ ਉੱਤੇ ਇੱਕ ਬਹੁਤ ਪ੍ਰਸਿੱਧ ਕਵਿਤਾ 'ਏ ਵਿਜ਼ਿਟ ਫਾਰ ਸੇਂਟ ਨਿਕਲਸ ਲਿਖੀ', ਜੋ ਕਿ ਬਾਅਦ ਵਿੱਚ 'ਦ ਨਾਇਟ ਬਿਫੋਰ ਕ੍ਰਿਸਮਸ' ਦੇ ਸਿਰਲੇਖ ਹੇਠ ਪ੍ਰਕਾਸ਼ਿਤ ਹੋਈ। ਜਿਸ ਦਾ ਕ੍ਰੈਡਿਟ ਵੀ ਸੀ. ਮੋਰੇ ਨੂੰ ਹੀ ਜਾਂਦਾ ਹੈ। ਜਿਸ ਵਿੱਚ ਸੀ.ਮੋਰੇ ਨੇ 'ਜ਼ੌਲੀ ਫੈਟ ਮੈਨ ਇੰਨ ਰੈੱਡ ਕੋਟ' ਦੀ ਇੱਕ ਨਵੀਂ ਤਸਵੀਰ ਪ੍ਰਦਾਨ ਕੀਤੀ। ਹਰ ਸਾਲ ਇਸ ਦਿਨ ਨੂੰ 400 ਲੱਖ ਤੋਂ ਵੀ ਜ਼ਿਆਦਾ ਲੋਕ ਇੱਕ ਧਾਰਮਿਕ ਅਤੇ ਵਪਾਰਕ ਤਿਓਹਾਰ ਦੇ ਤੌਰ ਤੇ ਮਨਾਉਂਦੇ ਹਨ।

ਐ ਬੋਝ ਨਾਲ ਥੱਕੇ ਮਾਰੇ ਲੋਕੋ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦੇਵਾਂਗਾ। (ਮਤੀ 11/28)

ਸਾਡੀ ਚਰਚ ਸਰਵਿਸ ਹਰ ਐਤਵਾਰ ਨੂੰ ਹੁੰਦੀ ਹੈ।

ਸਵੇਰੇ 10.30 ਤੋਂ 11.00 ਵਜੇ ਤੱਕ ਬਾਈਬਲ ਸਟੱਡੀ, 11.00 ਤੋਂ 12.30 ਵਜੇ ਤੱਕ ਪ੍ਰਮੇਸ਼ਵਰ ਦਾ ਗੁਣਗਾਨ ਅਤੇ ਵਚਨ, ਪ੍ਰਾਰਥਨਾ

ਉਸ ਸੱਚੇ ਪ੍ਰਮੇਸ਼ਵਰ ਦੀ ਕਿਰਪਾ ਨਾਲ ਕੈਲੇਫੋਰਨੀਆ ਦੇ ਸ਼ਹਿਰ ਰਿਪਨ ਵਿਚ ਪੰਜਾਬੀ ਚਰਚ ਖੁੱਲ੍ਹ ਚੁੱਕਾ ਹੈ, ਅਸੀਂ ਉਸ ਪਰਮ ਪਿਤਾ ਦਾ ਧੰਨਵਾਦ ਕਰਦੇ ਹਾਂ, ਜਿਸ ਨੇ ਇਹ ਕਿਰਪਾ ਕੀਤੀ ਹੈ। ਅਸੀਂ ਆਪ ਸਭ ਨੂੰ ਬੇਨਤੀ ਕਰਦੇ ਹਾਂ ਕਿ ਆਪ ਸਭ ਇਸ ਚਰਚ ਵਿਚ ਆਵੋ ਅਤੇ ਜ਼ਿੰਦਗੀ ਦੇ ਸੁੱਖ ਪਾਵੋ।

ਜਿਹਨਾਂ ਲੋਕਾਂ ਨੂੰ ਕੋਈ ਬਿਮਾਰੀ ਜਾਂ ਭੈੜੀਆਂ ਆਤਮਾਵਾਂ ਦੀ ਸਮੱਸਿਆ ਹੈ, ਉਹਨਾਂ ਲਈ ਖਾਸ ਪ੍ਰਾਰਥਨਾ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਫੋਨ ਕਰੋ

ਅਜੇ ਪੋਲ 510-359-9498
ਸੰਦੀਪ ਪੀਟਰ 916-990-7152
ਚੰਦਨ ਸਿੰਘ 209-242-3642

Pastor
A. M Gill
408-390-0996

ਰੂਹਾਨੀ ਫੈਲੋਸ਼ਿਪ ਚਰਚ ਰਿਪਨ ਕੈਲੇਫੋਰਨੀਆ 517 ORANGE AVE., RIPON CA

# ਮੂਲਵਾਸੀ ਪੰਜਾਬੀ ਕਾਵਿ ਚਿੰਤਨ-ਇੱਕ ਦ੍ਰਿਸ਼ਟੀਕੋਣ

## ਮੂਲ ਸਮੱਸਿਆ ਅਤੇ ਭਵਿੱਖ



ਫਤਿਹਜੰਗ ਸਿੰਘ
91-98726-70278

**(ਦੂਜੀ ਕਿਸਤ)**

ਇਸ ਸਬੰਧੀ ਡਾ. ਹਰੀਸ਼ ਮਲਹੋਤਰਾ ਦੀ ਟਿੱਪਣੀ ਬੜੀ ਵਾਜਬ ਜਾਪਦੀ ਹੈ, ''ਸੱਭਿਆਚਾਰ ਕਦਰਾਂ ਕੀਮਤਾਂ ਅਤੇ ਦਿਮਾਗ਼ੀ ਸੋਚ ਇੰਨੀ ਜਲਦੀ ਨਹੀਂ ਬਦਲਦੀ। ਜੇਕਰ ਸਾਨੂੰ ਇਹ ਤਕਲੀਫ਼ ਦੇਹ ਹੈ ਕਿ ਦਲਿਤ ਸਾਹਿਤ ਦਾ ਕਿਉਂ ਉਭਾਰ ਹੋ ਰਿਹਾ ਹੈ ਤਾਂ ਸਾਨੂੰ ਆਪਣੇ ਆਪ ਨੂੰ ਕੁਰੇਦਣ ਦੀ ਜ਼ਰੂਰਤ ਹੈ ਕਿ ਸਾਨੂੰ ਦਲਿਤ ਸਾਹਿਤ ਨਾਲ ਨਫ਼ਰਤ ਕਿਉਂ ਹੈ?'' ਉਹ ਅੱਗੇ ਲਿਖਦੇ ਹਨ, ''ਜੋ ਕੋਈ ਕਿਸੇ ਸੰਤਾਪ ਨੂੰ ਹੰਢਾਉਂਦਾ ਹੈ, ਅਗਰ ਉਹ ਆਪਣੇ ਸੰਤਾਪ ਨੂੰ ਕਲਮੀ ਰੂਪ ਦੇ ਕੇ ਲੋਕਾਂ ਦੀ ਕਚਹਿਰੀ ਵਿੱਚ ਰੱਖਦਾ ਹੈ ਤਾਂ ਉਸ ਸਾਹਿਤ ਦੀ ਸ਼ਿੱਦਤ ਕਿਸੇ ਹੋਰ ਦੁਆਰਾ ਲਿਖੇ ਸੰਤਾਪ ਤੋਂ ਜ਼ਿਆਦਾਂ ਅਤੇ ਡੂੰਘੀ ਹੋਵੇਗੀ। ਜਿਵੇਂ ਜਨਮ ਪੀੜਾਂ ਬਾਰੇ ਇੱਕ ਔਰਤ ਹੀ ਦੱਸ ਸਕਦੀ ਹੈ, ਮਰਦ ਨਹੀਂ, ਭਾਵੇਂ ਉਹਨੇ ਕਿੰਨੇ ਬੱਚਿਆਂ ਨੂੰ ਜਨਮ ਦਿਵਾਉਣ ਵਿੱਚ ਮਦਦ ਕੀਤੀ ਹੋਵੇਗੀ।'' ਡਾ. ਹਰੀਸ਼ ਮਲਹੋਤਰਾ ਦੀ ਪਹੁੰਚ ਦਲਿਤ ਸਾਹਿਤ ਬਾਰੇ ਕਾਫ਼ੀ ਪ੍ਰਸੰਗਕ ਹੈ ਜਦੋਂ ਉਹ ਲਿਖਦੇ ਹਨ ਕਿ, ''ਜਿਹੜਾ ਸਾਹਿਤ ਦਬੇ ਕੁਚਲੇ ਅਤੇ ਅਨਿਆਂ ਭੋਗ ਰਹੇ ਲੋਕਾਂ ਦੇ ਦਰਦ ਦੀ ਗੱਲ ਨਹੀਂ ਕਰਦਾ ਉਹ 'ਚਗਲਿਆ ਸਾਹਿਤ' ਹੀ ਹੋ ਸਕਦਾ ਹੈ, ਸਹੀ ਮਾਅਨਿਆਂ ਵਿੱਚ ਸਾਹਿਤ ਕਹਾਉਣ ਦਾ ਹੱਕਦਾਰ ਨਹੀਂ ਹੈ। ਕਿਸੇ ਵੀ ਸਾਹਿਤਕਾਰ ਦਾ ਇਹ ਮੁਢਲਾ ਫਰਜ਼ ਹੈ ਕਿ ਉਹ ਸਮਾਜਿਕ ਬੇਇਨਸਾਫ਼ੀਆਂ, ਭ੍ਰਿਸ਼ਟਾਚਾਰ ਅਤੇ ਅਨਿਆਂ ਭੋਗ ਰਹੇ ਲੋਕਾਂ ਬਾਰੇ ਲਿਖ ਕੇ ਸਮਾਜ ਨੂੰ ਬਰਾ-ਬਰਤਾ, ਭਰਾਤਰੀ ਭਾਵਨਾ ਅਤੇ ਵਧੀਆ ਸਮਾਜ ਲਈ ਸੇਧ ਦੇਵੇ, ਜਿੱਥੇ ਸਭ ਲੋਕ ਖੁਸ਼ ਰਹਿ ਸਕਣ। ਜਿਹੜੇ ਲੋਕ ਇਸ ਕਸੌਟੀ 'ਤੇ ਠੀਕ ਨਹੀਂ ਉੱਤਰਦੇ, ਉਹ ਥੋੜ੍ਹੇ ਚਿਰ ਲਈ ਤਾਂ ਵਾਹਵਾ ਖੱਟ ਸਕਦੇ ਹਨ ਪਰ ਉਹ ਸਦਾ ਲਈ ਲੋਕਾਂ ਦੇ ਮਨਾਂ ਵਿੱਚ ਆਪਣੀ ਥਾਂ ਨਹੀਂ ਬਣਾ ਸਕਦੇ।''

ਪ੍ਰਸਿੱਧ ਦਲਿਤ ਮਾਰਕਸੀ ਚਿੰਤਕ ਡਾ. ਸਰਬਜੀਤ ਸਿੰਘ ਦਾ ਕਹਿਣਾ ਹੈ ਕਿ, ''ਦਲਿਤ ਚੇਤਨਾ ਮਹਿਜ਼ ਸਾਹਿਤ ਚੇਤਨਾ ਨਹੀਂ ਹੈ। ਇਸ ਪ੍ਰਤੀ ਹੋਰ ਵੀ ਵਧੇਰੇ ਸਪੱਸ਼ਟ ਹੋਣ ਦੀ ਲੋੜ ਹੈ ਕਿਉਂਕਿ ਸਾਹਿਤ ਨੂੰ ਨਿਰੋਲ ਅਨੁਭਵ ਦਾ ਖੇਤਰ ਬਣਾ ਕੇ ਸੀਮਤ ਕਰ ਦਿੱਤਾ ਜਾਂਦਾ ਹੈ। ਅਨੁਭਵ ਕਿੰਨਾ ਵੀ ਸਸ਼ਕਤ ਹੋਵੇ ਜੇਕਰ ਦ੍ਰਿਸ਼ਟੀ ਦੀ ਕਮਜ਼ੋਰੀ ਹੈ ਤਾਂ ਸਸ਼ਕਤ ਅਨੁਭਵ ਵੀ ਕੱਚਾ ਮਸਾਲਾ ਬਣ ਜਾਂਦਾ ਹੈ। ਦੂਸਰਾ ਉਸਨੂੰ ਕਲਾਤਮਕਤਾ 'ਚ ਰੂਪਾਂਤਰਿਤ ਕਰਨ ਦੀ ਯੋਗਤਾ ਅਤੇ ਭਾਸ਼ਾਈ ਸੂਝ ਨਹੀਂ ਤਾਂ ਉਹ ਅਨੋਖਾ, ਕੀਮਤੀ, ਦੁਰਲੱਭ ਅਤੇ ਅਜ਼ੀਮ ਹੋ ਕੇ ਵੀ ਵਿਕਾਰੀ ਬਣ ਜਾਵੇਗਾ।''


ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ 'ਮੁੱਖ ਧਾਰਾ' ਵਾਲੇ ਸਮਝਦੇ ਹਨ ਕਿ ਦਲਿਤ ਸਾਹਿਤ ਨੂੰ ਇਸ ਕਾਰਣ ਮੁੱਖ ਧਾਰਾ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਉਸ ਵਿੱਚ ਨਿਰੋਲ ਅਨੁਭਵ ਹੀ ਹੈ ਦ੍ਰਿਸ਼ਟੀ, ਕਲਾ ਅਤੇ ਭਾਸ਼ਾ ਦੀ ਸੂਝ ਨਹੀਂ ਹੈ ਤਾਂ ਫਿਰ 'ਮੁੱਖ ਧਾਰਾ' ਵਾਲੇ ਲੇਖਕਾਂ ਵੱਲੋਂ ਰਚੇ ਦਲਿਤ ਸਾਹਿਤ ਵਿੱਚ ਵੀ ਅਨੁਭਵ ਦਾ ਅਭਾਵ ਹੋਵੇਗਾ ਭਾਵੇਂ ਉਨ੍ਹਾਂ ਕੋਲ ਕਲਾ ਤੇ ਭਾਸ਼ਾ ਦੀ ਸੂਝ ਜਿੰਨੀ ਮਰਜ਼ੀ ਹੋਵੇ। ਇਸ ਕਾਰਣ ਉਹ ਵੀ ਸਾਹਿਤ ਨਹੀਂ ਅਖਵਾਏਗਾ। ਦੋਹਾਂ ਖੇਤਰਾਂ ਵਿੱਚ ਸਾਹਿਤ ਦੇ ਕੁੱਝ ਅਭਾਵਾਂ ਕਾਰਣ ਚੰਗਾ ਪਾਏਦਾਰ ਸਾਹਿਤ ਨਹੀਂ ਰਚਿਆ ਜਾ ਸਕੇਗਾ। ਨਿਸ਼ਚੇ ਹੀ ਇਸਦਾ ਖਮਿਆਜ਼ਾ ਪੂਰਾ ਸਮਾਜ ਭੁਗਤੇਗਾ ਤੇ ਭੁਗਤਦਾ ਰਿਹਾ ਵੀ ਹੈ।


ਹਿੰਦੀ ਦੇ ਪ੍ਰਸਿੱਧ ਦਲਿਤ ਚਿੰਤਕ ਕੰਵਲ ਭਾਰਤੀ ਦਾ ਵਿਚਾਰ ਹੈ ਕਿ, ''ਦਲਿਤ ਕਵੀਆਂ ਦੀ ਭੂਮਿਕਾ ਸਿਰਫ਼ ਵਰਣ ਵਿਵਸਥਾ ਅਤੇ ਮੰਨੂ ਸਿਮ੍ਰਿਤੀ ਦੇ ਵਿਰੋਧ ਤੱਕ ਹੀ ਸੀਮਤ ਨਹੀਂ ਬਲਕਿ ਉਨ੍ਹਾਂ ਦਾ ਮੂਲ ਮਕਸਦ ਇੱਕ ਨਵੀਂ ਵਿਚਾਰਧਾਰਾ ਉਭਾਰਨਾ ਸੀ। ਦਲਿਤ ਕਵਿਤਾ ਇੱਕ ਅਜਿਹੇ ਵਿਸਵਾਸ਼ ਨਾਲ ਜੁੜੀ ਹੋਈ ਸੀ ਜਿਹੜੀ ਵਿਗਿਆਨਕ ਅਤੇ ਲੋਕਤੰਤਰਿਕ ਮੁੱਲਾਂ ਉੱਤੇ ਆਧਾਰਿਤ ਸੀ।''


ਡਾ. ਰੌਣਕੀ ਰਾਮ 'ਮੁੱਖ ਧਾਰਾ' ਲੇਖਕਾਂ ਨੂੰ ਵੰਗਾਰਦੇ ਹਨ, ''ਕੀ ਸਮਾਜ ਵਿਚਲੇ ਜਾਤਪਾਤੀ ਕੋਹੜ ਨੁਮਾ ਵਿਧਾਨ ਦੀ ਤਰਜਮਾਨੀ ਕਰਨਾ ਬੱਸ ਕੇਵਲ ਇਕੱਲੇ ਦਲਿਤਾਂ ਵਾਸਤੇ ਹੀ ਰਹਿ ਗਿਆ ਹੈ? ਕੀ ਦਲਿਤ ਅਨਿਆਏ ਅਤੇ ਤਸ਼ੱਦਦ ਪੂਰੇ ਸਮਾਜ ਦੀ ਸਮੱਸਿਆ ਨਹੀਂ ਮੰਨੀ ਜਾ ਸਕਦੀ? ਕੀ ਇਸ ਜਾਤੀ ਵਿਸ਼ੇਸ ਵਿਤਕਰੇ ਅਤੇ ਅਨਿਆਂ ਨੂੰ ਸਾਹਿਤ ਵਿੱਚ ਅੰਕਿਤ ਕਰਨ ਲਈ ਮੁੱਖ ਧਾਰਾ ਸਾਹਿਤਕਾਰਾਂ ਨੂੰ ਕਿਸੇ ਖਾਸ ਸੋਝੀ ਦੀ ਜ਼ਰੂਰਤ ਹੈ?''

ਡਾ. ਸਰਬਜੀਤ ਸਿੰਘ ਇੱਕ ਪੱਧਰ 'ਤੇ ਆ ਕੇ ਬਹੁਤ ਸਸ਼ਕਤ ਤਰੀਕੇ ਨਾਲ ਮੰਨਦੇ ਹਨ ਕਿ ਦਲਿਤ ਸਾਹਿਤ ਨੂੰ ਦੂਰ ਰੱਖਿਆ ਗਿਆ। ਉਹ ਲਿਖਦੇ ਹਨ, "ਆਦਿ ਧਰਮ ਮੰਡਲ ਲਹਿਰ ਨੇ ਦਲਿਤ ਮੱਨੁਖ ਅੰਦਰ ਸਵੈ ਸਨਮਾਨ ਦੀ ਚਿਣਗ ਪੈਦਾ ਕੀਤੀ। ਇਸ ਚਿਣਗ ਸਦਕਾ ਪੰਜਾਬੀ ਵਿੱਚ ਅਜਿਹਾ ਕਾਵਿ ਸਾਹਮਣੇ ਆਇਆ ਜਿਸਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਕੋਈ ਥਾਂ ਨਹੀਂ ਦਿੱਤੀ ਗਈ ਅਤੇ ਨਾ ਹੀ ਕਿਸੇ ਕਵੀ ਦਾ ਜ਼ਿਕਰ ਕੀਤਾ ਗਿਆ। ....ਇਸ ਕਵਿਤਾ ਦੀ ਕਾਵਿ ਵਸਤੂ ਅਤੇ ਕਾਵਿ ਰੂਪਾਕਾਰ ਦੀ ਚਰਚਾ ਪੰਜਾਬੀ ਕਵਿਤਾ ਦੇ ਨਿਵੇਕਲੇ ਪਾਸਾਰ ਸਿਰਜਣ ਦੇ ਸਮਰੱਥ ਹੈ। ਇਸ ਕਵਿਤਾ ਨੂੰ ਸਿਰਫ਼ ਜਾਤਪਾਤ ਨਾਲ ਸਬੰਧਤ ਕਰਕੇ ਅਤੇ ਸਰਲ, ਸਟੇਜੀ ਜਾਂ ਇਸ਼ਤਿਹਾਰੀ ਕਵਿਤਾ ਕਹਿਕੇ ਪਰ੍ਹਾਂ ਰੱਖ ਦੇਣਾ ਸਾਹਿਤਕ ਦਿਆਨਤਦਾਰੀ ਨਹੀਂ ਹੈ। ਇਹ ਕਵਿਤਾ ਸਦੀਆਂ ਤੋਂ ਲਿਤਾੜੇ, ਨਪੀੜੇ ਅਤੇ ਭੈਅਭੀਤ ਕੀਤੇ ਮਨੁੱਖ ਦੀ ਦਰਦੀਲੀ ਹੂਕ ਹੈ ਜੋ ਜਬਰ ਤੋਂ ਮੁਕਤ ਹੋਣ ਲਈ ਤੜਪਦੀ ਹੀ ਨਹੀਂ ਸਗੋਂ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਉਣਾ ਚਾਹੁੰਦੀ ਹੈ। ਇਸ ਦਰਦੀਲੇ ਮੱਨੁਖ ਦੇ ਦਰਦ ਅਤੇ ਚੀਖ਼ ਦੇ ਅੰਤਰੀਵੀ ਸਾਰ ਤੱਤ ਨੂੰ ਸਮਝਣ ਦੀ ਜ਼ਰੂਰਤ ਹੈ।''

ਆਧੁਨਿਕ ਕਾਲ ਦੇ ਮਾਰਕਸੀ ਵਿਦਵਾਨ ਭਾਰਤੀ ਸਮਾਜ ਦਾ ਵਿਸ਼ਲੇਸਣ ਕਰਨ ਲੱਗਿਆਂ ਖ਼ਲਕਤ ਨੂੰ ਲੋਕਾਂ ਅਤੇ ਜੋਕਾਂ ਦੋ ਖਿੱਤਿਆਂ ਵਿੱਚ ਤਾਂ ਵੰਡਦੇ ਰਹੇ ਪਰ ਇਸ ਤੋਂ ਅੱਗੇ ਨਹੀਂ ਸੀ ਜਾਂਦੇ ਕਿ ਇਹ ਲੋਕ ਕੌਣ ਹਨ ਤੇ ਜੋਕਾਂ ਕੌਣ ਹਨ। ਦਲਿਤਾਂ ਦੀਆਂ ਔਕੜਾਂ ਨੂੰ ਵੇਖਦਿਆਂ ਵੀ ਅਣਡਿੱਠ ਕਰਦੇ ਰਹੇ ਜਾਂ ਫਿਰ ਸਮਾਜ ਨਾਲ ਬੇਈਮਾਨੀ ਕਰਦੇ ਰਹੇ ਜਿਸ ਕਰਕੇ ਸਮਾਜ ਦੀ ਸਹੀ ਤਸਵੀਰ ਸਾਹਿਤ ਵਿੱਚ ਨਹੀਂ ਉੱਕਰੀ ਗਈ। ਸ਼ਾਇਦ ਉਨ੍ਹਾਂ ਦੇ 'ਆਕਾ' ਅਜਿਹਾ ਨਹੀਂ ਸੀ ਚਾਹੁੰਦੇ। ਇਸ ਲਈ ਉਹ ਅਮੀਰ ਗ਼ਰੀਬ ਤੋਂ ਅੱਗੇ ਜਾਤੀ ਵੰਡ ਤੱਕ ਨਹੀਂ ਸੀ ਜਾਂਦੇ। ਅਮੀਰ ਗ਼ਰੀਬ ਹੀ ਅੰਤਿਮ ਸਚਾਈ ਮੰਨਕੇ ਮਾਰਕਸਵਾਦ ਦੇ ਬੀਜ ਨੂੰ ਬਿਨਾਂ ਉਪਜਾਊ ਤੱਤਾਂ ਦੀ ਪਰਖ ਕੀਤੀਆਂ ਭਾਰਤ ਦੀ ਧਰਤੀ 'ਤੇ ਬੀਜਦੇ ਰਹੇ। ਇੱਕ ਕਿਸਾਨ ਦੇ ਊਠ ਦੇ ਗਲ਼ੇ ਵਿੱਚ ਖਰਬੂਜ਼ਾ ਫਸ ਗਿਆ। ਕਿਸੇ ਸਿਆਣੇ ਨੇ ਗਰਦਨ 'ਤੇ ਮੁੱਕਾ ਮਾਰ ਕੇ ਖਰਬੂਜ਼ਾ ਅੰਦਰ ਹੀ ਭੰਨ ਦਿੱਤਾ ਤੇ ਊਠ ਦੀ ਜਾਨ ਬਚ ਗਈ। ਕੋਲ ਖਲੋਤੇ ਕਿਸੇ ਸੱਜਣ ਪੁਰਸ਼ ਨੂੰ ਇਹ ਬਹੁਤ ਆਸਾਨ ਕੰਮ ਜਾਪਿਆ। ਉਸਨੇ ਪਿੰਡ ਜਾ ਕੇ ਕਿਸੇ ਔਰਤ ਦੀ ਗਰਦਨ 'ਤੇ ਨਿੱਕਲੇ ਗਿਲ੍ਹੜ ਦਾ ਇਲਾਜ ਊਠ ਵਾਲਾ ਕਰ ਦਿੱਤਾ ਤਾਂ ਔਰਤ ਦੀ ਮੌਤ ਹੋ ਗਈ। ਮਾਰਕਸਵਾਦ ਚੰਗੀ ਮਨੁੱਖਵਾਦੀ ਵਿਚਾਰਧਾਰਾ ਹੈ। ਪਰ ਇਸਦੇ ਲਾਗੂ ਹੋਣ ਲਈ ਅਮੀਰ ਅਤੇ ਗ਼ਰੀਬ ਦੋ ਵਰਗਾਂ ਦਾ ਹੋਣਾ ਜਰੂਰੀ ਹੈ। ਭਾਰਤੀ ਸਮਾਜ ਵਿੱਚ ਅਮੀਰਾਂ ਦਾ ਇੱਕ ਵਰਗ ਤਾਂ ਹੋਂਦ ਵਿੱਚ ਹੈ ਜਿਸਦੇ ਹਿੱਤ ਸਾਂਝੇ ਹਨ ਪਰ ਗ਼ਰੀਬਾਂ ਦਾ ਇੱਕ ਵਰਗ ਨਹੀਂ ਹੈ ਜਿਸਦੇ ਹਿੱਤ ਵੀ ਅਲੱਗ ਅਲੱਗ ਜਾਤੀ ਵੰਡ ਹੋਣ ਕਾਰਣ ਅਲੱਗ ਅਲੱਗ ਹੋ ਜਾਂਦੇ ਹਨ ਅਤੇ ਗ਼ਰੀਬ ਵਰਗ ਹੋਂਦ ਵਿੱਚ ਨਹੀਂ ਆ ਰਿਹਾ। ਜਦੋਂ ਗ਼ਰੀਬਾਂ ਦਾ ਵੀ ਇੱਕ ਵਰਗ ਬਣ ਗਿਆ ਤਾਂ ਹੀ ਵਰਗ ਸੰਘਰਸ਼ ਹੋ ਸਕੇਗਾ ਅਤੇ ਮਾਰਕਸਵਾਦ ਲਾਗੂ ਹੋਣਾ ਸੰਭਵ ਹੋ ਸਕੇਗਾ। ਇਸ ਲਈ ਜਦੋਂ ਮਾਰਕਸੀ ਲੇਖਕ/ਕਵੀ ਅਮੀਰੀ ਤੇ ਗ਼ਰੀਬੀ ਦੀਆਂ ਜੜ੍ਹਾਂ ਤੱਕ ਜਾਣ ਦੀ ਬਜਾਏ ਉੱਪਰਲੀ ਸਤਹ ਤੱਕ ਵਿਚਰਦਿਆਂ ਹੀ ਗੱਲ ਕਰਦੇ ਰਹੇ ਤਾਂ ਉਹ ਸਾਹਿਤ ਵੀ ਉਸੇ ਤਰ੍ਹਾਂ ਸਤਹੀ ਬਣਕੇ ਰਹਿ ਗਿਆ।




ਆਧੁਨਿਕ ਕਾਲ ਦੇ ਸ਼ੁਰੂ ਵਿੱਚ ਪੰਜਾਬੀ ਮੂਲਵਾਸੀ ਕਾਵਿ ਵਿੱਚ ਇੱਕ ਬਹੁਤ ਹੀ ਮਹੱਤਵਪੂਰਣ ਹਸਤਾਖਰ ਹੈ, ਗਿਆਨੀ ਦਿੱਤ ਸਿੰਘ ਜਿੰਨ੍ਹਾਂ ਨੂੰ ਜਾਤੀ ਕਾਰਣਾਂ ਕਰਕੇ ਪੂਰੀ ਤਰ੍ਹਾਂ ਦਰਕਿਨਾਰ ਕਰਕੇ ਰੱਖਿਆ ਗਿਆ। ਗਿਆਨੀ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ ਬ੍ਰਾਹਮਣਵਾਦੀ ਫੋਕਟ ਭਰਮਾਂ ਵਹਿਮਾਂ ਵਿਰੁੱਧ ਸਿੱਖ ਧਰਮ ਦੇ ਮਾਧਿਅਮ ਤੋਂ ਇੱਕ ਜ਼ਬਰਦਸਤ ਵਿਚਾਰਧਾਰਕ ਜੰਗ ਲੜੀ ਜਿਸ ਸਦਕਾ ਜਿੱਕੇ ਸਾਫ਼ ਸੁਥਰਾ ਸਮਾਜ ਸਿਰਜਣ ਵਿੱਚ ਮੱਦਦ ਮਿਲੀ ਉੱਥੇ ਰਸਾਤਲ ਵੱਲ ਜਾ ਰਹੀ ਸਿੱਖੀ ਵੀ ਬ੍ਰਾਹਮਣਵਾਦੀ ਜਬਾੜ੍ਹਿਆਂ ਵਿੱਚ ਜਾਣੋਂ ਇੱਕ ਵਾਰੀ ਤਾਂ ਬਚ ਗਈ। ਇਹ ਦੋਵੇਂ ਸਖਸ਼ੀਅਤਾਂ ਮੂਲਵਾਸੀਆਂ ਦੇ ਪਹਿਲੇ ਪ੍ਰੋਫੈਸਰ, ਵਿਦਵਾਨ, ਸਾਹਿਤਕਾਰ, ਪੱਤਰਕਾਰ ਤੇ ਸੰਪਾਦਕ ਸਨ। ਪੁਰਾਣੇ ਪੰਜਾਬ ਵਿੱਚ ਸੁਆਮੀ ਦਇਆ ਨੰਦ ਦੀ ਦੇਖ ਰੇਖ ਹੇਠ ਆਰੀਆ ਸਮਾਜ ਲਹਿਰ ਦੇ ਅਧੀਨ ਦਲਿਤਾਂ ਤੇ ਸਿੱਖਾਂ ਨੂੰ ਪੱਕੇ ਬ੍ਰਾਹਮਣਵਾਦੀ ਹਿੰਦੂ ਬਣਾਇਆ ਜਾ ਰਿਹਾ ਸੀ। ਗਿਆਨੀ ਜੀ ਨੇ ਆਪਣੀ ਤਰਕਸ਼ੀਲ ਬੁੱਧੀ ਰਾਹੀਂ ਸੁਆਮੀ ਦਇਆ ਨੰਦ ਨੂੰ ਤਿੰਨ ਵਾਰੀ ਵਿਚਾਰਧਾਰਕ ਭਾਂਜ ਦਿੱਤੀ ਅਤੇ ਪੰਜਾਬ ਵਿੱਚੋਂ ਉਸਦੇ ਪੈਰ ਉਖਾੜ ਦਿੱਤੇ। ਪਰ ਇਹਨਾਂ ਦੋਹਾਂ ਸ਼ਖਸ਼ੀਅਤਾਂ ਨੂੰ ਅਖੀਰ ਤੱਕ ਆਪਣੀ ਨਿਮਨ ਜਾਤੀ ਕਾਰਣ ਝੂਠੇ ਮੁਕੱਦਮੇ ਅਤੇ ਹੁਕਮਨਾਮਿਆਂ ਦੇ ਹੱਥੋਂ ਜ਼ਲੀਲ ਹੋਣਾ ਪਿਆ। ਗਿਆਨੀ ਜੀ ਨੂੰ ਦਰਬਾਰ ਸਾਹਿਬ ਵਿੱਚ ਜੁੱਤੀਆਂ ਵਿੱਚ ਖਲੋ ਕੇ ਪ੍ਰਸ਼ਾਦ ਲੈਣਾ ਪਿਆ।

ਭਾਈ ਪ੍ਰੀਤਮ ਸਿੰਘ ਨੇ ਬੜੀ ਮਿਹਨਤ ਕਰਕੇ ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ ਨੂੰ ਇਕੱਤਰ ਕਰਕੇ ਆਪਣੇ ਖ਼ਰਚੇ 'ਤੇ ਛਪਵਾਇਆ ਜੋ ਅੱਜ ਲੱਗਭੱਗ ਤਿੰਨ ਦਰਜਨ ਕਿਤਾਬਾਂ ਬਣ ਚੁੱਕੀਆਂ ਹਨ। ਗਿਆਨੀ ਜੀ ਨੇ ਕਾਵਿ ਦੇ ਹਰ ਰੂਪ 'ਤੇ ਸਫਲਤਾਪੂਰਵਕ ਹੱਥ ਅਜਮਾਇਆ। ਉਹਨਾਂ ਨੇ ਬ੍ਰਾਹਮਣਵਾਦ ਵੱਲੋਂ ਖੜ੍ਹੇ ਕੀਤੇ ਤਰ੍ਹਾਂ ਤਰ੍ਹਾਂ ਦੇ ਵਹਿਮਾਂ, ਪਾਖੰਡਾਂ, ਜਾਤੀ ਭੇਦਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ-ਵਸਤੂ ਬਣਾਇਆ ਅਤੇ ਆਪਣੇ ਅਖ਼ਬਾਰ ਰਾਹੀਂ ਬੜੇ ਜ਼ੋਰਦਾਰ ਢੰਗ ਨਾਲ਼ ਖੰਡਨ ਕੀਤਾ। ਕਹਿਣ ਦਾ ਢੰਗ ਬੜਾ ਨਿਰਾਲਾ, ਸਾਦਾ ਅਤੇ ਦਿਲ ਟੁੰਬਵਾਂ ਹੁੰਦਾ ਜੋ ਹਰ ਸਧਾਰਣ ਦੇ ਪੱਲੇ ਪੈ ਜਾਂਦਾ ਸੀ ਭਾਵੇਂ ਇਹ ਅੰਤਾਂ ਦੇ ਦੁਖੀ ਦਿਲ ਵਿੱਚੋਂ ਗੁੱਸੇ ਵਿੱਚ ਗਾਲ੍ਹਾਂ ਵਰਗੇ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਗਿਆ ਹੋਵੇ। (ਲਹਿਜਾ ਪੁਰਾਣੀ ਪੰਜਾਬੀ ਵਾਲ਼ਾ ਹੈ) :-

ਦੇਖੇ ਮੂਰਖ ਦੇਸ਼ ਅਸਾਡਾ,
ਕਿਕੁਰ ਡੁੱਬਦਾ ਜਾਂਦਾ।
ਸੱਪਾਂ, ਕੁੱਤਿਆਂ, ਬਿਲਯਾਂ,
ਕਾਵਾਂ ਅਪਨੇ ਪੀਰ ਬਨਾਂਦਾ।
ਆਖਨ ਨੂੰ ਤਾਂ ਹੈਨ ਆਦਮੀ
ਅਰ ਸੂਰਤ ਇਨਸਾਨੀ।
ਅਕਲੋਂ ਖੋਤੇ ਦਿਲ ਦੇ ਖੋਤੇ,
ਕਰਦੇ ਕਯਾ ਸ਼ੈਤਾਨੀ।

ਉਹ ਇਹਨਾਂ ਸਭ ਵਰਤਾਰਿਆਂ ਦਾ ਕਾਰਣ ਮਹਾਤਮਾ ਜੋਤੀ ਰਾਓ ਫੂਲੇ ਅਤੇ ਬਾਬਾ ਸਾਹਿਬ ਵਾਂਗੂੰ ਵਿੱਦਿਆ ਦੀ ਘਾਟ ਦੱਸਦੇ ਹਨ :-

ਵਿਦਿਆ ਦੀ ਹੈ ਕਮੀ ਸਭ ਹੋਰ ਨਾ ਦੂਜੀ ਬਾਤ।
ਸਾਰੇ ਕਰਮ ਮਲੀਨ ਇਹ ਅਵਿਦਿਆ ਕਰਵਾਤ।

ਗਿਆਨੀ ਜੀ ਧਰਮ ਦੇ ਨਾਂ 'ਤੇ ਖਾਣ ਪੀਣ ਦੀਆਂ ਵਸਤਾਂ ਦੀ ਹੁੰਦੀ ਬਰਬਾਦੀ 'ਤੇ ਵੇਖੋ ਕਿਵੇਂ ਵਿਅੰਗਾਤਮਕ ਸੱਟ ਮਾਰਦੇ ਹਨ:-

ਦੋ ਰੋਟੀ ਦਾ ਆਟਾ ਖੋਇਆ, ਜੋ ਦੀਵਿਆਂ ਵਿੱਚ ਚਾਇ ਵਿਗੋਇਆ।
ਅਰ ਲੈ ਘੀ ਦੀ ਜਿਲਦ ਗਵਾਈ, ਜਿਸਨੂੰ ਆਖੇ ਜੋਤ ਜਗਾਈ।
ਇਤਨਾ ਆਟਾ ਅਰ ਜੋ ਘਿਉ, ਖਾਂਦਾ ਕੋਈ ਬਿਹੰਗਮ ਜੀਉ।

ਇਸਤਰੀ ਜਾਤੀ ਦੀ ਲੁੱਟ ਖਸੁੱਟ ਬਾਰੇ ਵੀ ਉਹਨਾਂ ਸ਼ਕਤੀਸ਼ਾਲੀ ਅਵਾਜ਼ ਬੁਲੰਦ ਕੀਤੀ। ਨਿਸ਼ਚੇ ਹੀ ਇਹ ਦਲਿਤ ਇਸਤਰੀ ਦੀ ਗਾਥਾ ਹੀ ਹੈ :-

ਅਰ ਇਨ ਇਸਤ੍ਰੀਯਾਂ ਪਰ ਭਾਈ, ਕਹੋ ਤੁਸਾਂ ਕਿਆ ਬਿਪਤਾ ਪਾਈ।
ਨੰਗੇ ਪੈਰ ਪਏ ਹਨ ਛਾਲੇ, ਪੀਰ ਜਿਲਦ ਇਨਹਾਂ ਦੀ ਗਾਲੇ।
ਇਕ ਇਹ ਗੁੱਡ ਗੁੱਡ ਕੇ ਗੋਡੀ, ਹੋਈ ਕਮਰ ਜਿੰਨ੍ਹਾਂ ਦੀ ਕੋਡੀ।
ਅਜੇ ਤੁਹਾਨੂੰ ਤਰਸ ਨਾ ਆਯਾ, ਸਰਵਰ ਦਾ ਸਿਆਪਾ ਗਲ਼ ਪਾਯਾ।

ਸ਼ੂਦਰਾਂ ਬਾਰੇ ਉਹਨਾਂ ਦਾ ਇੱਕ ਸੰਪਾਦਕੀ ਵੇਖੋ, ''ਸ਼ੂਦਰ ਤਾਂ ਵਿਚਾਰੇ ਨਿਰੇ ਪਸ਼ੂਆਂ ਦੇ ਬਰਾਬਰ ਭੀ ਨਹੀਂ ਸੇ ਕਿਉਂਕਿ ਵੇਦਾਂ ਦਾ ਤਾਂ ਨਾਮ ਲੈਣਾ ਭੀ ਉਹਨਾਂ ਲਈ ਮਹਾਂ ਪਾਪ ਸਾ ਅਰ ਨਿਰਾ ਪਾਣੀ ਭਰਨੇ, ਹਜਾਮਤਾਂ ਕਰਨੀਆਂ, ਕਪੜੇ ਬੁਣਕੇ ਦੇਨੇ, ਜੁੱਤੀ ਜੋੜੇ ਪਹਰਾਉਨੇ ਆਦਿ ਸੇਵਾ ਉਹਨਾਂ ਦਾ ਕੰਮ ਹੁੰਦਾ ਸੀ ਅਰ ਸ਼ਸਤ੍ਰ ਅਤੇ ਸ਼ਾਸਤ੍ਰ ਵਿਦਯਾ ਸਿੱਖਨਾਂ ਉਨ੍ਹਾਂ ਲਈ ਰਾਜ ਦੰਡ ਦਾ ਅਧਿਕਾਰੀ ਕਰਦਾ ਸੀ, ਜਿਸ ਤੇ ਓਹ ਪੈਦਾ ਹੁੰਦੇ ਹੀ ਸਦਾ ਦੇ ਗ਼ੁਲਾਮ ਸਨ।''
-ਲਾਹੌਰ ॥ ਅਗਸਤ 1899

ਦੂਜੇ ਪਾਸੇ ਆਧੁਨਿਕ ਕਾਲ ਦੇ ਦਲਿਤ ਕਵੀ/ਲੇਖਕ ਇਸ ਜਾਤਪਾਤੀ ਬੀਮਾਰੀ ਦੀਆਂ ਜੜ੍ਹਾਂ ਨਿਰਾਲਕੇ ਦਰਸਾਉਂਦੇ ਰਹੇ ਤਾਂ 'ਮੁੱਖ ਧਾਰਾ' ਵਾਲਿਆਂ ਵੱਲੋਂ ਉਨ੍ਹਾਂ 'ਤੇ ਜਾਤਪਾਤੀ ਕਵੀ ਹੋਣ ਦਾ ਇਲਜ਼ਾਮ ਲਾ ਕੇ ਉਨ੍ਹਾਂ ਨੂੰ 'ਮੁੱਖ ਧਾਰਾ' ਤੋਂ ਦੂਰ ਰੱਖਿਆ ਜਾਂਦਾ ਰਿਹਾ। ਹਾਲਾਂਕਿ ਉਹ ਇਸ ਪ੍ਰਚੱਲਤ ਸਮਾਜਕ ਬੀਮਾਰੀ ਦੀ ਪੂਰੀ ਤਰ੍ਹਾਂ ਚੀਰਫਾੜ ਕਰ ਰਹੇ ਸਨ ਅਤੇ ਇਸ ਦੀਆਂ ਅਲਾਮਤਾਂ ਦਾ ਵਿਸਥਾਰ ਵਿੱਚ ਜ਼ਿਕਰ ਕਰ ਰਹੇ ਸਨ। ਵੇਖੋ ਚਰਨ ਦਾਸ ਨਿਧੱੜਕ ਜਾਤਪਾਤੀ ਵਿਵਸਥਾ ਤੋਂ ਅਵਾਜ਼ਾਰ ਹੋ ਕੇ ਰੱਬ ਨੂੰ ਵੀ ਨਹੀਂ ਬਖਸ਼ਦਾ:-

ਲੋਕੀ ਖਾਣ ਖਾਣੇ ਵਿੱਚ ਹੋਟਲਾਂ ਦੇ,
ਅਸੀਂ ਟੁਕਿੜਆਂ ਤੋਂ ਅਵਾਜ਼ਾਰ ਫਿਰਦੇ।
ਜੇ ਕਿਤੇ ਭੁੱਲਕੇ ਸੂਟ ਸਵਾ ਲਈਏ,
ਲੋਕ ਕਹਿੰਦੇ ਉਹ ਚੂੜੇ ਚਮਾਰ ਫਿਰਦੇ।
ਲੋਕੀਂ ਨੱਕ ਵੱਟਣ ਹਲਵੇ ਪੂਰੀਆਂ ਤੋਂ,
ਸਾਡੀ ਰੋਟੀ ਤੇ ਨਹੀਂ ਅਚਾਰ ਹੁੰਦਾ।
ਇਹਨਾਂ ਦੁਖਾਂ ਤੋਂ ਤੈਨੂੰ ਮੈਂ ਰਹਿਤ ਕਰਦਾ,
ਜੇ ਮੈਂ ਰੱਬ ਹੁੰਦਾ ਤੂੰ ਚਮਾਰ ਹੁੰਦਾ।

ਅੱਗੇ ਨਿਧੱੜਕ ਇਸ ਜਾਤਪਾਤ ਦੀ ਬਿਮਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦਾ ਵੀ ਹੈ ਅਤੇ ਇਸਨੂੰ ਦੂਰ ਕਰਨ ਦਾ ਉਪਾਓ ਵੀ ਸੁਝਾਉਂਦਾ ਹੈ:-

ਚੂੜ੍ਹੇ ਤੇ ਚਮਾਰਾਂ ਵਾਲੇ ਘਰ ਦੇਖੋ ਵੱਖਰੇ,
ਚਾਹੜ ਲੈਂਦੇ ਨੱਕ ਜੇ ਚਮਾਰ ਚੂੜ੍ਹਾ ਟੱਕਰੇ।
ਸੱਦਦੇ ਚੁੜ੍ਹੱਕੀ ਕਿਤੇ ਬਸਤੀ ਨੇ ਭੰਗੀਆਂ,
ਹੋ ਕੇ ਰਹਿਣਾ ਵੱਖ ਇਹ ਗੱਲਾਂ ਨਹੀਂ ਚੰਗੀਆਂ।
ਚੂੜ੍ਹੇ ਤੇ ਚਮਾਰੋ, ਝੀਰੋ, ਨਾਈਓ, ਘੁਮਿਆਰੋ।
ਪਾ ਲਓ ਪਿਆਰ ਦੀਆਂ ਕੰਘੀਆਂ।

ਇਹ ਪਿਆਰ ਦੀਆਂ ਕੰਘੀਆਂ ਜਦੋਂ ਇਕੱਠੇ ਹੋ ਕੇ ਵਰਗ ਬਣਨ ਦਾ ਸਬੂਤ ਦੇਣਗੀਆਂ ਉਸ ਵੇਲੇ ਮਾਰਕਸ ਦੇ ਵਰਗ ਸੰਘਰਸ਼ ਦੀ ਥਿਊਰੀ ਲਾਗੂ ਹੋਣੀ ਸੰਭਵ ਹੋ ਸਕੇਗੀ। ਇਸੇ ਤਰ੍ਹਾਂ ਪ੍ਰੀਤਮ ਰਾਮਦਾਸਪੁਰੀ ਵੀ ਇਹੀ ਨਬਜ਼ ਪਕੜਦਾ ਹੈ। ਪੁਜਾਰੀ ਵਰਗ ਦੀ ਲੁੱਟ ਖਸੁੱਟ ਤੋਂ ਦਲਿਤਾਂ ਨੂੰ ਇੰਜ ਜਾਗ੍ਰਿਤ ਕਰਦਾ ਹੈ:-

ਮਾਲਾ, ਜੰਜੂ, ਤਿਲਕ ਫ਼ਰੇਬ,
ਭੇਖ ਫਕੀਰੀ ਖ਼ਲਕ ਫ਼ਰੇਬ।
ਖਾਣ ਹਰਾਮ ਤੇ ਪਿੰਡਾ ਪਾਲਣ,
ਬੇੜੇ ਡੋਬਣ ਝੁੱਗੇ ਗਾਲਣ
ਚਿੰਬੜ ਗਈ ਇਸ ਜੋਕ ਨਾ ਲਹਿਣਾ,
ਪਹਿਰੇਦਾਰ ਦਾ ਮੁੜ-ਮੁੜ ਕਹਿਣਾ,
ਜਾਗੋ-ਜਾਗੋ ਜਾਗਦੇ ਰਹਿਣਾ।

ਇਸ ਯੁੱਗ ਵਿੱਚ ਗੁਰਦਾਸ ਰਾਮ ਆਲਮ ਦਾ ਵਿਸ਼ੇਸ ਸਥਾਨ ਹੈ। ਉਸਦੀਆਂ ਨਜ਼ਮਾਂ ਹਰ ਪੱਖੋਂ ਉੱਤਮ ਦਰਜੇ ਦੀਆਂ ਹਨ। ਉਹ ਸਦੀਆਂ ਤੋਂ ਲੁਟੀਂਦੇ ਆ ਰਹੇ ਦਲਿਤਾਂ ਨੂੰ ਹਲੂਣ ਹਲੂਣ ਕੇ ਜਗਾਉਣ ਦਾ ਕਾਰਜ ਕਰਦਾ ਹੈ:-

ਕਿਉਂ ਮੁੱਘੜ ਮਾਰੀ ਬੈਠਾ ਏਂ,
ਉੱਠ ਦਲਿਤ ਭਰਾਵਾ ਚੱਜ ਕਰਲੈ।
ਕੰਮ ਤੈਨੂੰ ਕਰਨਾ ਪੈਣਾ ਏ,
ਚਾਹੇ ਕੱਲ੍ਹ ਕਰ ਲਈਂ, ਚਾਹੇ ਅੱਜ ਕਰ ਲੈ।
ਤੇਰੇ ਗੁਆਂਢੀ ਅੱਗੇ ਲੰਘ ਗਏ ਨੇ,
ਤੂੰ ਪਿੱਛੇ ਬੈਠਾ ਹੱਸਦਾ ਏਂ
ਤੂੰ ਵੀ ਬੰਦਿਆਂ ਵਰਗਾ ਬੰਦਾ ਏਂ
ਜੇ ਬੰਦਾ ਏ ਤਾਂ ਲੱਜ ਕਰ ਲੈ।

ਦਲਿਤਾਂ ਦੇ ਉਥਾਨ ਲਈ ਆਰੰਭ ਕੀਤੀ ਆਦਿ ਧਰਮ ਲਹਿਰ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਵੀ ਦਲਿਤਾਂ ਨੂੰ ਵੰਗਾਰਦੇ ਹਨ ਕਿ ਹੁਣ ਵੇਲਾ ਹੈ ਜਾਗ ਪੈ ਨਹੀਂ ਤਾਂ ਫਿਰ ਤੋਂ ਨੀਚ ਚੰਡਾਲ ਬਣ ਜਾਵੇਂਗਾ:-

ਆਦਿ ਧਰਮੀਓ ਸੁਣੋ ਖਿਆਲ ਕਰਕੇ,
ਸਾਡੀ ਕੌਮ ਦੇ ਕਿਉਂ ਮੰਦੇ ਹਾਲ ਹੋ ਗਏ।
ਵਾਂਗਰ ਪਸ਼ੂਆਂ ਬੇਮੁਹਾਰ ਫਿਰਦੇ,
ਧੱਕੇ ਖਾਂਦਿਆਂ ਨੂੰ ਕਈ ਸਾਲ ਹੋ ਗਏ।
ਸਾਡੀ ਦੇਖ ਗ਼ਰੀਬੀ ਦਾ ਦਾਗ਼ ਮੱਥੇ,
ਹਿੰਦੂ ਸਾਡੀ ਨਾਂਹ ਰਖਵਾਲ ਹੋ ਗਏ।
ਸਾਡੀ ਆਣ ਗ਼ਰੀਬੀ ਨੇ ਧੌਣ ਭੰਨੀ,
ਢੋਰ ਖਿੱਚਦਿਆਂ ਦੇ ਢੂੱਡਰ ਲਾਲ ਹੋ ਗਏ।
ਕਈ ਜਿੰਮੀਦਾਰਾਂ ਜੱਟਾਂ ਨਾਲ ਯਾਰੋ,
ਗੋਡੀ ਕਰਦਿਆਂ ਦੇ ਗੋਡੇ ਲਾਲ ਹੋ ਗਏ।
ਵਾਢੀ ਕਰਦਿਆਂ ਕਰਦਿਆਂ ਦੇ ਹੱਥ ਰਹਿ ਗਏ
ਮੰਗ ਖਾਣ ਦੇ ਸਾਡੇ ਖ਼ਿਆਲ ਹੋ ਗਏ।
ਜੇਕਰ ਅਜੇ ਵੀ ਵਕਤ ਵਿਚਾਰਿਆ ਨਾ,
ਮੰਗੂ ਰਾਮ ਫਿਰ ਨੀਚ ਚੰਡਾਲ ਹੋ ਗਏ।

ਇਸੇ ਤਰ੍ਹਾਂ ਦੀਆਂ ਭਾਵਨਾਵਾਂ ਵਾਲੀਆਂ ਕਵਿਤਾਵਾਂ ਬਾਕੀ ਦਲਿਤ ਕਵੀ ਵੀ ਰਚ ਰਹੇ ਸਨ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਹ ਸਾਰੇ ਹੀ ਕਵੀ ਜਾਤਪਾਤੀ ਕੈਂਸਰ ਦੀ ਬੀਮਾਰੀ ਨੂੰ ਹਰ ਪਾਸਿਉਂ ਘੇਰ ਕੇ ਇਲਾਜ ਵਾਲੇ ਪਾਸੇ ਲਿਜਾਂਦੇ ਹਨ। **(ਬਾਕੀ ਅਗਲੇ ਅੰਕ ਵਿਚ)**

# ਪੰਜਾਬ ਦਾ ਪ੍ਰਧਾਨ ਕੌਣ ਹੈ ਕੈਪਟਨ ਅਮਰਿੰਦਰ ਸਿੰਘ ਜਾਂ ਪ੍ਰਤਾਪ ਸਿੰਘ ਬਾਜਵਾ



ਕੁਲਦੀਪ ਚੰਦ
91-9417563054

ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਪ੍ਰਧਾਨਗੀ ਪਿਛਲੇ ਦਿਨੀਂ ਕੈਪਟਨ ਅਮਰਿੰਦਰ ਸਿੰਘ ਨੂੰ ਦਿਤੀ ਗਈ ਹੈ ਅਤੇ 15 ਦਸੰਬਰ ਨੂੰ ਬਠਿੰਡਾ ਰੈਲੀ ਵਿੱਚ ਉਨ੍ਹਾਂ ਨੇ ਪ੍ਰਧਾਨਗੀ ਦਾ ਅਹੁਦਾ ਸੰਭਾਲ ਲਿਆ ਹੈ। ਇਸਦੇ ਨਾਲ ਹੀ 2017 ਵਿੱਚ ਹੋਣ ਵਾਲੀਆਂ ਚੋਣਾਂ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਰਾਜ ਸਭਾ ਮੈਂਬਰ ਬੀਬੀ ਅੰਬਿਕਾ ਸੋਨੀ ਅਤੇ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਨੂੰ ਇੰਚਾਰਜ਼ ਲਗਾਇਆ ਗਿਆ ਹੈ। ਪੰਜਾਬ ਵਿਧਾਨ ਸਭਾ ਵਿੱਚ ਵੀ ਵਿਰੋਧੀ ਧਿਰ ਦੇ ਨੇਤਾ ਦੀ ਜਿੰਮੇਵਾਰੀ ਹੁਣ ਸ਼੍ਰੀ ਚਮਕੌਰ ਸਾਹਿਬ ਤੋਂ ਵਿਧਾਇਕ ਚਰਨਜੀਤ ਸਿੰਘ ਚੰਨੀ ਨੂੰ ਦਿਤੀ ਗਈ ਹੈ। ਪ੍ਰਧਾਨਗੀ ਬਦਲਣ ਤੋਂ ਬਾਦ ਪੰਜਾਬ ਵਿੱਚ ਕਾਂਗਰਸ ਪਾਰਟੀ ਵਲੋਂ ਪੰਜਾਬ ਕਾਂਗਰਸ ਵਿੱਚ ਫੇਰਬਦਲ ਕੀਤਾ ਜਾ ਰਿਹਾ ਹੈ। ਬੇਸ਼ੱਕ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨਗੀ ਮਿਲਿਆਂ ਕਈ ਹਫਤੇ ਬੀਤ ਚੁੱਕੇ ਹਨ ਪਰੰਤੂ ਹੈਰਾਨੀ ਦੀ ਗੱਲ ਹੈ ਕਿ ਕਾਂਗਜ਼ਾਂ ਵਿੱਚ ਅਜੇ ਵੀ ਪੁਰਾਣੀ ਕਮੇਟੀ ਹੀ ਚੱਲ ਰਹੀ ਹੈ ਜਿਸ ਵਿੱਚ ਸਰਦਾਰ ਪ੍ਰਤਾਪ ਸਿੰਘ ਬਾਜ਼ਵਾ ਨੂੰ ਪ੍ਰਧਾਨ ਅਤੇ ਸੁਨੀਲ ਜਾਖੜ ਨੂੰ ਵਿਰੋਧੀ ਧਿਰ ਦਾ ਨੇਤਾ ਦੱਸਿਆ ਗਿਆ ਹੈ। ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੀ ਅਪਣੀ ਵੈਬਸਾਇਟ ਜੋਕਿ ਪੰਜਾਬ ਕਾਂਗਰਸ ਦੇ ਅਹੁਦੇਦਾਰਾਂ ਅਤੇ ਗਤੀਵਿਧੀਆਂ ਦੀ ਜਾਣਕਾਰੀ ਦੇਣ ਲਈ ਬਣਾਈ ਗਈ ਹੈ ਦੀ ਜਾਣਕਾਰੀ ਅਨੁਸਾਰ ਪ੍ਰਧਾਨ ਵਜੋਂ ਸਰਦਾਰ ਪ੍ਰਤਾਪ ਸਿੰਘ ਬਾਜਵਾ ਦੇ ਜੀਵਨ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿਤੀ ਗਈ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਅਜੇ ਤੱਕ ਸਾਬਕਾ ਪ੍ਰਧਾਨ, ਲੋਕ ਸਭਾ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਦੱਸਿਆ ਜਾ ਰਿਹਾ ਹੈ। ਇਸੇ ਤਰਾਂ ਇਸ ਵੈਬਸਾਇਟ ਤੇ ਪਾਈ ਗਈ ਜਾਣਕਾਰੀ ਅਨੁਸਾਰ ਸਰਦਾਰ ਪ੍ਰਤਾਪ ਸਿੰਘ ਬਾਜਵਾ, ਰਾਜਿੰਦਰ ਕੌਰ ਭੱਠਲ, ਹਰਚੰਦ ਕੌਰ, ਮੋਹਿੰਦਰ ਸਿੰਘ ਕੇ ਪੀ, ਜਗਮੀਤ ਸਿੰਘ ਬਰਾੜ, ਵਿਜੈ ਇੰਦਰ ਸਿੰਗਲਾ, ਵਰਿੰਦਰ ਕਟਾਰੀਆ, ਰਾਜਿੰਦਰ ਕੌਰ ਬਬਰੀ, ਤੇਜ਼ ਪ੍ਰਕਾਸ਼ ਸਿੰਘ, ਕਿਸ਼ੋਰੀ ਲਾਲ ਸ਼ਰਮਾ, ਰਾਣਾ ਕੰਵਰ ਪਾਲ ਸਿੰਘ, ਅੰਬਿਕਾ ਸੋਨੀ, ਸ਼੍ਰੀਮਤੀ ਸੰਤੋਸ਼, ਕੁਸ਼ਲ ਕੌਰ, ਮਨੋਹਰ ਸਿੰਘ ਗਿੱਲ, ਕੈਪਟਨ ਅਮਰਿੰਦਰ ਸਿੰਘ, ਸੁਖਦੇਵ ਸਿੰਘ ਲਿਬੜਾ, ਲਾਲ ਸਿੰਘ, ਮਨੀਸ਼ ਤਿਵਾਰੀ, ਸਰਦੂਲ ਸਿੰਘ, ਬ੍ਰਹਮ ਮਹਿੰਦਰਾ, ਕਰਨੈਲ ਕੌਰ, ਅਮਨ ਅਰੋੜਾ, ਮਹਾਰਾਣੀ ਪ੍ਰਨੀਤ ਕੌਰ, ਰਜ਼ੀਆ ਸੁਲਤਾਨਾ, ਵਰਿੰਦਰ ਕੌਰ ਬਰਾੜ, ਅਸ਼ਵਨੀ ਕੁਮਾਰ, ਅਰੁਣਾ ਚੌਧਰੀ, ਸ਼ਮਸ਼ੇਰ ਸਿੰਘ ਦੂਲੋ, ਅਸ਼ਵਨੀ ਸੇਖਰੀ, ਰਣਦੀਪ ਸਿੰਘ ਨਾਭਾ, ਜਗਮੋਹਨ ਸਿੰਘ ਕੰਗ, ਅਰਵਿੰਦ ਖੰਨਾ, ਤੇਜਿੰਦਰ ਸਿੰਘ ਬਿੱਟੂ ਆਦਿ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਦੱਸਿਆ ਗਿਆ ਹੈ। ਇਸ ਵੈਬਸਾਇਟ ਤੇ ਪਾਈ ਗਈ ਜਾਣਕਾਰੀ ਅਨੁਸਾਰ ਰਾਜੀਵ ਭਗਤ (ਐਡਵੋਕੇਟ) ਅੰਮ੍ਰਿਤਸਰ ਸ਼ਹਿਰੀ, ਗੁਰਜੀਤ ਸਿੰਘ ਔਜਲਾ ਅੰਮ੍ਰਿਤਸਰ ਦਿਹਾਤੀ, ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ, ਅਨਿਲ ਵਿਜ ਪਠਾਨਕੋਟ, ਸ਼ਾਮ ਸੁੰਦਰ ਅਰੋੜਾ ਹੁਸ਼ਿਆਰਪੁਰ, ਧਰਮਪਾਲ ਬੰਗੜ ਨਵਾਂਸ਼ਹਿਰ, ਪ੍ਰੇਮ ਕ੍ਰਿਸ਼ਨ ਪੁਰੀ ਪਟਿਆਲਾ ਸ਼ਹਿਰੀ, ਹਰਦਿਆਲ ਸਿੰਘ ਕੰਬੋਜ਼ ਪਟਿਆਲਾ ਦਿਹਾਤੀ, ਨਵਤੇਜ਼ ਸਿੰਘ ਚੀਮਾ ਕਪੂਰਥਲਾ, ਮਲਕੀਤ ਸਿੰਘ ਢਾਕਾ ਲੁਧਿਆਣਾ ਦਿਹਾਤੀ, ਪਵਨ ਦੀਵਾਨ ਲੁਧਿਆਣਾ ਸ਼ਹਿਰੀ, ਬਲਵੀਰ ਸਿੰਘ ਸਿੱਧੂ ਮੋਹਾਲੀ, ਲਖਵੀਰ ਸਿੰਘ ਲੱਖਾ ਫਤਹਿਗੜ੍ਹ ਸਾਹਿਬ, ਪਰਮਜੀਤ ਸਿੰਘ ਮਾਨ ਬਰਨਾਲਾ, ਮਾਈ ਰੂਪ ਕੌਰ ਸੰਗਰੂਰ, ਬਿਕਰਮ ਮੋਫਰ ਮਾਨਸਾ, ਮੋਹਨ ਲਾਲ ਅਗਰਵਾਲ ਬਠਿੰਡਾ ਸ਼ਹਿਰੀ, ਗੋਰਾ ਸਿੰਘ ਤੁੰਗਵਾਲੀ ਬਠਿੰਡਾ ਦਿਹਾਤੀ, ਜੋਗਿੰਦਰ ਸਿੰਘ ਪੰਜਗਰਾਈ ਫਰੀਦਕੋਟ, ਸੁਖਪਾਲ ਸਿੰਘ ਭੁੱਲਰ ਤਰਨਤਾਰਨ, ਗੁਰਮੀਤ ਸਿੰਘ ਮੁਕਤਸਰ, ਦਰਸ਼ਨ ਸਿੰਘ ਬਰਾੜ ਮੋਗਾ, ਕੋਸ਼ਲ ਕੁਮਾਰ ਫਾਜ਼ਿਲਕਾ, ਹਰਭਾਗ ਸਿੰਘ ਸੈਣੀ ਰੋਪੜ, ਚਮਕੌਰ ਸਿੰਘ ਫਿਰੋਜ਼ਪੁਰ, ਰਾਜਿੰਦਰ ਬੈਰੀ ਜਲੰਧਰ ਸ਼ਹਿਰੀ, ਜਗਬੀਰ ਸਿੰਘ ਬਰਾਰ ਜਲੰਧਰ ਦਿਹਾਤੀ ਆਦਿ ਜ਼ਿਲਾ ਪ੍ਰਧਾਨ ਹਨ। ਇਸਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਕਾਂਗਰਸ ਦੇ ਵੱਖ ਵੱਖ ਸੰਗਠਨਾ ਵਿੱਚ ਵਿਕਰਮ ਸਿੰਘ ਚੌਧਰੀ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਹੈ, ਰਜਿੰਦਰ ਰਸਰਾਨੀਆ ਕਾਂਗਰਸ ਸੇਵਾ ਦੱਲ ਦਾ ਮੁੱਖ ਆਰਗੇਨਾਇਜ਼ਰ ਹੈ, ਮੈਡਮ ਕੀਟੂ ਗਰੇਵਾਲ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਹੈ, ਮੈਡਮ ਦਮਨ ਬਾਜਵਾ ਐਨ ਐਸ ਯੂ ਆਈ ਦੇ ਪ੍ਰਧਾਨ ਹਨ ਅਤੇ ਡਾਕਟਰ ਸੁਭਾਸ਼ ਸ਼ਰਮਾ ਇੰਟਕ ਦੇ ਪ੍ਰਧਾਨ ਹਨ।






ਇਸ ਸੂਚੀ ਅਨੁਸਾਰ ਪੰਜਾਬ ਤੋਂ ਤਿੰਨ ਲੋਕ ਸਭਾ ਮੈਂਬਰ ਕੈਪਟਨ ਅਮਰਿੰਦਰ ਸਿੰਘ, ਰਵਨੀਤ ਸਿੰਘ ਬਿੱਟੂ ਅਤੇ ਚੌਧਰੀ ਸੰਤੋਖ ਸਿੰਘ ਦੇ ਨਾਮ ਸ਼ਾਮਿਲ ਹਨ ਅਤੇ ਰਾਜ ਸਭਾ ਤੋਂ ਮੈਡਮ ਅੰਬਿਕਾ ਸੋਨੀ, ਮਨੋਹਰ ਸਿੰਘ ਗਿੱਲ ਅਤੇ ਅਸ਼ਵਨੀ ਕੁਮਾਰ ਦੇ ਨਾਮ ਦਰਸਾਏ ਗਏ ਹਨ।

ਹੈਰਾਨੀ ਦੀ ਗੱਲ ਹੈ ਕਿ ਬੇਸ਼ੱਕ ਹੁਣ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਨਹੀਂ ਹੈ ਪਰ ਫਿਰ ਵੀ ਅਸ਼ਵਨੀ ਕੁਮਾਰ ਨੂੰ ਕੇਂਦਰੀ ਕਨੂੰਨ ਅਤੇ ਨਿਆਂ ਮੰਤਰੀ ਹੀ ਦੱਸਿਆ ਗਿਆ ਹੈ। ਇਸ ਜਾਣਕਾਰੀ ਅਨੁਸਾਰ 20 ਆਗੂਆਂ ਨੂੰ ਸਾਬਕਾ ਪ੍ਰਧਾਨ ਦੱਸਿਆ ਗਿਆ ਹੈ ਜਿਨ੍ਹਾਂ ਵਿੱਚ ਸਰਦਾਰ ਦਰਬਾਰਾ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਨਿਰੰਜਣ ਸਿੰਘ, ਗਿਆਨੀ ਜੈਲ ਸਿੰਘ, ਮਹਿੰਦਰ ਸਿੰਘ ਗਿੱਲ, ਮੈਡਮ ਸ਼ਰਲਾ ਪ੍ਰਾਸ਼ਰ, ਹੰਸ ਰਾਜ ਸ਼ਰਮਾ, ਮੇਜ਼ਰ ਜਨਰਲ ਰਜਿੰਦਰ ਸਿੰਘ, ਆਰ ਐਲ ਭਾਟੀਆ, ਬੇਅੰਤ ਸਿੰਘ, ਵਿਰੇਂਦਰ ਕਟ-ਾਰੀਆ, ਮੈਡਮ ਅੰਬਿਕਾ ਸੋਨੀ, ਸੰਤੋਖ ਸਿੰਘ ਰੰਧਾਵਾ, ਰਜਿੰਦਰ ਕੌਰ ਭੱਠਲ, ਕੈਪਟਨ ਅਮਰਿੰਦਰ ਸਿੰਘ, ਐਚ ਐਸ ਹੰਸਪਾਲ, ਸ਼ਮਸ਼ੇਰ ਸਿੰਘ ਦੂਲੋ, ਰਾਜਿੰਦਰ ਕੌਰ ਭੱਠਲ, ਮਹਿੰਦਰ ਸਿੰਘ ਕੇਪੀ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਨਾਮ ਸ਼ਾਮਿਲ ਹਨ। ਇਸ ਸਾਇਟ ਤੇ ਪਾਈ ਗਈ ਜਾਣਕਾਰੀ ਅਨੁਸਾਰ ਸੰਪਰਕ ਪਤਿਆਂ ਵਿੱਚ ਵੀ ਕਠਿਨ ਹੀ ਦਰਸਇਆ ਗਿਆ ਹੈ। ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੀ ਅਪਣੀ ਵੈਬਸਾਇਟ ਤੇ ਪਾਈ ਗਈ ਇਹ ਜਾਣਕਾਰੀ ਲੋਕਾਂ ਨੂੰ ਕਈ ਤਰਾਂ ਦੇ ਭਰਮ ਭੁਲੇਖੇ ਪਾਂਦੀ ਹੈ।

ਇਸ ਸਬੰਧੀ ਜਦੋਂ ਪੰਜਾਬ ਪ੍ਰਦੇਸ ਕਮੇਟੀ ਭਵਲ ਚੰਡੀਗੜ੍ਹ ਦੇ ਦਫਤਰ ਗੱਲ ਕੀਤੀ ਤਾਂ ਉਥੇ ਹਾਜਰ ਰਿੰਕੂ ਨੇ ਦੱਸਿਆ ਕਿ ਜਲਦੀ ਹੀ ਇਸ ਵੈਬਸਾਇਟ ਨੂੰ ਅਪਡੇਟ ਕੀਤਾ ਜਾਵੇਗਾ ਅਤੇ ਮੋਜੂਦਾ ਜਾਣਕਾਰੀ ਪਾਈ ਜਾਵੇਗੀ।

----------

# ਲੋਕਾਂ ਦੇ ਨਾਂਅ

ਮੇਘ ਰਾਜ ਮਿੱਤਰ

ਤੇ ਧਾਰਮਿਕ ਵਿਸ਼ਵਾਸ, ਨਸਲੀ ਭੇਦਭਾਵ ਤੋਂ ਵਿੱਦਿਆ ਦੇਣ ਲਈ ਵਚਨਬੱਧ ਹੋਣਗੇ।

18) ਹਰੇਕ ਵਿਅਕਤੀ ਲਈ ਪੀਣ ਵਾਲੇ ਸਾਫ਼ ਪਾਣੀ ਦਾ ਪ੍ਰਬੰਧ ਕਰਨਾ ਸਰਕਾਰੀ ਡਿਊਟੀ ਹੋਵੇਗੀ।

19) ਸਮੁੱਚੇ ਪੰਜਾਬ ਵਿਚ ਪ੍ਰਦੂਸ਼ਣ ਰਹਿਤ ਵਾਤਾਵਰਣ ਦੀ ਉਸਾਰੀ ਲਈ ਸੁਹਿਰਦ ਯਤਨ ਕੀਤੇ ਜਾਣਗੇ।

20) ਪੰਜਾਬ ਦਾ ਕੋਈ ਵੀ ਵਿਅਕਤੀ ਕਿਸੇ ਵੀ ਸਥਾਨ ’ਤੇ ਅਹਿਮ ਨਹੀਂ ਹੋਵੇਗਾ। ਹਰੇਕ ਵਿਅਕਤੀ ਦੇ ਅਧਿਕਾਰ ਬਰਾਬਰ ਹੋਣਗੇ। ਕਿਸੇ ਕਿਸਮ ਦਾ ਭੇਦਭਾਵ ਕਰਨ ਵਾਲੇ ਅਫ਼ਸਰ ਸਜ਼ਾ ਦੇ ਹੱਕਦਾਰ ਹੋਣਗੇ। ਲਾਲਬੱਤੀ ਦੀ ਕੋਈ ਸਹੂਲੀਅਤ ਨਹੀਂ ਹੋਵੇਗੀ। ਵਜ਼ੀਰ ਤੇ ਹੋਰ ਅਫ਼ਸਰ ਸਭ ਆਮ ਲੋਕਾਂ ਵਾਂਗ ਆਪਣਾ ਜੀਵਨ ਨਿਰਬਾਹ ਕਰਨਗੇ।

21) ਕਿਸਾਨਾਂ ਦੀ ਸਮੁੱਚੀ ਪੈਦਾਵਾਰ ਸਰਕਾਰ ਆਪਣੀ ਯੋਜਨਾ ਅਨੁਸਾਰ ਕਰਵਾਏਗੀ ਤੇ ਕਿਸਾਨਾਂ ਤੋਂ ਲਾਗਤ ਮੁੱਲ ਤੋਂ ਵੱਧ ਕੀਮਤ ’ਤੇ ਖ਼ਰੀਦਣ ਲਈ ਪਾਬੰਦ ਹੋਵੇਗੀ।

22) ਹਰੇਕ ਵਿਅਕਤੀ ਇਮਾਨਦਾਰੀ ਨਾਲ ਆਪਣੇ ਵੱਲ ਬਣਦੇ ਟੈਕਸਾਂ ਦਾ ਭੁਗਤਾਨ ਕਰਨ ਲਈ ਜ਼ੁੰਮੇਵਾਰ ਹੋਵੇਗਾ।

23) ਕਾਨੂੰਨ ਦਾ ਪਾਲਣ ਕਰਨਾ ਤੇ ਕਰਵਾਉਣਾ ਪੁਲੀਸ ਦੀ ਜ਼ਿੰਮੇਵਾਰੀ ਹੋਵੇਗੀ। ਉਲੰਘਣਾ ਕਰਨ ’ਤੇ ਪੁਲੀਸ ਵਾਲਿਆਂ ਨੂੰ ਆਮ ਵਿਅਕਤੀਆਂ ਨਾਲੋਂ ਵੱਧ ਸਜ਼ਾ ਮਿਲੇਗੀ।

24) ਪੰਜਾਬ ਵਿਚ ਹਰੇਕ ਉਸਾਰੀ ਵਿਉਂਤਬੰਦ ਹੀ ਹੋਵੇਗੀ। ਗ਼ੈਰ-ਕਾਨੂੰਨੀ ਉਸਾਰੀਆਂ ਨੂੰ ਕਾਨੂੰਨੀ ਘੇਰੇ ਵਿਚ ਲਿਆਂਦਾ ਜਾਵੇਗਾ।

25) ਟੈਲੀਵਿਜ਼ਨ ਦੇ ਕੁੱਝ ਚੈਨਲ ਸਰਕਾਰ ਖ਼ਰੀਦੇਗੀ ਤੇ ਇਸ ’ਤੇ ਸਿਰਫ਼ ਵਿਗਿਆਨੀਆਂ, ਤਰਕਸ਼ੀਲਾਂ, ਵਿਸ਼ਾ ਮਾਹਰਾਂ, ਲੇਖਕਾਂ ਤੇ ਬੁਧੀਜੀਵੀਆਂ ਨੂੰ ਆਪਣੇ ਵਿਚਾਰ ਤੇ ਸੁਝਾਅ ਪੇਸ਼ ਕਰਨ ਦਾ ਮੌਕਾ ਮਿਲੇਗਾ।

26) ਨਸ਼ਿਆਂ ਦਾ ਕੋਈ ਵੀ ਗ਼ੈਰ-ਮਨਜ਼ੂਰਸੁਦਾ ਸਰੋਤ ਪੰਜਾਬ ਵਿਚ ਨਹੀਂ ਹੋਵੇਗਾ।

27) ਕੋਈ ਵੀ ਮਾਂ-ਪਿਓ ਆਪਣੇ ਧੀਆਂ-ਪੁੱਤਾਂ ਨੂੰ ਦਾਜ ਵਿਚ ਤੋਹਫ਼ੇ ਵੱਜੋਂ ਕੁੱਝ ਵੀ ਦੇ ਸਕਦਾ ਹੋਵੇਗਾ, ਪਰ ਦਾਜ ਦੀ ਮੰਗ ਕਰਨ ਵਾਲੇ ਲੋਭੀ ਸਜ਼ਾ ਦੇ ਹੱਕਦਾਰ ਹੋਣਗੇ।

28) ਪ੍ਰਵਾਸੀ ਪੰਜਾਬੀਆਂ ਸਮੇਤ ਸਮੂਹ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ।

29) ਜਨਤਕ ਅਦਾਰਿਆਂ ਨੂੰ ਮਜ਼ਬੂਤ ਕੀਤਾ ਜਾਵੇਗਾ। ਨਿੱਜੀਕਰਨ ਨੂੰ ਨਿਰਉਤਸ਼ਾਹਤ ਜਾਂ ਖ਼ਤਮ ਕੀਤਾ ਜਾਵੇਗਾ।

30) ਲੋਕਾਂ ਨੂੰ ਸੁਚੇਤ ਕਰਕੇ ਚੋਣ ਕਮਿਸ਼ਨਰ ਦੀਆਂ ਹਦਾਇਤਾਂ ’ਤੇ ਅਮਲ ਕਰਵਾਇਆ ਜਾਵੇਗਾ।

31) ਲੋਕ ਕਮੇਟੀਆਂ ਲਈ ਲੋੜੀਂਦੀਆਂ ਗਰਾਂਟਾਂ ਜਾਰੀ ਕੀਤੀਆਂ ਜਾਣਗੀਆਂ। ਪਰ ਲੋਕ ਕਮੇਟੀਆਂ ਦੇ ਮੈਂਬਰ ਕਿਸੇ ਕਿਸਮ ਦਾ ਵੀ ਮਿਹਨਤਾਨਾ ਨਹੀਂ ਲੈਣਗੇ। ਪਰ ਆਉਣ-ਜਾਣ ਅਤੇ ਖਾਣ-ਪੀਣ ਦੇ ਜਾਇਜ਼ ਖ਼ਰਚ ਪ੍ਰਾਪਤ ਕਰ ਸਕਣਗੇ।

32) ਸਟੇਟ ਦਾ ਮੁੱਖ ਨਿਸ਼ਾਨਾ ਗ਼ਰੀਬ ਲੋਕਾਂ ਦੇ ਮਿਆਰ ਅਤੇ ਸਨਮਾਨ ਦਾ ਸੁਧਾਰ ਕਰਨਾ ਹੋਵੇਗਾ। ਇਸ ਦੇ ਨਾਲ ਇਹ ਵੀ ਖ਼ਿਆਲ ਰੱਖਿਆ ਜਾਵੇਗਾ ਕਿ ਕੋਈ ਵੀ ਵਿਅਕਤੀ ਇੱਥੇ ਤਰਸ ਦਾ ਪਾਤਰ ਨਾ ਹੋਵੇ। ਕਿਸੇ ਦੇ ਵੀ ਹੱਥ ਅੱਡੇ ਨਾ ਹੋਣ।

33) ਪਿੰਡਾਂ ਤੇ ਸ਼ਹਿਰਾਂ ਨੂੰ ਸੁੰਦਰ ਤੇ ਪ੍ਰਦੂਸ਼ਣ ਮੁਕਤ ਕਰਨ ਲਈ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ ਅਤੇ ਕਮੇਟੀਆਂ ਦੀ ਕਾਰਗੁਜ਼ਾਰੀ ਦਾ ਨਿਰੀਖਣ ਹਰ ਸਾਲ ਕੀਤਾ ਜਾਇਆ ਕਰੇਗਾ।

34) ਸਮੁੱਚੀਆਂ ਕਮੇਟੀਆਂ ਤੇ ਸਰਕਾਰੀ ਗਤੀਵਿਧੀਆਂ ਨੂੰ ਨਿਯੰਤਰਣ ਕਰਨ ਲਈ ਇਕ ਰੋਜ਼ਾਨਾ ਸਰਕਾਰੀ ਖ਼ਬਰਨਾਮਾ ਹੋਵੇਗਾ ਅਤੇ ਸਮੁੱਚਾ ਸਿਸਟਮ ਇੰਟਰਨੈੱਟ ਰਾਹੀਂ ਪਿੰਡ ਪੱਧਰ ਤੋਂ ਕੇਂਦਰ ਪੱਧਰ ਤੱਕ ਕੰਟਰੋਲ ਕੀਤਾ ਹੋਵੇਗਾ।

35) ਹਰੇਕ ਵਿਅਕਤੀ ਨੂੰ ਕਿਸੇ ਵੀ ਦਫ਼ਤਰ ਜਾਣ ’ਤੇ ਕੁਰਸੀ ਮਿਲੇਗੀ। ਕੁਰਸੀ ਉਹ ਖੁਦ ਚੁੱਕ ਕੇ ਲਿਆਵੇਗਾ। ਕੰਮ ਕਰਵਾਉਣ ਤੋਂ ਬਾਅਦ ਮੁੜ ਉਸੇ ਥਾਂ ’ਤੇ ਖ਼ੁਦ ਰੱਖ ਕੇ ਆਵੇਗਾ। ਠੰਢਾ ਪਾਣੀ ਹਰੇਕ ਦਫ਼ਤਰ ਵਿਚ ਉਪਲਬਧ ਹੋਵੇਗਾ, ਪਰ ਪੀਣਾ ਖ਼ੁਦ ਪਵੇਗਾ। ਦਫ਼ਤਰਾਂ ਵਿਚ ਚਪੜਾਸੀ ਤਕ ਕਿਸੇ ਅਫ਼ਸਰ ਜਾਂ ਕਲਰਕ ਨੂੰ ਪਾਣੀ ਨਹੀਂ ਪਿਲਾਵੇਗਾ। ਮਹਿਮਾਨ ਸਮੇਤ ਸਾਰੇ ਪਾਣੀ ਸਾਂਝੀ ਥਾਂ ਤੋਂ ਖ਼ੁਦ ਪੀਣਗੇ।

36) ਘਰੇਲੂ ਨੌਕਰ ਜੇ ਕੋਈ ਰੱਖਣਾ ਚਾਹੇਗਾ ਤਾਂ ਉਸ ਨੂੰ ਉਜਰਤ ਸਰਕਾਰੀ ਰੇਟਾਂ ਅਨੁਸਾਰ ਹੀ ਦੇਣੀ ਪਵੇਗੀ। 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਘਰੇਲੂ ਸਹਾਇਕ ਨਹੀਂ ਰੱਖਿਆ ਜਾ ਸਕੇਗਾ।

37) ਸਿਰਾਂ ’ਤੇ ਗੋਹਾ ਢੋਣ ਜਾਂ ਢੁਆਉਣ ’ਤੇ ਪੂਰੀ ਪਾਬੰਦੀ ਹੋਵੇਗੀ।

38) ਰੂੜੀਆਂ ਢੱਕ ਕੇ ਰੱਖਣਾ ਜ਼ਰੂਰੀ ਹੋਵੇਗਾ। ਰੂੜੀਆਂ ’ਤੇ ਛੱਪਰ ਪਾਇਆ ਜਾ ਸਕੇਗਾ।

39) ਪਿੰਡਾਂ ਵਿਚ ਪਈਆਂ ਖ਼ਾਲੀ ਥਾਵਾਂ ’ਤੇ ਫਲਾਂ ਦੇ ਬੂਟੇ ਤੇ ਸਬਜ਼ੀਆਂ ਦੀ ਪੈਦਾਵਾਰ ਕਰਨ ਲਈ ਵਿਉਂਤਬੰਦੀ ਕੀਤੀ ਜਾਵੇਗੀ

40) ਸਾਧਾਂ, ਸੰਤਾਂ ਤੇ ਜੋਤਸ਼ੀਆਂ ਲਈ ਜ਼ਰੂਰੀ ਹੋਵੇਗਾ ਕਿ ਜੋ ਕਰਾਮਾਤੀ ਸ਼ਕਤੀਆਂ ਦਾ ਆਪਣੇ ਵਿਚ ਹੋਣ ਦਾ ਦਾਅਵਾ ਕਰਦੇ ਹਨ। ਉਹ ਸਿੱਧ ਕਰ ਵਿਖਾਉਣ ਤਾਂ ਹੀ ਉਹਨਾਂ ਨੂੰ ਆਪਣਾ ਧੰਦਾ ਜਾਰੀ ਰੱਖਣ ਦੀ ਇਜਾਜ਼ਤ ਹੋਵੇਗੀ।

41) ਅੰਗਰੱਖਿਅਕ ਰੱਖਣ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਹੋਵੇਗੀ।

42) ਆਵਾਰਾ ਕੁੱਤਿਆਂ ਤੇ ਆਵਾਰਾ ਪਸ਼ੂਆਂ ’ਤੇ ਪਾਬੰਦੀ ਹੋਵੇਗੀ।

43) ਜਾਤ-ਪਾਤ, ਧਾਰਮਿਕ ਵਿਸ਼ਵਾਸ, ਨਸਲੀ ਮਤਭੇਦ ਅਤੇ ਖਿਤਿਆਂ ਆਧਾਰਤ ਵੰਡੀਆਂ ਪਾਉਣ ਵਾਲੀ ਹਰ ਕੋਸ਼ਿਸ਼ ਦੀ ਸੰਘੀ ਘੁੱਟੀ ਜਾਵੇਗੀ।

44) ਭਾਰਤੀ ਸੰਵਿਧਾਨ ਦੇ ਘੇਰੇ ਵਿੱਚ ਅਤੇ ਕੇਂਦਰੀ ਸਾਸ਼ਨ ਦੇ ਅਧੀਨ ਰਹਿੰਦੇ ਹੋਏ, ਇਹ ਸਾਰਾ ਕੁੱਝ ਕਰਨ ਦਾ ਯਤਨ ਕੀਤਾ ਜਾਵੇਗਾ।

45) ਸੰਘਰਸਸ਼ੀਲ ਜਥੇਬੰਦੀਆਂ ਦੀ ਮਦਦ ਕਰਦੇ ਹੋਏ ਤੇ ਲੈਂਦੇ ਹੋਏ ਇਹ ਸਭ ਕੁੱਝ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਵੇਗਾ।

46) ਹਰੇਕ ਮਹਿਕਮਾ ਹਰ ਕੰਮ ਪਾਰਦਰਸ਼ੀ ਢੰਗ ਨਾਲ ਕਰੇਗਾ। ਸੂਚਨਾ ਅਧਿਕਾਰ ਕਾਨੂੰਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

47) ਹਰੇਕ ਵਿਅਕਤੀ ਨੂੰ ਆਪਣੇ ਵਿਚਾਰ ਰੱਖਣ ਦਾ ਪੂਰਾ ਹੱਕ ਹੋਵੇਗਾ, ਪਰ ਹਿੰਸਕ ਗਤੀਵਿਧੀਆਂ ਵਿੱਚ ਸ਼ਮੂਲੀਅਤ ਕਰਨ ਵਾਲੇ ਵਿਅਕਤੀ ਪਾਬੰਦੀ ਦਾ ਸ਼ਿਕਾਰ ਹੋਣਗੇ।

48) 18 ਸਾਲ ਦੀ ਉਮਰ ਤੋਂ ਵੱਧ ਹਰੇਕ ਵਿਅਕਤੀ ਲਈ ਆਪਣੀ ਅਚੱਲ ਜਾਇਦਾਦ ਜਨਤਕ ਕਰਨਾ ਜ਼ਰੂਰੀ ਹੋਵੇਗਾ।

49) ਪੰਜ ਕਰੋੜ ਤੋਂ ਵੱਧ ਜਾਇਦਾਦ ਰੱਖਣ ਵਾਲੇ ਹਰੇਕ ਵਿਅਕਤੀ ਲਈ ਦੋ ਵਿਅਕਤੀ ਪ੍ਰਤੀ ਕਰੋੜ ਰੁਜ਼ਗਾਰ ਦੇਣ ਦੀ ਸ਼ਰਤ ਜ਼ਰੂਰੀ ਹੋਵੇਗੀ। ਇਸ ਤਰ੍ਹਾਂ ਘੱਟੋ ਘੱਟ ਪੰਝੱਤਰ ਲੱਖ ਵਿਅਕਤੀਆਂ ਨੂੰ ਰੁਜ਼ਗਾਰ ਦਿੱਤਾ ਜਾ ਸਕੇਗਾ। ਘੱਟੋ-ਘੱਟ ਉਜਰਤ ਦੇਣੀ ਜ਼ਰੂਰੀ ਹੋਵੇਗੀ।

50) ਲਾਜ਼ਮੀ ਜਨਤਕ ਬੀਮਾ ਸ਼ੁਰੂ ਕੀਤਾ ਜਾਵੇਗਾ। 1000 ਰੁਪਏ ਸਾਲਾਨਾ ਪ੍ਰਤੀ ਗੱਡੀ ਮਾਲਕ ਤੋਂ ਲਿਆ ਜਾਵੇਗਾ। ਹਾਦਸੇ ਦੀ ਸੂਰਤ ਵਿਚ ਮਰਨ ਵਾਲੇ ਵਿਅਕਤੀ ਨੂੰ ਪੰਜ ਲੱਖ ਰੁਪਏ, ਜ਼ਖ਼ਮੀ ਵਿਅਕਤੀ ਲਈ ਇਕ ਲੱਖ ਰੁਪਏ ਪ੍ਰਤੀ ਵਿਅਕਤੀ ਇਸ ਰਾਸ਼ੀ ਵਿਚੋਂ ਮਿਲਣਗੇ। ਪੁਲੀਸ ਰਿਪੋਰਟ ਜ਼ਰੂਰੀ ਹੋਵੇਗੀ।

51) ਦਲਿਤਾਂ ਅਤੇ ਇਸਤਰੀਆਂ ਨਾਲ ਹੁੰਦੀ ਵਿਤਕਰੇਬਾਜ਼ੀ ਨੂੰ ਰੋਕਣ ਲਈ ਉਨ੍ਹਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਕੀਤਾ ਜਾਵੇਗਾ। ਇਸਤਰੀਆਂ ਅਤੇ ਦਲਿਤਾਂ ਲਈ ਰਜਿਸਟਰੀਆਂ ਸਮੇਂ ਲਗਦੀ ਸਟੈਂਪ ਡਿਊਟੀ ਮਰਦਾਂ ਅਤੇ ਜਨਰਲ ਸ਼੍ਰੇਣੀਆਂ ਦੇ ਮੁਕਾਬਲੇ ਅੱਧੀ ਕੀਤੀ ਜਾਵੇਗੀ। ਇਸ ਨਾਲ ਰਜਿਸਟਰੀਆਂ ਕਰਵਾਉਣ ਸਮੇਂ ਲੋਕ ਜ਼ਿਆਦਾ ਇਸਤਰੀਆਂ ਅਤੇ ਦਲਿਤਾਂ ਪੁਰਸ਼ਾਂ ਅਤੇ ਇਸਤਰੀਆਂ ਨੂੰ ਤਰਜੀਹ ਦੇਣਗੇ। ਇਸ ਨਾਲ ਦਸ-ਪੰਦਰਾਂ ਸਾਲ ਵਿਚ ਜ਼ਿਆਦਾ ਰਜਿਸਟਰੀਆਂ ਇਸਤਰੀਆਂ ਅਤੇ ਦਲਿੱਤਾਂ ਦੇ ਨਾਂਅ ’ਤੇ ਹੋ ਜਾਣਗੀਆਂ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦੀ ਪੁੱਛ-ਪੜਤਾਲ ਵੱਧ ਹੋਵੇਗੀ।

52) ਹਰੇਕ ਪ੍ਰਾਈਵੇਟ ਸਕੂਲ ਲਈ ਇਹ ਜ਼ਰੂਰੀ ਹੋਵੇਗਾ ਕਿ ਜਿਸ ਕਲਾਸ ਨੂੰ ਅਧਿਆਪਕ ਨੇ ਪੜ੍ਹਾਉਣਾ ਉਸ ਕਲਾਸ ਦੇ ਘੱਟੋ-ਘੱਟ ਅੱਠ ਵਿਦਿਆਰਥੀਆਂ ਤੋਂ ਵਸੂਲ ਕੀਤੀ ਜਾਂਦੀ ਕੁੱਲ ਸਾਲਾਨਾ ਫ਼ੀਸ ਦੇ ਸਾਰੇ ਖ਼ਰਚੇ ਇਕ ਅਧਿਆਪਕ ਨੂੰ ਸਾਲਾਨਾ ਤਨਖ਼ਾਹ ਦੇ ਰੂਪ ਵਿਚ ਦੇਣਗੇ।

53) ਪੰਜਾਬ ਦੀ ਮੌਜੂਦਾ ਟੈਕਸ ਪ੍ਰਣਾਲੀ ਨੂੰ ਲੋਕਪੱਖੀ ਬਣਾਉਣ ਦਾ ਯਤਨ ਕੀਤਾ ਜਾਵੇਗਾ। ਜਿਸ ਨਾਲ ਅਮੀਰਾਂ ਅਤੇ ਗ਼ਰੀਬਾਂ ਵਿਚਾਲੇ ਪਾੜਾ ਘੱਟ ਸਕੇ।

54) ਜਾਤ-ਪਾਤ ਦੇ ਨਾਂਅ ਦੇ ਉਪਰ ਹੁੰਦੇ ਭੇਦਭਾਵ ਨੂੰ ਰੋਕਣ ਲਈ, ਭੇਦਭਾਵ ਕਰਨ ਵਾਲੇ ਧਾਰਮਿਕ ਸਥਾਨਾਂ, ਡੇਰਿਆਂ ਵਿਰੁਧ ਮੁਕੱਦਮੇ ਚਲਾਏ ਜਾਣਗੇ ਅਤੇ ਯਤਨ ਕੀਤਾ ਜਾਵੇਗਾ ਕਿ ਅਜਿਹੀ ਕੋਈ ਸੰਸਥਾ ਪੰਜਾਬ ਵਿਚ ਨਾ ਰਹੇ।

55) ਹਰੇਕ ਕਾਰੋਬਾਰੀ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਆਪਣੇ ਕੋਲ ਕੰਮ ਕਰਦੇ ਕੁੱਲਵਕਤੀ ਨੂੰ ਕੇਂਦਰ ਸਰਕਾਰ ਵੱਲੋਂ ਤੈਅ ਕੀਤੀ ਗਈ ਘੱਟੋ-ਘੱਟ ਉਜਰਤ ਹਰ ਮਹੀਨੇ ਚੈੱਕ ਰਾਹੀਂ ਦੇਵੇਗਾ। ਕੁੱਝਵਕਤੀ (ਪਾਰਟਟਾਈਮ) ਕੰਮ ਕਰਨ ਵਾਲਿਆਂ ਨੂੰ ਉਸ ਦੀ ਉਜਰਤ ਪ੍ਰਤੀ ਘੰਟਿਆਂ ਦੇ ਹਿਸਾਬ ਨਾਲ ਤੈਅ ਕੀਤੀ ਜਾਵੇਗੀ। ਵੱਧ ਸਮੇਂ ਲਈ ਵੱਧ ਉਜਰਤ ਦੇਣੀ ਵੀ ਕਾਰੋਬਾਰੀ ਦੀ ਜ਼ਿੰਮੇਵਾਰੀ ਹੋਵੇਗੀ।

56) ਹਰੇਕ ਘਰ ਦਫ਼ਤਰ ਅਤੇ ਅਦਾਰੇ ਅਤੇ ਧਾਰਮਿਕ ਸਥਾਨ ਲਈ ਸਾਫ਼-ਸਫ਼ਾਈ ਦਾ ਪ੍ਰਬੰਧ ਕਰਵਾਉਣਾ ਅਤੇ ਕੂੜੇ-ਕਰਕਟ ਨੂੰ ਸਮੇਟਣਾ ਉਸ ਅਦਾਰੇ ਦੇ ਮੁੱਖੀ ਦੀ ਜ਼ਿੰਮੇਵਾਰੀ ਹੋਵੇਗੀ।

57) ਧਾਰਮਿਕ, ਜਾਤਪਾਤ ਅਤੇ ਇਲਾਕਾਬਾਦ ਦੇ ਨਾਂਅ ਦੇ ਉਪਰ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਨਿਰਉਤਸ਼ਾਹਤ ਕੀਤਾ ਜਾਵੇਗਾ। ਚੌਕਾਂ ਅਤੇ ਸੰਸਥਾਵਾਂ ਦੇ ਨਾਮ ਧਰਮਾਂ ਅਤੇ ਜਾਤਾਂ-ਪਾਤਾਂ ਦੇ ਨਾਂਅ ਦੇ ਉਪਰ ਨਹੀਂ ਰੱਖਣ ਦਿੱਤੇ ਜਾਣਗੇ। ਸਰਕਾਰੀ ਦਫ਼ਤਰਾਂ ਵਿਚ ਧਾਰਮਿਕ ਸਮਾਗਮ ਕਰਵਾਉਣ ’ਤੇ ਪਾਬੰਦੀ ਹੋਵੇਗੀ।

58) ਕਿਸੇ ਵੀ ਨਿੱਜੀ ਜਾਂ ਸਰਕਾਰੀ ਸਕੂਲ ਵਿਚ ਕੋਈ ਵੀ ਕਿਸੇ ਇਕ ਵਿਸ਼ੇਸਗ਼ਧਰਮ ਨਾਲ ਜੁੜੀ ਹੋਈ ਧਾਰਮਿਕ ਰਸਮ ਪਾਠ ਜਾਂ ਜਾਪ ਕਰਨ ਕਰਵਾਉਣ ’ਤੇ ਮੁਕੰਮਲ ਪਾਬੰਦੀ ਹੋਵੇਗੀ। ਕਿਸੇ ਵੀ ਇਕ ਵਿਸ਼ੇਸ਼ ਧਰਮ ਦੀ ਕੋਈ ਵੀ ਕਿਤਾਬ, ਸਫ਼ਾ ਜਾਂ ਲਾਈਨ ਵਿਦਿਆਰਥੀਆਂ ਦੇ ਸਿਲੇਬਸ ਵਿਚ ਨਹੀਂ ਹੋਵੇਗੀ।

59) ਹਰੇਕ ਪ੍ਰਾਈਵੇਟ ਜਾਂ ਸਰਕਾਰੀ ਸਕੂਲ ਲਈ ਦਸਵੀਂ ਦੇ ਪੱਧਰ ਤਕ ਪੰਜਾਬੀ ਪੜ੍ਹਾਉਣੀ ਲਾਜ਼ਮੀ ਹੋਵੇਗੀ। ਦੂਜੀਆਂ ਭਾਸ਼ਾਵਾਂ ਦੀ ਪੜ੍ਹਾਈ ਵੀ ਜ਼ਰੂਰੀ ਹੋਵੇਗੀ।

60) ਹਰੇਕ ਸਕੂਲ ਜਾਂ ਕਾਲਜ ਵਿਚ ਲਾਇਬ੍ਰੇਰੀ ਹੋਵੇਗੀ ਅਤੇ ਹੋਰ ਵਿਸ਼ਿਆਂ ਨਾਲ ਲਾਇਬ੍ਰੇਰੀ ਦਾ ਵੀ ਇਕ ਪੀਰੀਅਡ ਹੋਵੇਗਾ। ਜਿਸ ਵਿਚ ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਪੁਸਤਕਾਂ ਦਾ ਅਧਿਐਨ ਕਰਨਾ ਵਿਦਿਆਰਥੀਆਂ ਲਈ ਜ਼ਰੂਰੀ ਹੋਵੇਗਾ। ਵਿਦਿਆਰਥੀਆਂ ਨੂੰ ਬੈਂਕਾਂ, ਡਾਕਘਰਾਂ, ਰੇਲਵੇ ਟਿਕਟਾਂ ਆਦਿ ਦੀ ਅਮਲੀ ਜਾਣਕਾਰੀ ਮੁਹਈਆ ਕਰਵਾਉਣਾ ਜ਼ਰੂਰੀ ਹੋਵੇਗਾ।

61) ਗੰਦੇ ਸਭਿਆਚਾਰ ਨੂੰ ਘਟਾਉਣ ਲਈ ਅਤੇ ਚੰਗੇ ਸਭਿਆਚਾਰ ਦੀ ਉਸਾਰੀ ਵਾਸਤੇ ਸਰਕਾਰੀ ਤੌਰ ’ਤੇ ਯਤਨ ਕੀਤੇ ਜਾਣਗੇ।

62) ਵਿਦਿਆਰਥੀਆਂ ਲਈ ਬੱਸ ਸਹੂਲਤਾਂ ਅਤੇ ਹੋਰ ਸਹੂਲਤਾਂ ਦਿਵਾਉਣ ਦੇ ਯਤਨ ਕੀਤੇ ਜਾਣਗੇ।

ਉਪਰੋਕਤ ਸਾਰੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਚਾਹੀਦੇ ਹਨ ਪੈਸੇ, ਕਿਰਤ, ਸਲਾਹ ਸਭ ਕੁੱਝ। ਇਹ ਸਭ ਲੋਕਾਂ ਵੱਲੋਂ ਹੀ ਪ੍ਰਾਪਤ ਹੋਵੇਗਾ ਅਤੇ ਲੋਕਾਂ ਦੀ ਸਰਗਰਮ ਸ਼ਮੂਲੀਅਤ ਨਾਲ ਹੀ ਇਹ ਸਾਰੇ ਕਾਰਜ ਵਿਉਂਤੇ ਜਾਣਗੇ। ਪਰ ਇਹ ਸਾਰਾ ਕੁੱਝ ਵਿਗਿਆਨਕ ਢੰਗ ਨਾਲ ਤੇ ਹੁਨਰਮੰਦ ਵਿਅਕਤੀਆਂ ਦੀ ਅਗਵਾਈ ਵਿਚ ਹੀ ਕੀਤਾ ਜਾਵੇਗਾ। ਉਦਾਹਰਣ ਦੇ ਤੌਰ ’ਤੇ ਜੇ ਦੋ ਹਜ਼ਾਰ ਘਰ ਕਿਤੇ ਉਸਾਰਨ ਦੀ ਲੋੜ ਪਵੇਗੀ ਤਾਂ ਇਹ ਵਧੀਆ ਆਰਕੀਟੈਕਟਾਂ, ਮਿਆਰੀ ਮਟੀਰੀਅਲ ਅਤੇ ਵਧੀਆ ਤੋਂ ਵਧੀਆ ਤਕਨੀਕਾਂ ਨਾਲ ਹੀ ਕਮੇਟੀ ਵਲੋਂ ਉਸਾਰਿਆ ਜਾਵੇਗਾ।

ਪੰਜਾਬ ਵਿਚ ਇਮਾਨਦਾਰ ਲੋਕਾਂ ਦੀ ਕਮੀ ਨਹੀਂ ਹੈ। ਮੈਂ ਅਜਿਹੇ ਸੈਂਕੜੇ ਵਿਅਕਤੀਆਂ ਨੂੰ ਜਾਣਦਾ ਹਾਂ, ਜਿਹੜੇ ਆਪਣੀ ਮਿਹਨਤ ਤੋਂ ਬਗੈਰ ਇਕ ਪੈਸੇ ਨੂੰ ਵੀ ਹੱਥ ਲਾਉਣਾ ਗੁਨਾਹ ਸਮਝਦੇ ਹਨ।

**ਮੇਘ ਰਾਜ ਮਿੱਤਰ,**
**ਸੰਸਥਾਪਕ,**
**ਤਰਕਸ਼ੀਲ ਸੁਸਾਇਟੀ,**
**ਤਕਰਸ਼ੀਲ ਨਿਵਾਸ, ਗਲੀ ਨੰਬਰ. 8,**
**ਕੱਚਾ ਕਾਲਜ ਰੋਡ, ਬਰਨਾਲਾ**
**ਮੋਬਾਈਲ: 98887-87440**

**ਨੋਟ:**

**1)** ਇਹ ਲਿਖਤ ਇਕ ਖਰੜਾ ਹੈ। ਜਿਸ ਉਤੇ ਹੋਰ ਵਿਚਾਰ ਹੋਣਾ ਹੈ। ਸੁਝਾਵਾਂ ਦਾ ਇੰਤਜ਼ਾਰ ਰਹੇਗਾ।

**2)** ਜਿਹੜੇ ਵਿਅਕਤੀ ਇਸ ਤਰ੍ਹਾਂ ਦੀ ਕਿਸੇ ਸਿਆਸੀ ਪਾਰਟੀ ਵਿਚ ਸ਼ਮੂਲੀਅਤ ਜਾਂ ਯੋਗਦਾਨ ਪਾਉਣਾ ਚਾਹੁੰਦੇ ਹਨ। ਉਹ ਉਪਰੋਕਤ ਕੰਟੈਕਟ ’ਤੇ ਸੰਪਰਕ ਕਰਨ।

# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532

# A & S
## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# Continental




ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

Truck, Trailer Repair & Tyre Servicse

ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Bhajji Gill (510-277-6315)
Chain Gill 510-542-1181

42400 Boyce Rd., Unite F, Fremont, CA 94538



FREE WiFi

Ram Gopal

# Annabelle's
## Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

# Annabelle's
## Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available




Ram Gopal

Features
All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




FREE WiFi

Ram Gopal (916) 448-6239
200 "J" Street, Sacramento, CA 95814

# ਅਸਹਿਣਸ਼ੀਲ ਮਾਹੌਲ ਖ਼ਿਲਾਫ਼ ਲੇਖਕਾਂ ਦੀ ਭੂਮਿਕਾ



ਡਾ. ਕਰਮਜੀਤ ਸਿੰਘ
ਸਾਬਕਾ ਪ੍ਰੋਫੇਸਰ ਅਤੇ ਚੇਅਰਮੈਨ,
ਕੁਰੂਕਸ਼ੇਤਰ ਯੂਨੀਵਰਸਿਟੀ
91 98763 23862

ਆਰ. ਐਸ. ਐਸ. ਦੇ ਰਾਜਨੀਤਕ ਵਿੰਗ ਬੀਜੇਪੀ ਦੀ ਸਰਕਾਰ ਬਣਦਿਆਂ ਹੀ ਉਹ ਕੁਝ ਵਾਪਰਨਾ ਸ਼ੁਰੂ ਹੋ ਗਿਆ ਜਿਸਦਾ ਸਿਆਣਿਆਂ ਨੂੰ ਅੰਦੇਸ਼ਾ ਸੀ। ਇਹ ਅੰਦੇਸ਼ਾ ਨਿਰਮੂਲ ਨਹੀਂ ਸੀ। ਆਰ. ਐਸ. ਐਸ. ਦੀ ਵਿਚਾਰਧਾਰਾ ਹਿੰਦੂ ਹਿੰਦੀ ਹਿੰਦੁਸਤਾਨ ਵਿਚ ਹੀ ਉਸਦੇ ਫਾਸ਼ੀਵਾਦੀ ਹੋਣ ਦੇ, ਘੱਟ ਗਿਣਤੀਆਂ ਨੂੰ ਮਲੀਆਮੇਟ ਕਰਨ ਦੇ ਅਤੇ ਬਹੁ ਸਭਿਆਚਾਰਕ-ਬਹੁ ਭਾਸ਼ਾਈ ਸਮਾਜ ਨੂੰ ਤਬਾਹ ਕਰਨ ਦੇ ਮਨਸੂਬੇ ਛੁਪੇ ਹੋਏ ਹਨ। ਇਸ ਵਿਚਾਰਧਾਰਾ ਨੇ ਭਾਰਤੀ ਸਮਾਜ ਨੂੰ ਸੰਪ੍ਰਦਾਇਕ ਲੀਹਾਂ ਤੇ ਵੰਡਣ ਦਾ ਕੰਮ ਵੱਡੀ ਪੱਧਰ ਤੇ ਕੀਤਾ ਹੈ। ਵਾਜਪਾਈ ਸਰਕਾਰ ਦੇ ਪਹਿਲਾਂ ਰਹਿ ਚੁੱਕੇ 6 ਸਾਲ ਦੇ ਸ਼ਾਸਨ ਕਾਲ ਵਿਚ ਗੁਜਰਾਤ ਦੇ ਦੰਗੇ, ਨਿੱਤ ਦਿਨ ਸੰਵਿਧਾਨ ਸੋਧਣ ਦੀਆਂ ਟਾਹਰਾਂ, ਧਾਰਾ 370 ਖ਼ਤਮ ਕਰਨ ਦੇ ਨਾਹਰੇ, ਰਾਮ ਮੰਦਿਰ ਬਣਾਉਣ ਦੇ ਵਾਅਦੇ ਤੇ ਹਰ ਰੋਜ਼ ਦਿੱਤੇ ਵਿਵਾਦਤ ਬਿਆਨਾਂ ਨੇ ਪੂਰੇ ਦੇਸ਼ ਨੂੰ ਸੂਲ਼ੀ ਤੇ ਟੰਗੀ ਰੱਖਿਆ। ਲੇਖਕਾਂ ਤੇ ਬੁੱਧੀਜੀਵੀਆਂ ਨੂੰ ਇਹ ਸਭ ਕੁਝ ਕਲ੍ਹ ਵਾਂਗ ਯਾਦ ਸੀ। ਇਹ ਉਦੋਂ ਸੀ ਜਦੋਂ ਕਈ ਪਾਰ-ਟੀਆਂ ਸਰਕਾਰ ਵਿਚ ਸ਼ਾਮਿਲ ਸਨ।

ਹੁਣ ਤਾਂ ਬਹੁਮਤ ਆਉਣ ਤੋਂ ਬਾਦ ਇਨ੍ਹਾਂ ਦੀ ਮਨਸ਼ਾ ਜ਼ਹਿਰ ਹੋਣੀ ਹੀ ਹੋਣੀ ਸੀ। ਭਾਵੇਂ ਅਜੇ ਵੀ ਇਕ ਅੜਿਕਾ ਬਰਕਰਾਰ ਹੈ-ਰਾਜ ਸਭਾ ਵਿਚ ਪੂਰਨ ਬਹੁਮਤ ਦਾ ਨਾ ਹੋਣਾ। ਫਿਰ ਵੀ ਲੀਡਰ ਤੇ ਕਾਰਜ ਕਰਤਾ ਆਪਣੀਆਂ ਮਨ ਮਾਨੀਆਂ ਤੇ ਉੱਤਰ ਆਏ।

ਤਰਕਸ਼ੀਲ ਨਰਿੰਦਰ ਢਾਬੋਲਕਰ ਦਾ ਕਤਲ ਕੀਤਾ ਗਿਆ, ਗੋਵਿੰਦ ਪਾਂਸਾਰੇ ਅਤੇ ਉਸਦੀ ਪਤਨੀ ਨੂੰ ਸਰੀਰਕ ਤੌਰ ਤੇ ਖ਼ਤਮ ਕੀਤਾ ਗਿਆ। ਦਾਦਰੀ ਕਾਂਡ ਵਿਚ ਅਖ਼ਲਾਕ ਨੂੰ ਇਸ ਅਫ਼ਵਾਹ ਦੇ ਆਧਾਰ ਤੇ ਕੋਹ ਕੋਹ ਕੇ ਮਾਰਿਆ ਗਿਆ ਕਿ ਉਸਦੇ ਘਰ ਵਿਚ ਗਾਂ ਦਾ ਮਾਸ ਖਾਧਾ ਜਾ ਰਿਹਾ ਸੀ ਜਦ ਕਿ ਬਾਦ ਵਿਚ ਇਹ ਸਾਬਤ ਹੋ ਗਿਆ ਕਿ ਉਹ ਮਾਸ ਗਾਂ ਦਾ ਨਹੀਂ ਸੀ। ਕਿਹਾ ਗਿਆ ਕਿ ਇਹ ਘਟਨਾ ਯੂ ਪੀ ਵਿਚ ਹੋਈ ਹੈ, ਐਮ. ਐਮ. ਕਲਬੁਰਗੀ ਦਾ ਕਤਲ ਕਰਨਾਟਕ ਵਿਚ ਹੋਇਆ ਤੇ ਗੋਵਿੰਦ ਪਾਂਸਾਰੇ ਤੇ ਨਰਿੰਦਰ ਢਾਬੋਲਕਰ ਨਾਲ਼ ਸੰਬੰਧਿਤ ਦੁਖਾਂਤ ਮਹਾਂਰਾਸ਼ਟਰ ਵਿਚ ਕਿਸੇ ਹੋਰ ਪਾਰਟੀ ਦੀ ਸਰਕਾਰ ਅਧੀਨ ਹੋਇਆ। ਪਰ ਇਨ੍ਹਾਂ ਘਟਨਾਵਾਂ ਪਿੱਛੇ ਹਿੰਦੂ ਸੰਗਠਨਾਂ ਦਾ ਨਾਂ ਬੋਲਦਾ ਸੀ ਅਤੇ ਬੀਜੇਪੀ ਦੀਆਂ ਅੱਗ ਦੀਆਂ ਨਾਲ਼ਾਂ ਕਹੇ ਜਾਂਦੇ ਐਮਪੀਆਂ ਅਤੇ ਐਮਐਲਏਆਂ ਨੇ ਇਨ੍ਹਾਂ ਘਟਨਾਵਾਂ ਨੂੰ ਜਾਇਜ਼ ਠਹਿਰਾਇਆ। ਜਿਵੇਂ ਇਨ੍ਹਾਂ ਘਟਨਾਵਾਂ ਤੋਂ ਬਾਦ ਹੋਰ ਵਿਰੋਧ ਕਰ ਰਹੇ ਬੁੱਧੀਜੀਵੀਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਉਸਨੇ ਸਾਰੇ ਦੇਸ਼ ਦੇ ਬੁੱਧੀਜੀਵੀ ਵਰਗ ਨੂੰ ਵਿਸ਼ੇਸ਼ ਤੌਰ ਤੇ ਲੇਖਕਾਂ ਨੂੰ ਚਿੰਤਾ ਵਿਚ ਪਾ ਦਿੱਤਾ।

ਸਿੱਧਾ ਸਿੱਧਾ ਇਹ ਬੋਲਣ ਦੀ ਆਜ਼ਾਦੀ ਉਪਰ ਸੰਪ੍ਰਦਾਇਕ ਫਾਸ਼ੀਵਾਦੀ ਹਮਲਾ ਸੀ ਜਿਸਨੇ ਲੇਖਕਾਂ ਨੂੰ ਕੁਝ ਕਰਨ ਲਈ ਹਲੂਣਿਆਂ। ਉਦੈ ਪ੍ਰਕਾਸ਼, ਨੈਨਤਾਰਾ ਸਹਿਗਲ, ਸਾਰਾ ਜੋਸਫ਼ ਅਸ਼ੋਕ ਵਾਜਪਾਈ ਅਤੇ ਰਹਿਮਾਨ ਅਬੱਾਸ ਆਦਿ ਲੇਖਕਾਂ ਨੇ ਆਪਣੇ ਸਾਹਿਤ ਅਕੈਡਮੀ ਦੇ ਸਨਮਾਨ ਵਾਪਿਸ ਕਰਨ ਦਾ ਐਲਾਨ ਕਰ ਦਿੱਤਾ। ਕੁਝ ਸੱਤਾ ਪੱਖੀ ਲੇਖਕਾਂ ਨੇ ਇਸ ਦਾ ਵਿਰੋਧ ਵੀ ਕੀਤਾ ਪਰ ਤਦ ਨੂੰ 10 ਫਿਲਮਕਾਰਾਂ ਨੇ ਵੀ ਆਪਣੇ ਸਨਮਾਨ ਵਾਪਿਸ ਕਰ ਦਿੱਤੇ।

ਇਨ੍ਹਾਂ ਸਾਹਿਤਕਾਰਾਂ ਅਤੇ ਫਿਲਮਕਾਰਾਂ ਦੇ ਵਿਰੋਧ ਵਿਚ ਸਰਕਾਰ ਦੇ ਕੇਂਦਰੀ ਮੰਤਰੀਆਂ ਅਰੁਣ ਜੇਟਲੀ, ਰਾਜਨਾਥ ਸਿੰਘ, ਅਦਿੱਤਯ ਨਾਥ ਯੋਗੀ, ਸਾਕਸ਼ੀ ਮਹਾਰਾਜ, ਪ੍ਰਾਚੀ ਆਦਿ ਸਾਧਵੀਆਂ ਅਤੇ ਆਰ. ਐਸ. ਐਸ. ਅਤੇ ਬੀਜੇਪੀ ਦੇ ਪ੍ਰਵਕਤਾਵਾਂ ਨੇ ਰਾਸ਼ਟਰੀ ਚੈਨਲਾਂ ਤੇ ਵਿਰੋਧ ਦੀ ਹਨੇਰੀ ਲਿਆ ਦਿੱਤੀ। ਲੇਖਕਾਂ ਦੇ ਵਿਰੋਧ ਨੂੰ ਮਸਨੂਈ, ਪੂਰਵ ਨਿਰਧਾਰਿਤ, ਸਟਰਕਚਰਡ ਅਤੇ ਹਰਾਸ ਵਿਚੋਂ ਪੈਦਾ ਹੋਏ ਵਿਰੋਧ ਦਾ ਨਾਂ ਦਿੱਤਾ ਗਿਆ। ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਕਿ ਇਸ ਵਿਰੋਧ ਪਿੱਛੇ ਮਾਰਕਸਵਾਦੀ ਤੇ ਕਾਂਗਰਸੀ ਲੇਖਕ ਹਨ ਜਦ ਕਿ ਇਹ ਸਾਰੀ ਗੱਲ ਸੱਚ ਨਹੀਂ ਸੀ। ਪੰਜਾਬ ਦੇ ਲੇਖਕਾਂ ਦੇ ਸੰਧਰਭ ਵਿਚ ਤਾਂ ਬਿਲਕੁਲ ਹੀ ਨਹੀਂ। ਕਮਿਊਨਿਸਟ ਪਾਰਟੀਆਂ, ਕਾਂਗਰਸ ਅਤੇ ਸਾਰੀ ਵਿਰੋਧੀ ਧਿਰ ਲੇਖਕਾਂ, ਕਲਾਕਾਰਾਂ, ਵਿਗਿਆਨੀਆਂ, ਬੁੱਧੀਜੀਵੀਆ ਅਤੇ ਇਤਿਹਾਸਕਾਰਾਂ ਦੇ ਪੱਖ ਵਿਚ ਆ ਖਲੋਤੀ। ਰਾਜਨੀਤਕ ਪਾਰਟੀਆਂ ਦੇ ਆਪਣੇ ਹਿੱਤ ਹੁੰਦੇ ਹਨ ਪਰ ਲੇਖਕਾਂ ਦਾ ਪੱਖ ਇਸ ਨਾਲ਼ ਮਜ਼ਬੂਤ ਹੋਇਆ।

ਜਦੋਂ ਸ਼ਾਹਰੁਖ ਖ਼ਾਨ ਅਤੇ ਆਮਿਰ ਖ਼ਾਨ ਨੇ ਲੇਖਕਾਂ ਵਲੋਂ ਅਸਿਹਣਸ਼ੀਲਤਾ ਦੇ ਲਾਏ ਦੋਸ਼ਾਂ ਨਾਲ਼ ਸਹਿਮਤੀ ਪ੍ਰਗਟਾਈ ਤਾਂ ਇਕ ਬਾਰ ਤਾਂ ਸਾਰੀ ਆਰ. ਐਸ. ਐਸ. ਅਤੇ ਬੀਜੇਪੀ ਉਨ੍ਹਾਂ ਨੂੰ ਟੁੱਟ ਕੇ ਪੈ ਗਈ। ਘੱਟ ਗਿਣਤੀਆਂ ਉਪਰ ਪੂਰੀ ਭੜਾਸ ਕੱਢੀ ਗਈ। ਕਿਹਾ ਗਿਆ ਕਿ ਇਹ ਖਾਂਦੇ ਭਾਰਤ ਦਾ ਹਨ ਤੇ ਗੁਣ ਪਾਕਿਸਤਾਨ ਦਾ ਗਾਉਂਦੇ ਹਨ। ਇਨ੍ਹਾਂ ਨੂੰ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ ਆਦਿ ਆਦਿ। ਆਮਿਰ ਖ਼ਾਨ ਨੇ ਕਿਹਾ ਇੰਨਾ ਹੀ ਸੀ ਕਿ ਬੀਜੇਪੀ ਵਲੋਂ ਸਿਰਜੇ ਜਾ ਰਹੇ ਅਸਹਿਣਸ਼ੀਲ ਮਾਹੌਲ ਵਿਚ ਲੋਕ ਘਰਾਂ ਵਿਚ ਇਹ ਸੋਚਣ ਲਈ ਮਜਬੂਰ ਹੋ ਰਹੇ ਹਨ ਕਿ ਇਹ ਦੇਸ਼ ਹੁਣ ਘੱਟ ਗਿਣਤੀਆਂ ਦੇ ਰਹਿਣ ਲਾਇਕ ਬਚੇਗਾ ਵੀ ਕਿ ਨਹੀਂ।

ਆਮਿਰ ਦੀ ਪਤਨੀ ਉਪਰ ਚਿੱਕੜ ਉਛਾਲ਼ਿਆ ਗਿਆ ਪਰ ਅਜਿਹੇ ਘਟੀਆ ਹਮਲਿਆਂ ਦੇ ਬਾਵਜੂਦ ਆਮਿਰ ਨੇ ਸੰਪ੍ਰਦਾਇਕ ਤੱਤਾਂ ਸਾਹਮਣੇ ਹਥਿਆਰ ਨਹੀਂ ਸੁੱਟੇ ਤੇ ਨਾ ਹੀ ਉਨ੍ਹਾਂ ਦੇ ਕਹਿਣ ਤੇ ਮੁਆਫ਼ੀ ਹੀ ਮੰਗੀ। ਅਜਿਹੇ ਘਟੀਆ ਕਿਸਮ ਦੇ ਹਮਲਿਆਂ ਨੇ ਲੇਖਕਾਂ ਨੂੰ ਚੁੱਪ ਨਹੀਂ ਹੋਣ ਦਿੱਤਾ ਸਗੋਂ ਇਸ ਕੂੜ ਪ੍ਰਚਾਰ ਤੋਂ ਅਗਲੇ ਹੀ ਦਿਨ ਕੁੰਦਨ ਸ਼ਾਹ, ਅਰੁੰਧਤੀ ਰਾਇ, ਦਿਵਾਕਰ ਬੈਨਰਜੀ, ਆਨੰਦ ਪਟਵਰਧਨ, ਹਰੀ ਨਾਇਰ, ਕਿਰਤੀ ਨਕਵਾ ਅਤੇ ਹਰਸ਼ ਕੁਲਕਰਣੀ ਜਿਹੇ ਸਥਾਪਿਤ ਫਿਲਮਕਾਰਾਂ ਸਮੇਤ ਚੌਵੀ ਫਿਲਮਕਾਰਾਂ ਨੇ ਸਨਮਾਨ ਸਰਕਾਰ ਸਾਹਵੇਂ ਜਾ ਰੱਖੇ। ਕੁੱਲ 75 ਦੇ ਕਰੀਬ ਸਾਹਿਤਕਾਰਾਂ, ਫਿਲਮਕਾਰਾਂ, ਵਿਗਿਆਨੀਆਂ ਅਤੇ ਇਤਿਹਾਸਕਾਰਾਂ ਨੇ ਸਾਹਿਤ ਅਕਾਡਮੀ ਤੇ ਸਰਕਾਰ ਨੂੰ ਆਇਨਾ ਦਿਖਾਇਆ। ਸਾਹਿਤ ਅਕੈਡਮੀ ਦੀ ਜਨਰਲ ਕੌਂਸਲ ਤੋਂ ਕਈ ਸਾਹਿਤਕਾਰਾਂ ਨੇ ਅਸਤੀਫ਼ੇ ਦੇ ਦਿੱਤੇ। ਕੁਝ ਨੇ ਪਦਮ ਭੂਸ਼ਣ ਤੇ ਪਦਮ ਸ਼੍ਰੀ ਵੀ ਰਾਸ਼ਟਰਪਤੀ ਨੂੰ ਭੇਜ ਦਿੱਤੇ।

ਪੰਜਾਬੀ ਲੇਖਕਾਂ ਵਿਚੋਂ ਗੁਰਬਚਨ ਭੁੱਲਰ ਨੇ ਸਨਮਾਨ ਵਾਪਿਸ ਕਰਨ ਦੀ ਪਹਿਲ ਕੀਤੀ। ਉਸਤੋਂ ਬਾਦ ਸੁਰਜੀਤ ਪਾਤਰ, ਦਰਸ਼ਨ ਬੁੱਟਰ, ਬਲਦੇਵ ਸੜਕਨਾਮਾ, ਜਸਵਿੰਦਰ ਗਲਜ਼ਗੋ, ਵਰਿਆਮ ਸੰਧੂ, ਮੋਹਨ ਭੰਡਾਰੀ, ਅਜਮੇਰ ਔਲਖ, ਤੇ ਆਤਮਜੀਤ ਨੇ ਸਾਹਿਤ ਅਕੈਡਮੀ ਦੇ ਸਨਮਾਨ ਵਾਪਿਸ ਕੀਤੇ ਅਤੇ ਦਲੀਪ ਕੌਰ ਟਿਵਾਣਾ ਨੇ ਪਦਮ ਸ਼੍ਰੀ ਸਨਮਾਨ ਵਾਪਿਸ ਕਰ ਦਿੱਤਾ।

ਕਿਸੇ ਵੀ ਹੋਰ ਭਾਰਤੀ ਸੂਬੇ ਤੋਂ ਵਧੇਰੇ ਪੰਜਾਬ ਦੇ ਲੇਖਕਾਂ ਨੇ ਸਨਮਾਨ ਵਾਪਸੀ ਵਿਚ ਆਪਣਾ ਹਿੱਸਾ ਪਾਇਆ। ਇਸ ਸੰਦਰਭ ਵਿਚ ਇਕ ਸੁਆਲ ਉਠਾਇਆ ਗਿਆ ਕਿ ਸਾਹਿਤ ਅਕੈਡਮੀ ਸੁਤੰਤਰ ਅਦਾਰਾ ਹੈ ਇਸ ਲਈ ਇਸਦਾ ਰਾਜਨੀਤੀਕਰਣ ਨਹੀਂ ਹੋਣਾ ਚਾਹੀਦਾ ਪਰ ਇਸ ਸੁਤੰਤਰ ਅਦਾਰੇ ਨੇ ਆਪਣੀ ਵਲੋਂ ਸਨਮਾਨਿਤ, ਕੌਂਸਲ ਦੇ ਮੈਂਬਰ ਅਤੇ ਪੂਰਵ ਕੁਲਪਤੀ ਐਮ. ਐਮ. ਕੁਲਬਰਗੀ ਦੇ ਕਤਲ ਤੇ ਸੋਗ ਦਾ ਮਤਾ ਵੀ ਪਾਸ ਨਾ ਕੀਤਾ। ਜਦੋਂ ਜ਼ੋਰਦਾਰ ਮੰਗ ਉੱਠੀ ਤਾਂ ਡਾਇਰੈਕਟਰ ਨੇ ਸਾਹਿਤ ਅਕੈਡਮੀ ਦੀ ਕੌਂਸਲ ਦੀ ਮੀਟਿੰਗ ਬੁਲਾ ਕੇ ਸ਼ੋਕ ਮਤਾ ਪਾਸ ਕਰਵਾਇਆ ਅਤੇ ਅਸਿਹਣਸ਼ੀਲਤਾ ਦੀ ਨਿੰਦਿਆ ਵੀ ਕੀਤੀ ਗਈ। ਮੀਟਿੰਗ ਵਾਲੇ ਦਿਨ ਲੇਖਕਾਂ ਨੇ ਸਾਮੂਹਿਕ ਰੂਪ ਵਿਚ ਸਨਮਾਨ ਵਾਪਸ ਕਰਨ ਲਈ ਪ੍ਰਦਰਸ਼ਨ ਕੀਤਾ। ਵਿਰੋਧ ਵਿਚ ਕੁਝ ਸੱਤਾ ਦੇ ਸਮਰਥੱਕ ਲੇਖਕਾਂ ਨੇ ਸਨਮਾਨ ਮੋੜਨ ਵਾਲਿਆਂ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ। ਆਰ. ਐਸ ਐਸ ਦੇ ਇਕ ਬੁਲਾਰੇ ਨੇ ਸਨਮਾਨ ਵਾਪਿਸ ਕਰਨ ਵਾਲ਼ੇ ਲੇਖਕਾਂ ਨੂੰ ਗੈਂਗ ਤਕ ਕਹਿ ਦਿੱਤਾ। ਗੈਂਗ ਅਪਰਾਧੀਆਂ ਦੇ ਹੁੰਦੇ ਹਨ, ਲੇਖਕਾਂ ਦੀਆ ਜੱਥੇਬੰਦੀਆ ਹੁੰਦੀਆ ਹਨ।

ਲੇਖਕਾਂ ਨੂੰ ਗੁੱਠੇ ਲਾਉਣ ਲਈ ਇਹ ਕਿਹਾ ਗਿਆ ਕਿ ਇਨ੍ਹਾਂ ਨੇ ਐਮਰਜੈਂਸੀ ਵੇਲੇ ਜਾਂ 1984 ਵਿਚ ਸਨਮਾਨ ਵਾਪਿਸ ਕਿਉਂ ਨਾ ਕੀਤੇ? ਪਹਿਲੀ ਗੱਲ ਯਾਦ ਰੱਖਣ ਵਾਲ਼ੀ ਇਹਾ ਹੈ ਕਿ ਹਰ ਸਮੇਂ ਵਿਰੋਧ ਦਾ ਢੰਗ ਇਕੋ ਜਿਹਾ ਨਹੀਂ ਹੁੰਦਾ। ਜੇ ਅੱਜ ਸਨਮਾਨ ਮੋੜੇ ਗਏ ਹਨ ਤਾਂ ਕਲ੍ਹ ਨੂੰ ਮਰਨ ਵਰਤ ਵੀ ਰੱਖੇ ਜਾ ਸਕਦੇ ਹਨ।

ਐਮਰਜੈਂਸੀ ਵੇਲੇ ਕਾਂਗਰਸ ਅਤੇ ਇਕ ਖੱਬੀ ਧਿਰ ਨੂੰ ਛੱਡ ਕੇ ਸਾਰੀ ਵਿਰੋਧੀ ਧਿਰ ਜੇਲ੍ਹਾਂ ਵਿਚ ਬੰਦ ਕੀਤੀ ਗਈ। ਇਨ੍ਹਾਂ ਧਿਰਾਂ ਨਾਲ਼ ਜੁੜੇ ਅਤੇ ਐਮਰਜੈਂਸੀ ਦਾ ਵਿਰੋਧ ਕਰਨ ਵਾਲ਼ੇ ਲੇਖਕਾਂ ਨੂੰ ਵੀ ਜੇਲ੍ਹਾਂ ਵਿਚ ਜਾਣਾ ਪਿਆ। ਇੱਥੇ ਉਦਾਹਰਣ ਹਿੰਦੀ ਲੇਖਕ ਨਾਗਾਰਜੁਨ ਅਤੇ ਫਣੀਸ਼ਵਰ ਨਾਥ ਰੈਣੂ ਅਤੇ ਪੰਜਾਬੀ ਦੇ ਲੇਖਕਾਂ ਹਰਭਜਨ ਸਿੰਘ ਹੁੰਦਲ਼ ਅਤੇ ਗੁਰਸ਼ਰਨ ਸਿੰਘ ਦੀ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦੀਆ ਰਚਨਾਵਾਂ ਦੇ ਅਰਥ ਸਿਪਾਹੀ ਕਰਦੇ ਰਹੇ ਹਨ।

ਹੁਣ ਗੱਲ ਅਤਿਵਾਦ ਦੇ ਦੌਰ ਦੀ। ਦਰਬਾਰ ਸਾਹਿਬ ਉਪਰ ਬਲਿਊ ਸਟਾਰ ਦੇ ਆਰ ਪਾਰ ਪੰਜਾਬ ਦਾ ਕਾਲ਼ਾ ਦੌਰ ਫੈਲਿਆ ਹੋਇਆ ਹੈ। ਸਰਕਾਰੀ ਤੰਤਰ ਅਤੇ ਅਤਿਵਾਦ ਵਿਚ ਪਿਸਦੇ ਪੰਜਾਬ ਦੌਰਾਨ ਪੰਜਾਬੀ ਲੇਖਕ ਦੋਨਾਂ ਤਰ੍ਹਾਂ ਦੇ ਨਰ ਸੰਘਾਰ ਨੂੰ ਨਿੰਦਦਾ ਹੈ। ਲੇਖਕ ਦੋਨਾਂ ਦੇ ਨਿਸ਼ਾਨੇ ਉਪਰ ਹੈ। ਡਾ. ਰਵਿੰਦਰ ਰਵੀ, ਵਿਸ਼ਵਨਾਥ ਤਿਵਾੜੀ, ਪਾਸ਼, ਪੱਡਾ ਅਤੇ ਸੁਮੀਤ ਵਰਗੇ ਉੱਚ ਕੱਦ ਦੇ ਲੇਖਕਾਂ ਨੂੰ ਅਤਿਵਾਦੀਆਂ ਦੀਆਂ ਗੋਲ਼ੀਆ ਦਾ ਸ਼ਿਕਾਰ ਹੋਣਾ ਪਿਆ।

ਇਸ ਦੌਰ ਵਿਚ ਲੇਖਕਾਂ ਨੇ ਜਾਨਾਂ ਵਾਰੀਆਂ, ਮਾਣ ਸਨਮਾਨ ਤਾਂ ਬਹੁਤ ਉਰੇ ਦੀ ਚੀਜ਼ ਹੈ। ਇਕ ਪਾਸੜੀ ਸੋਚ ਵਾਲ਼ੇ ਇਸ ਦੌਰ ਨੂੰ ਓਪਰੇਸ਼ਨ ਬਲੀਊ ਸਟਾਰ ਜਾਂ ਦਿੱਲੀ ਦੇ ਕਤਲਿਆਮ ਤੱਕ ਘਟਾ ਕੇ ਰੱਖ ਦਿੰਦੇ ਹਨ। ਲੇਖਕਾਂ ਨੇ ਖ਼ਾਸ ਤੌਰ ਤੇ ਜਿਨ੍ਹਾਂ ਨੇ ਦਿੱਲੀ ਦਾ ਸਭ ਕੁਝ ਦੇਖਿਆ ਉਸਨੂੰ ਨਿੰਦਿਆ। ਰਾਜੀਵ ਗਾਂਧੀ ਦੀ ਇਸ ਟਿੱਪਣੀ ਨੂੰ ਪੰਜਾਬੀ ਲੇਖਕਾਂ ਨੇ ਜਿਨਾਂ ਨਿੰਦਿਆ ਅਤੇ ਵਿਅੰਗ ਦਾ ਸ਼ਿਕਾਰ ਬਣਾਇਆ ਓਨਾ ਸ਼ਾਇਦਿ ਹੋਰ ਕਿਸੇ ਟਿੱਪਣੀ ਨੂੰ ਨਹੀਂ ਕਿ ਜਦੋਂ ਇਕ ਵੱਡਾ ਦਰਖ਼ਤ ਗਿਰਦਾ ਹੈ ਤਾਂ ਧਰਤੀ ਹਿੱਲਦੀ ਹੈ। ਅੱਜ ਵੀ ਉਨ੍ਹਾਂ ਦਿਨਾਂ ਦਾ ਕਾਲ਼ਾ ਸਾਇਆ ਪੰਜਾਬੀ ਸਾਹਿਤ ਉਪਰ ਪੈ ਰਿਹਾ ਹੈ। ਜਿੰਨੀ ਬੋਲਣ. ਖਾਣ. ਪਹਿਨਣ ਦੀ ਆਜ਼ਾਦੀ ਅੱਜ ਖ਼ਤਰੇ ਵਿਚ ਹੈ ਓਨੀ ਹੀ ਕਾਲ਼ੇ ਦੌਰ ਵਿਚ ਸੀ। ਖਾਲਿਸਤਾਨੀ ਕੋਡ-ਕੁੜੀਆਂ ਨੇ ਕੀ ਪਾਉਣਾ ਹੈ, ਦਾੜ੍ਹੀ ਬੰਨਣੀ ਹੈ ਕਿ ਖੁਲ੍ਹੀ ਛੱਡਣੀ ਹੈ, ਕੀ ਲਿਖਣਾ ਹੈ ਆਏ ਰੋਜ਼ ਜਾਰੀ ਕੀਤੇ ਜਾਂਦੇ ਸਨ। ਅਜਿਹੇ ਗਰੁੱਪ ਬਣਾਏ ਗਏ ਜੋ ਲਿਖਾਰੀਆਂ ਦੀਆਂ ਲਿਖਤਾਂ ਉਪਰ ਨਜ਼ਰ ਰੱਖਦੇ ਸਨ ਕਿ ਸਮਾਂ ਆਉਣ ਤੇ ਉਨ੍ਹਾਂ ਨੂੰ ਸੋਧਿਆ ਜਾ ਸਕੇ। ਉਨ੍ਹਾਂ ਵਲੋਂ ਇਨ੍ਹਾਂ ਆਦੇਸ਼ਾਂ ਕਾਰਣ ਹੀ ਕਈ ਪੰਜਾਬੀ ਲੇਖਕ ਹਿੱਟ ਲਿਸਟ ਤੇ ਸਨ। ਫਿਰ ਵੀ ਸਿੱਧੇ ਜਾਂ ਲੁਕਵੇਂ ਢੰਗ ਨਾਲ਼ ਲੇਖਕ ਲਿਖਦਾ ਰਿਹਾ ਬੋਲਦਾ ਰਿਹਾ।

ਪੰਜਾਬ ਦੇ ਅਤਿਵਾਦੀਆ ਵਾਂਗ ਬੀਜੇਪੀ ਤੇ ਆਰ. ਐਸ. ਐਸ. ਦੇ ਬੁਲਾਰਿਆਂ ਨੇ ਵੀ ਹਮਲਾਵਰ ਰੁਖ਼ ਅਪਨਾ ਕੇ ਤਰਕ ਨੂੰ ਚੁੱਪ ਕਰਵਾਉਣ ਦੀ ਪੂਰੀ ਵਾਹ ਲਾਈ। ਪਰ ਲੇਖਕਾਂ ਨੇ ਸਨਮਾਨ ਵਾਪਿਸ ਕਰਦਿਆਂ ਖਾਣ-ਪੀਣ, ਪਹਿਨਣ, ਬੋਲਣ ਅਤੇ ਨਿੱਜੀ ਪਿਆਰ ਕਰਨ ਦੀ ਆਜ਼ਾਦੀ ਉਪਰ ਪਹਿਰਾ ਦਿੱਤਾ। ਵਿਰੋਧੀਆ ਵਿਚੋਂ ਅਨੂਪਮ ਖੇਰ ਲੇਖਕਾਂ ਨੂੰ ਲਤਾੜਣ ਲਈ ਸਭ ਤੋਂ ਅੱਗੇ ਰਿਹਾ। ਜਦੋਂ ਉਸਨੇ ਚਾਰ ਪੰਜ ਲੇਖਕਾਂ ਅਤੇ ਆਰ. ਐਸ. ਐਸ. ਦੀ ਸੈਨਾ ਨਾਲ਼ ਪ੍ਰਧਾਨ ਮੰਤਰੀ ਵਲ ਕੂਚ ਕੀਤਾ ਤਾਂ ਉਸਦੇ ਕਾਫ਼ਲੇ ਵਿਚ ਭਾਰਤ ਮਾਤਾ ਦੇ ਜੈ ਦੇ ਨਾਅਰੇ ਲੱਗ ਰਹੇ ਸਨ। ਹੁੱਲੜਬਾਜ਼ਾਂ ਨੇ ਪੱਤਰਕਾਰਾਂ ਨਾਲ਼ ਬਦਤਮੀਜ਼ੀ ਕੀਤੀ ਜਿਸ ਤੇ ਖੇਰ ਨੂੰ ਮੁਆਫ਼ੀ ਮੰਗਣੀ ਪਈ। ਪ੍ਰਧਾਨ ਮੰਤਰੀ ਨੂੰ ਮਿਲ਼ ਕੇ ਉਸਨੇ ਕੀ ਗੱਲ ਬਾਤ ਕੀਤੀ ਇਹ ਅਤੇ ਤਕ ਰਹੱਸ ਹੀ ਹੈ।

ਲੇਖਕਾਂ ਦੇ ਹੱਕ ਵਿਚ ਤਿੰਨ ਬਾਰ ਅਸਿੱਧੇ ਢੰਗ ਨਾਲ਼ ਰਾਸ਼ਟਰਪਤੀ ਪ੍ਰਣਵ ਮੁਕਰਜੀ ਨੂੰ ਬੋਲਣਾ ਪਿਆ। 150 ਦੇਸ਼ਾਂ ਦੇ ਲੇਖਕਾਂ ਦੀ ਸੰਸਥਾ ਪੈਨ (ਫਓਂ) ਇਨ੍ਹਾਂ ਲੇਖਕਾਂ ਦੇ ਹੱਕ ਵਿਚ ਆਈ। ਗੁਲਜ਼ਾਰ, ਕੁਲਦੀਪ ਨਈਅਰ ਨੇ ਸਖ਼ਤ ਵਿਰੋਧ ਦੇ ਬਾਵਜੂਦ ਆਪਣਾ ਪੱਖ ਰੱਖਣਾ ਜਾਰੀ ਰੱਖਿਆ। ਪ੍ਰਿੰਟ ਮੀਡੀਆ ਅਤੇ ਕੁਝ ਚੈਨਲਾਂ ਨੇ ਵੀ ਲੇਖਕਾਂ ਨੂੰ ਬਣਦੀ ਆਵਾਜ਼ ਦਿੱਤੀ। ਭਾਵੇਂ ਨਿਰਪੱਖਤਾ ਦੇ ਨਾਂ ਤੇ ਵਿਰੋਧੀ ਹਮਲਿਆ ਨੂੰ ਵੀ ਉਤਸ਼ਾਹਿਤ ਕੀਤਾ। ਆਰ. ਬੀ. ਆਈ. ਦੇ ਗਵਰਨਰ ਅਤੇ ਅੰਤਰਰਾਸ਼ਟਰੀ ਸੰਸਥਾ ਮੂਡੀ ਨੇ ਵੀ ਸਰਕਾਰ ਨੂੰ ਅਸਹਿਣਸ਼ੀਲ ਮਾਹੌਲ ਦੇ ਭੈੜੇ ਨਤੀਜਿਆਂ ਪ੍ਰਤਿ ਸੁਚੇਤ ਕੀਤਾ। ਇਨਾਮ ਸਨਮਾਨ ਵਾਪਸੀ ਤੋਂ ਬਾਦ ਵੀ ਲੇਖਕ ਚੁੱਪ ਨਹੀਂ ਬੈਠੇ। ਉਨ੍ਹਾਂ ਨੇ ਆਪਣੇ ਅਖ਼ਬਾਰੀ ਲੇਖਾਂ ਰਾਹੀਂ, ਸਾਹਿਤ ਸਭਾਵਾਂ ਦੇ ਸੈਮੀਨਾਰਾਂ ਵਿਚ ਆਪਣਾ ਪੱਖ ਰੱਖ ਕੇ ਹੋਰਨਾਂ ਨੂੰ ਚੇਤੰਨ ਕਰਨ ਦਾ ਕੰਮ ਜਾਰੀ ਰੱਖਿਆ ਹੈ।

ਕੇਂਦਰੀ ਸਭਾਵਾਂ ਤੇ ਅਕੈਡਮੀਆਂ ਲਗਾਤਾਰ ਆਪਣਾ ਪੱਖ ਰੱਖ ਰਹੀਆ ਹਨ। ਜਲੰਧਰ (ਦੋ ਸੈਮੀਨਾਰ), ਨੂਰ ਮਹਿਲ, ਗੁਰਦਾਸਪੁਰ, ਬਠਿੰਡਾ, ਜੰਮੂ ਤੇ ਹੋਰ ਥਾਵਾਂ ਦੀਆਂ ਸਾਹਿਤ ਸਭਾਵਾਂ ਨੇ ਕੇਂਦਰੀ ਸਭਾ ਨਾਲ਼ ਮਿਲ਼ ਕੇ ਸਨਮਾਨ ਵਾਪਿਸ ਕਰਨ ਵਾਲ਼ੇ ਲੇਖਕਾਂ ਦਾ ਭਰਪੂਰ ਸਮਰਥੱਨ ਕੀਤਾ। ਦੇਸ਼ ਪੱਧਰ ਤੇ ਬਣੀ ਅਸਿਹਿਣਸ਼ੀਲਤਾ ਪੰਜਾਬ ਵਿਚ ਵੀ ਕਿਵੇਂ ਪੈਰ ਪਸਾਰ ਰਹੀ ਹੈ ਇਸ ਨੂੰ ਸਮਝਣ ਦਾ ਵੀ ਯਤਨ ਹੋ ਰਿਹਾ ਹੈ। ਗੱਲ ਕੀ ਸਮੁੱਚਾ ਪੰਜਾਬੀ ਲੇਖਕ ਭਾਈਚਾਰਾ ਇਕ ਮੁੱਠ ਦਿਖਾਈ ਦਿੱਤਾ। ਛੋਟੇ ਛੋਟੇ ਕਿੰਤੂ ਪ੍ਰੰਤੂ ਵੀ ਹੋਏ ਪਰ ਉਨਹਾਂ ਵਲ ਵਧਰੇ ਧਿਆਨ ਨਹੀਂ ਦਿੱਤਾ ਗਿਆ। ਲੇਖਕਾਂ ਦੇ ਦਬਾਅ ਅਤੇ ਤਿੱਖੇ ਰਾਜਨੀਤਕ ਵਿਰੋਧ ਦੇ ਚਲਦੇ ਇਹ ਮੁੱਦਾ ਪਾਰਲੀਮੈਂਟ ਤਕ ਪਹੁੰਚਾ ਗਿਆ। ਵਿਰੋਧੀ ਪੱਖ ਨੇ ਸੱਤਾ ਪੱਖ ਨੂੰ ਪੂਰੀ ਤਰ੍ਹਾਂ ਬੇਪਰਦ ਕੀਤਾ। ਪਰ ਹਾਲੇ ਵੀ ਸੱਤਾ ਪੱਖ ਉਪਰੋਂ ਉਪਰੋਂ ਇਸ ਮੁੱਦੇ ਨੂੰ ਬਨਾਵਟੀ ਹੀ ਮੰਨਦਾ ਹੈ। ਲੇਕਿਨ ਇਸ ਬਹਿਸ ਤੋਂ ਬਾਦ ਉਨ੍ਹਾਂ ਸਾਰੇ ਫਾਇਰ ਬਰਾਂਡ ਨੇਤਾਵਾਂ ਅਤੇ ਸਾਧਵੀਆਂ ਨੂੰ ਨੱਥ ਪਾਈ ਗਈ ਜੋ ਹਰ ਦਿਨ ਇਸ ਮਾਹੌਲ ਨੂੰ ਡਰਾਉਣੇ ਤੋਂ ਡਰਾਉਣਾ ਬਣਾ ਰਹੇ ਸਨ। ਪਰ ਹੁਣ ਆਰ. ਐਸ. ਐਸ. ਅਤੇ ਉਸਦੇ ਰਹਿ ਚੁੱਕੇ ਪ੍ਰਚਾਰਕ ਗਵਰਨਰ ਪੁੱਠੇ ਬਿਆਨ ਦੇਣ ਲੱਗੇ ਹਨ ਜਿਵੇਂ ਤ੍ਰਿਪੁਰਾ ਦਾ ਗਵਰਨਰ ਕਹਿੰਦਾ ਹੈ ਕਿ ਮੁਲਮਾਨਾਂ ਨੂੰ ਸੂਰ ਦਾ ਮਾਸ ਖਾਣਾ ਚਾਹੀਦਾ ਹੈ। ਆਰ ਐਸ ਨੇ ਹੁਣ ਬਾਰ ਬਾਰ ਰਾਮ ਮੰਦਿਰ ਦਾ ਮੁੱਦਾ ਉਭਾਰਨਾ ਸ਼ੁਰੂ ਕਰ ਦਿੱਤਾ ਹੈ। ਸਪੱਸ਼ਟ ਹੈ ਕਿ ਆਰ. ਐਸ. ਐਸ. ਆਪਣਾ ਏਜੰਡਾ ਕਦੇ ਵੀ ਛੱਡੇਗਾ ਨਹੀਂ। ਲੇਖਕਾਂ ਨੂੰ ਇਨ੍ਹਾਂ ਸਾਰੇ ਹਾਲਾਤ ਤੇ ਬਾਜ਼ ਅੱਖ ਰੱਖਣੀ ਪਵੇਗੀ। ਨਾਲ਼ ਹੀ ਖੁੰਦਕੀਆਂ ਵਲੋਂ ਛੋਟੇ ਮੋਟੇ ਨਿੱਜੀ ਕਿਸਮ ਦੇ ਸਵਾਲਾਂ ਨਾਲ਼ ਵੀ ਨਜਿੱਠਣਾ ਹੋਵੇਗਾ।

# ਕਿਵੇਂ ਸਵੱਛ ਹੋਵੇ ਗੁਰੂ ਕੀ ਨਗਰੀ, ਸ੍ਰੀ ਅੰਮ੍ਰਿਤਸਰ ਸਾਹਿਬ?



ਡਾ. ਚਰਨਜੀਤ ਸਿੰਘ ਗੁਮਟਾਲਾ
9417533060

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਿਫ਼ਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਅਣਗਿਣਤ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਅਲੌਕਿਕ ਨਜ਼ਾਰੇ ਨੂੰ ਜਿਹੜਾ ਵੇਖਦਾ ਹੈ, ਉਹ ਅਸ਼-ਅਸ਼ ਕਰ ਉੱਠਦਾ ਹੈ। ਅਮਰੀਕਾ, ਕੈਨੇਡਾ ਆਦਿ ਵਿਚ ਗੋਰੇ, ਜਾਂ ਗੋਰੀਆਂ ਪੀ ਟੀ ਸੀ ਚੈਨਲ ’ਤੇ ਚਲ ਰਹੇ ਪ੍ਰੋਗਰਾਮ ਨੂੰ ਵੇਖ ਕੇ ਅਚੰਭਤ ਹੋ ਜਾਂਦੇ ਹਨ ਤੇ ਕਹਿ ਉਠਦੇ ਹਨ, ‘ਇਟ ਇਜ਼ ਏ ਵੰਡਰਫੁਲ ਪਲੇਸ’ (ਇਹ ਸ਼ਾਨਦਾਰ ਜਗਾਹ ਹੈ)। ਪਰ ਜਦ ਯਾਤਰੂ ਇੱਥੇ ਸੁਪਨੇ ਲੈ ਕੇ ਆਉਂਦੇ ਹਨ ਤਾਂ ਸ਼ਹਿਰ ਅੰਦਰ ਗ਼ੰਦਗੀ , ਟ੍ਰੈਫ਼ਿਕ , ਸੜਕਾਂ ਆਦਿ ਦੀ ਦੁਰ ਦਸ਼ਾ ਵੇਖ ਕੇ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਹਿੰਦ ਪਾਕ ਮੇਲੇ ’ਤੇ ਪਾਕਿਸਤਾਨ ਦੇ ਇਕ ਆਗੂ ਨੇ ਭਰੀ ਸਟੇਜ ’ਤੇ ਕਿਹਾ ਸੀ ਕਿ ਮੈਂ ਸੋਚਿਆ ਸੀ ਕਿ ਮੈਂ ਸਿੱਖਾਂ ਦੇ ਪਵਿੱਤਰ ਸ਼ਹਿਰ ਜਾ ਰਿਹਾ ਹਾਂ, ਉਹ ਸ਼ਹਿਰ ਲਾਹੌਰ ਨਾਲੋਂ ਵੀ ਕਿਤੇ ਵਧੀਆ ਤੇ ਖ਼ੂਬਸੂਰਤ ਹੋਵੇਗਾ ਪਰ ਇੱਥੇ ਆ ਕੇ ਟੁੱਟੀਆਂ ਸੜਕਾਂ ਤੇ ਗੰਦਗੀ ਵੇਖ ਕੇ ਮਨ ਨੂੰ ਬਹੁਤ ਦੁੱਖ ਹੋਇਆ । ਉਸ ਨੇ ਅਪੀਲ ਕੀਤੀ ਸੀ ਕਿ ਸਰਕਾਰ ਨੂੰ ਇਸ ਨੂੰ ਖ਼ੂਬਸੂਰਤ ਸ਼ਹਿਰ ਬਨਾਉਣਾ ਚਾਹੀਦਾ ਹੈ। 2002 ਵਿਚ ਹਾਲੈਂਡ ਤੋਂ ਇਕ ਸਮਾਜ ਸੇਵੀ ਸੰਸਥਾ ਦਾ ਵਫ਼ਦ ਆਇਆ, ਉਸ ਨੇ ਇਸ ਸ਼ਹਿਰ ਦੀ ਸਫ਼ਓਮਪ;ਾਈ ਦੀ ਮੰਦੀ ਹਾਲਤ ਵੇਖੀ ਤੇ ਇਸ ਨੂੰ ਸਾਫ਼^ਸੁਥਰਾ ਸ਼ਹਿਰ ਬਨਾਉਣ ਦਾ ਬੀੜਾ ਚੁੱਕਿਆ।

ਉਨ੍ਹਾਂ ਨੇ ਆਪਣੇ ਖਰਚੇ ’ਤੇ 2003 ਵਿਚ ਉਸ ਸਮੇਂ ਦੇ ਮੇਅਰ ਤੇ ਹੋਰ ਅਧਿਕਾਰੀਆਂ ਨੂੰ ਹਾਲੈਂਡ ਤੇ ਜਰਮਨੀ ਵਿਖਾਇਆ ਕਿ ਕਿਵੇਂ ਇਨ੍ਹਾਂ ਦੇਸ਼ਾਂ ਵਿਚ ਸ਼ਹਿਰਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ। ਉਹ ਇਸ ਲੇਖਕ ਨੂੰ ਨਾਲ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨੂੰ ਮਿਲੇ। ਉਨ੍ਹਾਂ ਨੇ ਸਫ਼ਾਈ ਬਾਰੇ ਆਪਣੇ ਸੁਝਾਅ ਦਿੱਤੇ। ਉਨ੍ਹਾਂ ਵੇਖਿਆ ਕਿ ਇਥੋਂ ਦੀ ਨਗਰ ਨਿਗਮ ਨੂੰ ਕੋਈ ਦਿਲਚਸਪੀ ਨਹੀਂ, ਇਸ ਲਈ ਉਨ੍ਹਾਂ ਨੇ ਕੁਝ ਸਾਲਾਂ ਪਿੱਛੋਂ ਇਥੇ ਆਉਂਣਾ ਬੰਦ ਕਰ ਦਿੱਤਾ। ਅਮਰੀਕਾ ਦੇ ਪ੍ਰਸਿੱਧ ਸਿੱਖ ਚਿੰਤਕ ਡਾ. ਰਾਜਵੰਤ ਸਿੰਘ ਨੇ ਆਪਣੀ ਸੰਸਥਾ ਈਕੋ ਸਿੱਖ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹੋਈਆਂ ਹਨ।

ਇਨ੍ਹਾਂ ਦਿਨਾਂ ਵਿਚ ਜੋ ਸਵੱਛ ਭਾਰਤ ਦਾ ਸਰਵੇ ਆਇਆ ਹੈ ਉਸ ਵਿਚ 476 ਸ਼ਹਿਰਾਂ ਵਿਚੋਂ ਗੁਰੂ ਕੀ ਨਗਰੀ ਦਾ 430ਵਾਂ ਸਥਾਨ ਆਇਆ ਹੈ। ਅਮਰੀਕੀ ਚੈਨਲਾਂ ਸਮੇਤ ਵਿਸ਼ਵ ਭਰ ਦੇ ਮੀਡਿਆ ਨੇ ਇਸ ਦਾ ਨੋਟਿਸ ਲੈ ਕੇ ਪੰਜਾਬ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਹੈ।ਸ਼ਹਿਰ ਦੀ ਸਫ਼ਓਮਪ;ਾਈ ਦਾ ਮੰਦਾ ਹਾਲ ਦਾ ਨੋਟਿਸ ਲੈਂਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਪਿੰਡਾਂ ਦੀਆਂ ਪੰਚਾਇਤਾਂ ਪਾਸੋਂ ਸੂਚੀਆਂ ਮੰਗੀਆਂ ਹਨ। ਪਰ ਪੁੱਛਣਾ ਬਣਦਾ ਹੈ ਕਿ ਜੇ ਪਿੰਡਾਂ ਤੋਂ ਆ ਕੇ ਸੰਗਤ ਨੇ ਸਫ਼ਾਈ ਕਰਨੀ ਹੈ ਤਾਂ ਪੰਜਾਬ ਸਰਕਾਰ ਨੇ ਜਿਹੜਾ ਸਥਾਨਕ ਸਰਕਾਰ ਵਿਭਾਗ ਖੋਲਿਆ ਹੋਇਆ ਹੈ, ਉਹ ਕਾਹਦੇ ਲਈ ਹੈ?

ਪਿਛਲੇ ਕਈ ਸਾਲਾਂ ਤੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ ਕਿ 1999 ਪ੍ਰਦੂਸ਼ਣ ਕੰਟਰੋਲ ਕਮੇਟੀ ਅੰਮ੍ਰਿਤਸਰ ਦੀ ਜਨਹਿਤ ਪਟੀਸ਼ਨ ’ਤੇ ਮਾਨਯੋਗ ਹਾਈਕੋਰਟ ਨੇ ਦਸੰਬਰ 2008 ਵਿਚ ਨਗਰ ਨਿਗਮ, ਅੰਮ੍ਰਿਤਸਰ ਨੂੰ ਹਰ ਘਰ ਤੋਂ ਰੋਜ਼ਾਨਾ ਕੂੜਾ ਚੁੱਕਣ ਦੇ ਆਦੇਸ਼ ਦਿੱਤੇ ਸਨ। ਐਨਟੈਨੀ ਕੰਪਨੀ ਨੇ 2009 ਵਿਚ ਘਰ ਘਰ ਤੋਂ ਕੂੜਾ ਚੁੱਕਣਾ ਸ਼ੁਰੂ ਕੀਤਾ ਜਿਸ ਨਾਲ ਸ਼ਹਿਰ ਦੇ ਬਾਹਰਲੇ ਇਲਾਕੇ ਜਿਹੜੇ ਉਸ ਨੂੰ ਦਿੱਤੇ ਗਏ ਸਾਫ਼^ਸੁਥਰੇ ਹੋ ਗਏ ਤੇ ਸੜਕਾਂ ਉਪਰ ਗੰਦ ਦੇ ਢੇਰ ਲਗਣੇ ਬੰਦ ਹੋ ਗਏ। ਪਰ ਡੇਢ ਸਾਲ ਬਾਦ ਇਹ ਕੰਪਨੀ ਭੱਜ ਗਈ ਕਿਉਂਕਿ ਨਗਰ ਨਿਗਮ ਨੇ ਉਸ ਨੂੰ ਪੈਸੇ ਦੇਣੇ ਬੰਦ ਕਰ ਦਿੱਤੇ। ਇਸ ਤੋਂ ਬਾਦ ਇਨ੍ਹਾਂ ਨੇ ਕੋਈ ਉਪਰਾਲਾ ਨਹੀਂ ਕੀਤਾ।

ਇਸ ਸਰਵੇਖਣ ਦੇ ਬਾਦ ਜਿੱਥੇ ਕੂੜਾ ਸੁੱਟਿਆ ਜਾਂਦਾ ਹੈ, ਉੱਥੇ ਲਗੇ ਗੰਦਗੀ ਦੇ ਢੇਰਾਂ ਦੀਆਂ ਤਸਵੀਰਾਂ ਵੀ ਅਖ਼ਬਾਰਾਂ ਵਿਚ ਛਪੀਆਂ ਹਨ । ਪਿਛਲੇ ਸਾਲ 2 ਨਵੰਬਰ ਤੋਂ ਉਸ ਢੇਰ ਦੇ ਆਲੇ ਦੁਆਲੇ ਦੀਆਂ ਆਬਾਦੀਆਂ ਦੇ ਲੋਕ ਇੱਥੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਸਾਲਡ ਵੇਸਟ ਪਲਾਂਟ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਇਸ ਗੰਦਗੀ ਦੇ ਢੇਰ ਕਰਕੇ ਉਹ ਪ੍ਰਦੂਸ਼ਿਤ ਪਾਣੀ ਪੀ ਰਹੇ ਹਨ ਤੇ ਕਈ ਬਿਮਾਰੀਆਂ ਦਾ ਸ਼ਿਕਾਰ ਹਨ। ਪੰਜਾਬ ਸਰਕਾਰ ਇੱਥੇ ਹੀ ਇਹ ਪਲਾਂਟ ਲਾਉਣ ਲਈ ਬਜਿੱਦ ਹੈ, ਜਿਥੇ ਦੂਜੇ ਸ਼ਹਿਰਾਂ ਦਾ ਕੂੜਾ ਵੀ ਆਵੇਗਾ। ਇਸ ਪਲਾਂਟ ਨੂੰ ਲੈ ਕੇ ਹਲਕੇ ਦੇ ਵਿਧਾਇਕ ਤੇ ਪਾਰਲੀਮੈਂਟਰੀ ਸਕੱਤਰ ਸ. ਇੰਦਰਬੀਰ ਸਿੰਘ ਬੁਲਾਰੀਆ ਤੇ ਪੰਜਾਬ ਸਰਕਾਰ ਆਹਮੋ ਸਾਹਮਣੇ ਹਨ।

ਪਾਰਲੀਮੈਂਟਰੀ ਕਮੇਟੀ ਜਿਸ ਵਿਚ ਪੰਜਾਬ ਤੋਂ ਉਸ ਸਮੇਂ ਦੇ ਪਾਰਲੀਮੈਂਟ ਮੈਂਬਰ ਡਾ.ਮਨੋਹਰ ਸਿੰਘ ਗਿੱਲ, ਡਾ.ਰਤਨ ਸਿੰਘ ਅਜਨਾਲਾ, ਸ੍ਰੀ ਮਹਿੰਦਰ ਸਿੰਘ ਕੇ ਪੀ ਸਮੇਤ 28 ਮੈਂਬਰ ਸਨ ਜਿਨ੍ਹਾਂ ਨੇ 17 ਫਰਵਰੀ 2014 ਨੂੰ ਲੋਕ ਸਭਾ ਵਿਚ ਅਤੇ 13 ਫਰਵਰੀ 2014 ਨੂੰ ਰਾਜ ਸਭਾ ਵਿਚ ਦਿੱਤੀ ਰਿਪੋਰਟ ਵਿਚ ਲਿਖਿਆ ਹੈ ਕਿ ਰਿਹਾਇਸ਼ੀ ਅਬਾ-ਦੀਆਂ ਵਿਚੋਂ ਸਾਲਿਡ ਵੇਸਟ ਪਲਾਂਟ ਹਟਾਏ ਜਾਣ ਕਿਉਂਕਿ ਇਹ ਜ਼ਹਿਰੀਲੀਆਂ ਗੈਸਾਂ ਪੈਦਾ ਕਰਦੇ ਹਨ ਪਰ ਇਸ ਦੇ ਬਾਵਜੂਦ ਪੰਜਾਬ ਸਰਕਾਰ ਬਜਿਦ ਹੈ।ਕਿਉਂਕਿ ਇਹ ਰਿਪੋਰਟ ਕਲ੍ਹ ਨੂੰ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਹੋ ਜਾਂਦੀ ਹੈ ਤਾਂ ਇਹ ਪਲਾਂਟ ਇੱਥੋਂ ਹਟਾਉਣਾ ਪਵੇਗਾ ਇਸ ਲਈ ਹੁਣੇ ਹੀ ਇਹ ਪ੍ਰੋਜੈਕਟ ਦੂਰ ਲਾਇਆ ਜਾਣਾ ਚਾਹੀਦਾ ਹੈ।ਇਸ ਪਲਾਂਟ ਦੀਆਂ ਜਹਿਰੀਲੀਆਂ ਗੈਸਾਂ ਨਾ ਕੇਵਲ ਮਨੁੱਖਾਂ ਲਈ ਸਗੋਂ ਸ੍ਰੀ ਹਰਿਮੰਦਰ ਸਾਹਿਬ ਸਮੇਤ ਦੂਰ-ਦੂਰ ਦੀਆਂ ਇਤਿਹਾਸਕ ਇਮਾਰਤਾਂ ਲਈ ਤਬਾਹਕੁਨ ਸਾਬਤ ਹੋਣਗੀਆਂ।

ਹਾਲ ਹੀ ਵਿਚ ਵਿਸ਼ਵ ਸਿਹਤ ਸੰਸਥਾ ਨੇ ਜੋ ਹਵਾਈ ਪ੍ਰਦੂਸ਼ਣ ਦੀ ਰਿਪੋਰਟ ਜਾਰੀ ਕੀਤੀ ਹੈ, ਉਸ ਅਨੁਸਾਰ ਭਾਰਤ ਵਿਚ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਦਾ 9ਵਾਂ ਸਥਾਨ ਹੈ। ਇਸ ਨਾਲ ਸ੍ਰੀ ਹਰਿਮੰਦਰ ਸਾਹਿਬ ਦਾ ਸੰਗਮਰਮਰ ਪੀਲਾ ਪੈ ਰਿਹਾ ਹੈ।

# ਸਾਹਿਤਕ ਪੈੜਾਂ

## ਨਵਾਂ ਸਾਲ ਮੁਬਾਰਕ (2016)

ਕਮਲ ਬੰਗਾ ਸੈਕਰਾਮੈਂਟੋ 916-897-8570



ਸੱਜਣੋਂ! ਹਰੇਕ ਨੂੰ ਨਵਾਂ ਸਾਲ ਮੁਬਾਰਕ ਹੋਵੇ।
ਮਿੱਤਰੋ ਹਰਿਕ ਨੂੰ ਨਵੀਂ ਛਾਲ ਮੁਬਾਰਕ ਹੋਵੇ।

ਦਿਲਾਂ 'ਚੋਂ ਗਿਲੇ ਸ਼ਿਕਵੇ ਮੁਕਾ ਕੇ ਸਾਰੇ,
ਨਵੀਂ ਦੋਸਤੀ ਨੂੰ ਨਵਾਂ ਸਾਲ ਮੁਬਾਰਕ ਹੋਵੇ।

ਜਿਹੜੇ ਇਕ ਦੂਜੇ ਨੂੰ ਮਿਲਣ ਦੀ ਤਾਂਘ 'ਚ,
ਮਿਲਣ ਵਾਸਤੇ ਨਵਾਂ ਸਾਲ ਮੁਬਾਰਕ ਹੋਵੇ।

ਧਰਤ ਨੇ ਸਾਰੇ ਆਲਮ ਨੂੰ ਜੀਂਦਾ ਰੱਖਿਆ,
ਇਸ ਨੂੰ ਵੀ ਨਵਾਂ ਸਾਲ ਮੁਬਾਰਕ ਹੋਵੇ।

ਲਾਈਆਂ-ਲੜਾਈਆਂ ਜੇ ਬੰਦ ਕਰ ਦੇਵਣ,
ਸ਼ਾਂਤੀ ਵਾਸਤੇ ਨਵਾਂ ਸਾਲ ਮੁਬਾਰਕ ਹੋਵੇ।

ਜਿਹੜੇ ਲਿਖਦੇ ਤੇ ਛਾਪਦੇ ਨੇ ਜੱਗ 'ਤੇ,
ਹਿੰਮਤ ਵਾਸਤੇ ਨਵਾਂ ਸਾਲ ਮੁਬਾਰਕ ਹੋਵੇ।

ਅੱਜਕਲ੍ਹ ਪੱਤਝੜ ਦਾ ਹੈ ਜ਼ੋਰ ਚੁਫੇਰੇ,
ਆਉਣ ਵਾਲੀ ਬਹਾਰ ਨੂੰ ਨਵਾਂ ਸਾਲ ਮੁਬਾਰਕ ਹੋਵੇ।

ਜਿਹੜੇ ਬੱਚੇ-ਜੰਮਣੇ, ਨਵੇਂ ਸਾਲ 'ਚ 'ਕਮਲ'
ਉਹਨਾਂ ਨੂੰ ਵੀ ਤਾਂ ਨਵਾਂ ਸਾਲ ਮੁਬਾਰਕ ਹੋਵੇ।

## ਨਵਾਂ ਸਾਲ ਮੁਬਾਰਕ



ਪਰਦੀਪ ਸਿੰਘ ਬਾਸੀ
ਵੁਲਵਰਹੈਪਟਨ ਯੂ .ਕੇ

ਨਵੇਂ ਸਾਲ ਦੀਆਂ ਹੋਣ ਵਧਾਈਆਂ,
ਸੰਗਤਾਂ ਤੋਂ ਨਾ ਪੈਣ ਜੁਦਾਈਆਂ,
ਰਲ ਬਹਿ ਕੇ ਬਾਣੀ ਗਾ ਲਾਈਏ,
ਨਵਾਂ ਸਾਲ ਮੁਬਾਰਕ, ਖੁਸ਼ੀਆ ਨਾਲ ਚੜ੍ਹਾ ਲਈਏ
ਨਵਾਂ ਸਾਲ ਮੁਬਾਰਕ,.....।
ਗੁਰਦੁਆਰੇ ਹੋਈਏ ਇਕੱਠੇ ,ਸੰਗਤ ਦੇ ਵਿਚ ਹਰਿ ਪ੍ਰਭ ਵਸੇ,
ਗੁਰ ਚਰਨਾਂ ਵਿਚ ਸੀਸ ਨਿਭਾ ਕੇ,ਬਚਨ ਗੁਰੂ ਦੇ ਸੁਣੀਏ ਮਿੱਠੇ,
ਗੁਰਬਾਣੀ ਇਸ ਜਗ ਮੇ ਚਾਨਣ,ਬਾਣੀ ਮੰਨ ਵਸਾ ਲਈਏ,
ਨਵਾਂ ਸਾਲ ਮੁਬਾਰਕ, ਖੁਸ਼ੀਆ ਨਾਲ ਚੜ੍ਹਾ ਲਈਏ,
ਨਵਾਂ ਸਾਲ ਮੁਬਾਰਕ,.....।
ਮੰਦਰਾਂ ,ਚਰਚਾਂ ਦੇ ਵਿਚ ਜਾਈਏ,ਗੁਰੂਦੁਆਰੇ ਦੇਗ ਕਰਾਈਏ,
ਭੇਟਾ ਧਰ ਕੇ ਸੇਵਾ ਕਰੀਏ,ਨਵੇਂ ਸਾਲ ਅਰਦਾਸ ਕਰਾਈਏ,
ਪੰਦਰਾਂ ਦੇ ਵਿਚ ਜੋ ਕੁਝ ਹੋਇਆ, ਕਹਿ ਕੇ ਰਜਾ ਮਨਾ ਲਈਏ,
ਨਵਾਂ ਸਾਲ ਮੁਬਾਰਕ, ਖੁਸ਼ੀਆ ਨਾਲ ਚੜ੍ਹਾ ਲਈਏ,
ਨਵਾਂ ਸਾਲ ਮੁਬਾਰਕ,.....।

ਨਵੇਂ ਸਾਲ ਦੀਆਂ ਨਵੀਆਂ ਗੱਲਾਂ, ਇਕੱਠੇ ਹੋ ਕੇ ਮਾਰੀਏ ਮੱਲ੍ਹਾਂ,
ਛੋਟਾ ਵੱਡਾ ਇਕ ਬਰਾਬਰ, ਪੱਲੇ ਬੰਨੀਏ ਰੱਬ ਦੀਆਂ ਗੱਲਾਂ,
ਕਿਰਤ ਕਮਾਈ ,ਵੰਡਕੇ ਛੱਕਣਾ, ਪਿਆਰ ਦੀ ਵਕੜੀ ਪਾ ਲਈਏ,
ਨਵਾਂ ਸਾਲ ਮੁਬਾਰਕ, ਖੁਸ਼ੀਆ ਨਾਲ ਚੜ੍ਹਾ ਲਈਏ,
ਨਵਾਂ ਸਾਲ ਮੁਬਾਰਕ,.....।
ਗੁਰੂ ਬੇਅਦਬੀ ਕਦੇ ਨਾ ਹੋਵੇ,ਸਾਡੀਆ ਖੁਸ਼ੀਆ ਨਾ ਕੋਈ ਖੋਵੇ,
ਚੜ੍ਹਦੀ ਕਲਾ ਪੰਥ ਦੀ ਹੋਵੇ,ਹਰ ਇਕ ਸੱਚ ਲਈ ਆਣ ਖਲੋਵੇ,
ਸਭ ਧਰਮਾਂ ਦੀ ਇੱਜ਼ਤ ਹੋਵੇ, 'ਬਾਸੀ' ਸਾਂਝ ਬਣਾ ਲਈਏ,
ਨਵਾਂ ਸਾਲ ਮੁਬਾਰਕ, ਖੁਸ਼ੀਆ ਨਾਲ ਚੜਾ ਲਈਏ,
ਨਵਾਂ ਸਾਲ ਮੁਬਾਰਕ,.....।

## (ਕਵਿਤਾ)

## ਧਰਤ ਪੰਜਾਬ ਦੀ




ਪਰਦੇਸੀ ਮਹਿਬੂਬ ਨੂੰ
ਖਤ ਲਿਖਦਿਆਂ
ਹੁਣ ਨਹੀਂ ਲਿਖਦੀ ਮੈਂ
ਵੰਗਾਂ ਦੀ ਛਣਕਾਰ
ਬਾਰੂਦਾਂ ਦੇ ਸ਼ੋਰ ਵਿੱਚ
ਰੁਲਦੀਆਂ ਨੇ ਚੂੜੀਆਂ
ਕੁੜੀਆਂ ਨਾਲੋਂ ਤਾਂ
ਚਿੜੀਆਂ ਹੀ ਚੰਗੀਆਂ ਨੇ
ਜੋ ਇਕ ਵਾਰ
ਹੋ ਗਈਆਂ ਅਲੋਪ
ਨਹੀਂ ਹੁੰਦੇ
ਪਲ-ਪਲ ਬਲਾਤਕਾਰ
ਹੁਣ ਨਹੀਂ
ਕੁੱਖਾਂ ਵਿੱਚ
ਮੋਈਆਂ ਸੱਖੀਆਂ
ਤੇਰਾ ਨਾਮ
ਨਹੀਂ ਯਾਦ ਕਰਾਉਂਦੀਆਂ
ਹੁਣ ਚਾਚੇ-ਤਾਏ
ਤੇ ਸ਼ਰੀਕਾ ਭਾਈਚਾਰਾ
ਸਭ ਨੂੰ ਖਾ ਗਈ
ਰਾਜਨੀਤੀ
ਹੁਣ ਤਾਂ
ਪਾਰਟੀਬਾਜਾਂ ਨਾਲ ਹੀ ਨੇ
ਰਿਸ਼ਤੇਦਾਰੀਆਂ
ਤੇ ਭਾਈਚਾਰਾ
ਹੁਣ ਨਹੀਂ
ਉਡਾਉਂਦੀ ਮੈਂ
ਬਨੇਰੇ ਤੋਂ ਕਾਂਗ
ਨਹੀਂ ਬਲਾਉਣਾ
ਮੈਂ ਮਾਹੀ
ਆਪਣੇ ਦੇਸ਼
ਕਿਉਂਕਿ
ਹੁਣ ਏ ਦੇਸ਼
ਦੇਸ਼ ਨਹੀਂ ਰਿਹਾ
ਬਣ ਗਿਆ
ਜੇਲਖਾਨਾ
ਤੇ ਬੇਗਾਨੀ ਹੋ ਗਈ
ਧਰਤ ਪੰਜਾਬ ਦੀ
ਮੈਨੂੰ ਚਾਹੀਦੀ ਏ
ਤੇਰੀ ਖੈਰ
ਨਾ ਆਵੀਂ
ਆਪਣੇ ਦੇਸ਼
ਮੇਰੇ ਮਹਿਬੂਬ।

## ਹਰ ਵਰਗ ਦਾ ਖਿਆਲ ਰੱਖਦਿਆਂ ਤਿਆਰ ਕੀਤਾ ਗਿਆ ਸੀ ਭਾਰਤੀ ਸੰਵਿਧਾਨ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਬਾਅਦ ਆਖਰ 15 ਅਗਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ। ਹਰ ਅਜ਼ਾਦ ਦੇਸ਼ ਨੂੰ ਚਲਾਉਣ ਲਈ ਉਸ ਦਾ ਆਪਣਾ ਸੰਵਿਧਾਨ ਹੋਣਾ ਜ਼ਰੂਰੀ ਹੈ। ਆਜ਼ਾਦ ਭਾਰਤ ਨੂੰ ਚਲਾਉਣ ਲਈ ਵੀ ਇੱਕ ਸੰਵਿਧਾਨ ਦੀ ਜ਼ਰੂਰਤ ਸੀ। ਭਾਰਤ ਦਾ ਸੰਵਿਧਾਨ ਦੁਨੀਆਂ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤੋਂ ਬਾਅਦ ਜੁਲਾਈ 1945 ਵਿੱਚ ਬ੍ਰਿਟੇਨ ਨੇ ਭਾਰਤ ਸਬੰਧੀ ਆਪਣੀ ਨਵੀਂ ਨੀਤੀ ਦੀ ਘੋਸ਼ਣਾ ਕੀਤੀ ਅਤੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਨਿਟ ਜਿਸ ਵਿੱਚ 3 ਮੰਤਰੀ ਸ਼ਾਮਿਲ ਹਨ, ਭਾਰਤ ਭੇਜਿਆ। ਭਾਰਤ ਦਾ ਸੰਵਿਧਾਨ, ਸੰਵਿਧਾਨ ਸਭਾ ਦੁਆਰਾ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਰਨ ਤੇ ਤਕਰੀਬਨ 6 ਕਰੋੜ (ਉਸ ਸਮੇਂ) ਰੁਪਏ ਖਰਚ ਹੋਏ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੇ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁਲ 12 ਸੈਸ਼ਨ ਹੋਏ। ਇਸ ਕਮੇਟੀ ਵਿੱਚ ਕੁਲ 389 ਮੈਂਬਰ ਸਨ ਜਿਨ੍ਹਾਂ ਵਿਚੋਂ ਜਵਾਹ ਲਾਲ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵਲੱਭ ਭਾਈ ਪਟੇਲ, ਸ਼ਿਆਮਾ ਪ੍ਰਸ਼ਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸਨ। ਇਸ ਸਭਾ ਵਿੱਚ ਲਗਪਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਤ ਸਨ, ਫਰਾਂਕ ਐਂਥੋਨੀ ਐਂਗਲੋ-ਇੰਡੀਆ ਕਮਿਊਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ.ਪੀ. ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਟੀ ਕਮੇਟੀ ਦੇ ਚੇਅਰਮੈਨ ਹਰਜਿੰਦਰ ਕੁਮਾਰ ਮੁਕਰਜੀ ਈਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਗੇ ਬਹਾਦਰ ਗੁਰਰੰਗਾ ਦੀ ਪ੍ਰਤੀਨਿਧਤਾ ਕਰ ਰਹੇ ਸਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ ਹਾਂਸਾ ਮਹਿਤਾ ਆਦਿ।




ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾਨੰਦ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸ਼ਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1956 ਨੂੰ ਹੋਈ। 14 ਅਗਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸ ਦੇ ਚੇਅਰਮੈਨ ਡਾ. ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਸੰਵਿਧਾਨ ਨੂੰ ਅਪਣਾਉਣ ਤ ਪਹਿਲਾਂ ਲਗਪਗ 166 ਦਿਨ ਆਮ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 4 ਨਵੰਬਰ 1947 ਨੂੰ ਸਭਾ ਨੂੰ ਪੇਸ਼ ਕੀਤਾ ਗਿਆ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਆਜ਼ਾਦੀ ਸੀ। ਡਰਾਫਟ ਸੰਵਿਧਾਨ ਤੇ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ 2000 ਸੋਧਾਂ ਕੀਤੀਆਂ ਗਈਆਂ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦ ਸੰਵਿਧਾਨਾਂ ਤੋਂ ਕਾਫੀ ਕੁਝ ਲਿਆ ਗਿਆ ਹੈ। ਇਸ ਤਰ੍ਹਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਰਿਹਾ ਹੈ। ਜਿਨ੍ਹਾਂ ਵਿੱਚ ਬ੍ਰਿਟਿਸ਼ ਸੰਵਿਧਾਨਾਂ, ਆਸਟ੍ਰੇਲੀਆ ਸੰਵਿਧਾਨ ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕੈਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਾਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਅੰਤ ਵਿੱਚ ਅੱਜ ਦੇ ਦਿਨ 26 ਨਵੰਬਰ, 1949 ਨੂੰ ਸਾਰੀ ਕਾਰਵਾਈ ਮੁਕੰਮਲ ਹੋ ਗਈ ਅਤੇ ਸੰਵਿਧਾਨ ਸਭਾ ਨੇ ਸੰਵਿਧਾਨ ਸਵੀਕਾਰ ਕਰ ਲਿਆ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁਲ ਮਿਲਦਾ ਜੁਲਦਾ ਹੈ। ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਹੋਈ। ਇਸ ਵਿੱਚ ਲਗਪਗ 80 ਹਜ਼ਾਰ ਸ਼ਬਦ ਹਨ।

ਭਾਰਤੀ ਸੰਵਿਧਾਨ ਦੇ ਆਰਟੀਕਲ 5,6,7,8,60, 324, 366, 367, 379, 380, 388, 391, 392, 393 ਅਤੇ 394, 26 ਨਵੰਬਰ 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ ਸੀ। ਇਸ ਤੇ ਕੁੱਲ 284 ਮੈਂਬਰਾਂ ਨੇ ਦਸਤਖਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜ਼ੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਆਪਣੇ ਦਸਤਖਤ ਕੀਤੇ। ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸ ਤੇ.... ਮਨੋਹਰ ਸਿਨਹਾ ਅਤੇ ਨੰਦ ਲਾਲ ... ਸ਼ਾਮਿਲ ਸਨ, ਨੇ ਸਜਾਵਟ ਕੀਤੀ ਸੀ। ਅੰਤ 26 ਜਨਵਰੀ 1950 ਨੂੰ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ ਅਤੇ 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸੰਵਿਧਾਨ ਤਿਆਰ ਕਰ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖ ਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਸੰਵਿਧਾਨ ਲਾਗੂ ਹੋਣ ਤੋਂ 65 ਸਾਲ ਬਾਅਦ ਵੀ ਦੇਸ਼ ਦੇ ਬਹੁਤੇ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ। ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਵਿੱਚ ਦੇਸ਼ ਦੇ ਵੱਖ ਵੱਖ ਵਰਗਾਂ ਦੀ ਸੁਰੱਖਿਆ ਅਤੇ ਖੁਸ਼ਹਾਲੀ ਦਾ ਲਾਭ ਸਹੀ ਅਰਥਾਂ ਵਿੱਚ ਉਨ੍ਹਾਂ ਵਰਗਾਂ ਤੱਕ ਪਹੁੰਚ ਸਕੇ ਅਤੇ ਹਰ ਵਰਗ ਆਪਣੇ ਆਪ ਨੂੰ ਸੱਚਾ ਭਾਰਤੀ ਹੋਣ ਤੇ ਮਾਣ ਮਹਿਸੂਸ ਕਰ ਸਕੇ।



# ਇਹ ਹਨ ਦੁਨੀਆਂ ਦੀਆਂ ਖੌਫਨਾਕ ਥਾਵਾਂ

ਕਿਸੇ ਨਾ ਕਿਸੇ ਦਿਨ ਸਾਰਿਆਂ ਨੇ ਮਰਨਾ ਹੈ, ਇਹ ਕੌੜਾ ਸੱਚ ਹੈ। ਅਜਿਹਾ ਅੰਦਾਜ਼ਾ ਹੈ ਕਿ ਦੁਨੀਆਂ ਵਿਚ ਹਰ ਦਿਨ ਤਕਰੀਬਨ ਡੇਢ ਲੱਖ ਲੋਕਾਂ ਦੀ ਮੌਤ ਹੁੰਦੀ ਹੈ। ਬਦਕਿਸਮਤੀ ਕਦੋਂ, ਕਿਸ ਰੂਪ ਵਿਚ ਕਿਸਦੇ ਸਾਹਮਣੇ ਆਵੇਗੀ, ਕੋਈ ਨਹੀਂ ਜਾਣਦਾ, ਪਰ ਜੇਕਰ ਤੁਸੀਂ ਜਿਊਣਾ ਚਾਹੁੰਦੇ ਹੋ ਤਾਂ ਰੁਕੀ, ਤੁਹਾਨੂੰ ਉਹਨਾਂ ਥਾਵਾਂ ਤੇ ਜਾਣ ਤੋਂ ਬਚਣਾ ਹੋਵੇਗਾ, ਜਿਹਨਾਂ ਨੂੰ ਭੂਤ ਕਿਹਾ ਜਾਂਦਾ ਹੈ।

ਯਾਨਿ ਜਿੱਥੇ ਭੂਤ ਜਾਂ ਆਤਮਾਵਾਂ ਰਹਿੰਦੀਆਂਹਨ। ਲੋਕ ਆਪਣੇ ਤਜਰਬਿਆਂ ਦੇ ਆਧਾਰ ਤੇ ਦਾਅਵਾ ਕਰਦੇ ਹਨ। ਅਜਿਹੀਆਂ ਥਾਵਾਂ ਬੇਹੱਦ ਡਰਾਉਣੀਆਂ ਹੁੰਦੀਆਂ ਹਨ। ਉਥੇ ਹੋਈਆਂ ਮੌਤਾਂ, ਹੱਤਿਆਵਾਂ ਅਤੇ ਅਜੀਬੋ ਗਰੀਬ ਤਰੀਕੇ ਨਾਲ ਕੀਤੀਆਂ ਗਈਆਂ ਸਜ਼ਾਵਾਂ ਇਸਦੇ ਲਈ ਜ਼ਿੰਮੇਵਾਰ ਮੰਨੀਆਂ ਜਾਂਦੀਆਂ ਹਨ।

### ਲੈਥਵਰਥ ਵਿਲੇਜ਼, ਇੱਥੇ ਹੋਇਆ ਸੀ ਪਹਿਲੀ ਪੋਲੀਓ ਵੈਕਸੀਨ ਦਾ ਟੈਸਟ

ਨਿਊਯਾਰਕ ਵਿਚ ਲੈਥਵਰਥ ਵਿਲੇਜ ਨਾਂ ਦੀ ਇਹ ਬਿਲਡਿੰਗ 1911 ਵਿਚ ਬਣ ਕੇ ਤਿਆਰ ਹੋਈ ਸੀ। ਇਹ ਅਮਰੀਕਾ ਦਾ ਇਕ ਪ੍ਰਸਿੱਧ ਮੈਂਟਲ ਹੈਲਥ ਕੇਅਰ ਸੈਂਟਰ ਸੀ। 1950 ਵਿਚ ਇੱਥੇ ਵਰਲਡ ਦੀ ਪਹਿਲੀ ਪੋਲੀਏ ਵੈਕਸੀਨ ਦਾ ਟੈਸਟ ਕੀਤਾ ਗਿਆ ਸੀ। 1921 ਵਿਚ ਇੱਥੇ ਲੱਗਭੱਗ 1200 ਮਾਨਸਿਕ ਰੋਗੀ ਭਰਤੀ ਸਨ, ਜਿਹਨਾਂ ਵਿਚ ਜ਼ਿਆਦਾਤਰ ਛੋਟੇ ਬੱਚੇ ਸਨ। ਉਸੇ ਸਾਲ ਇੱਥੋਂ ਦੇ ਹੈਡ ਫਿਜ਼ੀਸ਼ੀਅਨ ਡਾ. ਚਾਰਲਸ ਲਿਟਲੇ ਨੇ ਮਰੀਜ਼ਾਂ 'ਤੇ ਮੈਡੀਕਲ ਐਕਸਪੇਰੀਮੈਂਟ ਕਰਨ ਦਾ ਫੈਸਲਾ ਕੀਤਾ ਸੀ।


1950 ਆਉਂਦੇ-ਆਉਂਦੇ ਇੱਥੋਂ ਦੇ 4 ਹਜ਼ਾਰ ਤੋਂ ਜ਼ਿਆਦਾ ਮਰੀਜ਼ ਇਕ-ਦੂਜੇ ਦੇ ਨਾਲ ਹਿੰਸਕ ਵਿਵਹਾਰ ਕਰਨ ਲੱਗੇ, ਪਰ ਇਸਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਝਗੜਾ ਕਰਨ ਵਾਲੇ ਮਰੀਜਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਜਾਣ ਲੱਗੀ, ਉਹਨਾਂ ਨਾਲ ਮਾੜਾ ਵਤੀਰਾ ਕੀਤਾ ਜਾਣ ਲੱਗਾ। ਇਸ ਕਰਕੇ ਬਿਮਾਰੀ ਵਧਣ ਕਾਰਨ ਮਰੀਜ਼ਾਂ ਦੀ ਮੌਤ ਹੋਣ ਲੱਗੀ। ਹੌਲੀ ਹੌਲੀ ਮੌਤਾਂ ਦੀ ਗਿਣਤੀ ਵਧਦੀ ਗਈ।

1996 ਵਿਚ ਇਸ ਸੈਂਟਰ ਨੂੰ ਬੰਦ ਕਰ ਦਿੱਤਾ ਗਿਆ। ਉਦੋਂ ਤੋਂ ਅਜਿਹੀਆਂ ਰਿਪੋਰਟਾਂ ਆਉਣੀਆਂ ਆਰੰਭ ਹੋ ਗਈਆਂ ਕਿ ਇੱਥੇ ਹੱਸਣ, ਰੋਣ ਅਤੇ ਇਕ ਦੂਜੇ ਤੇ ਕੁਰਸੀਆਂ ਸੁੱਟਣ ਦੀਆਂ ਆਵਾਜ਼ਾਂ ਆਉਂਦੀਆਂ ਹਨ। ਲੋਕਾਂ ਨੇ ਇਸ ਬਿਲਡਿੰਗ ਦੇ ਆਸ ਪਾਸ ਕੁਝ ਪਰਛਾਈਆਂ ਦੇ ਵੀ ਮੰਡਰਾਉਣ ਦਾ ਦਾਅਵਾ ਕੀਤਾ ਹੈ।



### ਹੈਂਪਟਨ ਲਿਲੀਬ੍ਰਿਜ ਹਾਊਸ ਵਿਚ ਰਹਿੰਦੀਆਂ ਹਨ ਆਤਮਾਵਾਂ

ਜਾਰਜੀਆ ਦੇ ਸਵਾਨਾਹ ਵਿਚ ਈਸਟ ਸੈਂਟ ਜੂਲੀਅਨ ਸੜਕ ਤੋਂ ਤੁਸੀਂ ਲੰਘੋ ਤਾਂ ਇਹ ਹਾਂਟੇਡ ਹਾਊਸ ਤੁਹਾਨੂੰ ਜ਼ਰੂਰ ਦਿੱਸੇਗਾ। ਇਹ 18ਵੀਂ ਸਦੀ ਦਾ ਹਾਊਸ ਹੈ। ਕਿਹਾ ਜਾਂਦਾ ਹੈ ਕਿ ਤਿੰਨ ਮੰਜ਼ਿਲਾ ਇਸ ਹਾਊਸ ਨੂੰ ਇਕ ਸਮੁੰਦਰੀ ਫੌਜ ਦੇ ਸੈਨਿਕ ਨੇ ਬਣਵਾਇਆ ਸੀ, ਪਰ ਇਕ ਦਿਨ ਉਸਦਾ ਪੂਰਾ ਪਰਿਵਾ ਇਸ ਵਿਚ ਮਰਿਆ ਹੋਇਆ ਪਾਇਆ ਗਿਆ। ਨੌਕਰਾਂ ਨੇ ਘਰ ਦੇ ਲੋਕਾਂ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਸੀ। ਹੁਣ ਹਾਊਸ ਵਿਚ ਉਹਨਾਂ ਦੀਆਂ ਆਤਮਾਵਾਂ ਭਟਕਦੀਆਂ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਘਰ ਦੇ ਕੋਲੋਂ ਲੰਘਦੇ ਹੋਏ ਉਹਨਾਂ ਨੂੰ ਅਜੀਬ ਜਿਹੀਆਂ ਆਵਾਜਾਂ ਸੁਣਾਈ ਦਿੰਦੀਆਂ ਹਨ ਅਤੇ ਠੰਡਕ ਮਹਿਸੂਸ ਹੁੰਦੀ ਹੈ।



### ਮੈਪਲ ਹਿਲ ਤੇ ਖੇਡਣ ਆਉਂਦੇ ਹਨ ਗੋਸਟ ਕਿਡਸ

ਅਮਰੀਕੀ ਸਟੇਟ ਅਲਬਾਮਾ ਦੇ ਹੰਟਲਵਿਲੇ ਸ਼ਹਿਰ ਵਿਚ ਇਕ ਪੁਰਾਣਾ ਕਬਰਿਸਤਾਨ ਹੈ- ਮੈਪਲ ਹਿਲ। ਇਸਨੂੰ ਡੈਡ ਚਿਲਡਰਨਜ਼ ਪਲੇਗਰਾਊਂਡ ਕਿਹਾ ਜਾਂਦਾ ਹੈ। ਇੱਥੇ ਅਣਗਿਣਤ ਦਫਨ ਜ਼ਿੰਦਗੀਆਂ ਦਾ ਇਕ ਸੱਚਾ ਸਮਾਰਕ ਹੈ। ਦੁਪਹਿਰ ਵੇਲੇ ਤਾਂ ਇੱਕੇ ਕਾਫੀ ਚਹਿਲ ਪਹਿਲ ਹੁੰਦੀ ਹੈ ਪਰ ਸ਼ਾਮ ਹੁੰਦੇ ਹੀ ਇਹ ਜਗ੍ਹਾ ਸੁੰਨਸਾਨ ਹੋ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਰਾਤ ਨੂੰ ਇਥੇ ਦਫਨ ਬੱਚਿਆਂ ਦੀਆਂ ਆਤਮਾਵਾਂ ਖੇਡਦੀਆਂ ਹਨ। ਦਰਅਸਲ ਇਸ ਕਬਰਿਸਤਾਨ ਵਿਚ ਇਕ ਛੋਟਾ ਖੇਡ ਦਾ ਮੈਦਾਨ ਹੈ। ਲੋਕਾਂ ਦਾ ਕਹਿਣਾ ਹੈ ਕਿ ਅਲਬਾਮਾ ਦੀ ਮੈਡੀਸਨ ਕਾਊਂਟੀ 60 ਦੇ ਦਹਾਕੇ ਵਿਚ ਬੱਚਿਆਂ ਦੇ ਅਗਵਾ ਦੇ ਕਾਰਨ ਕਾਫੀ ਚਰਚਾ ਵਿਚ ਸੀ। ਇਹਨਾਂ ਬੱਚਿਆਂ ਦੀਆਂ ਲਾਸ਼ਾਂ ਇਸੇ ਖੇਡ ਮੈਦਾਨ ਵਿਚ ਸੁੱਟੀਆਂ ਪਾਈਆਂ ਗਈਆਂ ਸਨ। ਰਾਤ ਨੂੰ ਇੱਥੋਂ ਲੰਘਣ ਵਾਲਿਆਂ ਨੇ ਇਸ ਖੇਡ ਦੇ ਮੈਦਾਨ ਵਿਚ ਥੋੜ੍ਹੀ-ਥੋੜ੍ਹੀ ਦੇਰ ਵਿਚ ਰੌਸ਼ਨੀ ਅਤੇ ਅਜੀਬ ਜਿਹੀਆਂ ਆਵਾਜ਼ਾਂ ਆਉਣ ਦਾ ਦਾਅਵਾ ਕੀਤਾ ਹੈ।



### ਭਟਕਦੀਆਂ ਨੇ ਜਾਪਾਨੀ ਪਾਇਲਟਾਂ ਦੀਆਂ ਆਤਮਾਵਾਂ

15 ਅਗਸਤ 1945 ਨੂੰ ਸਮਰਾਟ ਹਿਰੋਹਿਤੋ ਨੇ ਰੇਡੀਓ 'ਤੇ ਜਾਪਾਨ ਦੁਆਰਾ ਮਿੱਤਰ ਦੇਸ਼ਾਂ ਦੀਆਂ ਫੌਜਾਂ ਦੇ ਸਾਹਮਣੇ ਸਰੈਂਡਰ ਦਾ ਐਲਾਨ ਕੀਤਾ ਸੀ। ਇਸੇ ਦੇ ਨਾਲ ਏਸ਼ੀਆ ਵਿਚ ਦੂਜੇ ਵਿਸ਼ਵ ਯੁੱਧ ਦਾ ਅੰਤ ਹੋ ਗਿਆ ਸੀ। 15 ਦਿਨਾਂ ਬਾਅਦ 30 ਅਗਸਤ ਨੂੰ ਜਨਰਲ ਮੈਕਆਰਥਰ ਜਾਪਾਨ ਦੇ ਐਟਸਗੀ ਨੇਵਲ ਏਅਰ ਫੈਸੀਲਿਟੀ 'ਤੇ ਸਰੈਂਡਰ ਕਰਵਾਉਣ ਪਹੁੰਚੇ। ਕਿਹਾ ਜਾਂਦਾ ਹੈ ਕਿ ਮੈਕਆਰਥਰ ਨੂੰ ਮ੍ਰਿਤਕ ਆਤਮਘਾਤੀ ਪਾਇਲਟਾਂ ਦੀਆਂ ਲਾਸ਼ਾਂ ਦੇ ਉਪਰੋਂ ਲਿਜਾਇਆ ਗਿਆ ਸੀ। ਸਰੈਂਡਰ ਦੀ ਖਬਰ ਤੋਂ ਬੇਹੱਦ ਨਿਰਾਸ਼ ਅਤੇ ਗੁੱਸੇ ਵਿਚ ਆਏ ਜਾਪਾਨੀ ਪਾਇਲਆਂ ਨੂੰ ਐਟਸਗੀ ਹੈਂਗਰ ਬੇਅ ਤੇ ਮੈਕਆਰਥਰ ਦੇ ਵੈਲਕਮ ਦੇ ਲਈ ਖੜ੍ਹਾ ਕੀਤਾ ਗਿਆ ਸੀ, ਪਰ ਉਹਨਾਂ ਨੇ ਸਮੂਹਿਕ ਤੌਰ ਤੇ ਹਾਰਾਕਿਰੀ (ਆਤਮ ਹੱਤਿਆ) ਕਰ ਲਈ। ਉਦੋਂ ਤੋਂ ਅਜਿਹੀਆਂ ਖਬਰਾਂ ਆਉਣ ਲੱਗੀਆਂ ਕਿ ਪਾਇਲਟਾਂ ਦੀਆਂ ਆਤਮਾਵਾਂ ਇਸ ਹੰਗਰ ਬੇਅ ਤੇ ਭਟਕ ਰਹੀਆਂ ਹਨ। ਇੱਥੇ ਕੰਮ ਕਰਨ ਵਾਲਿਆਂ ਨੇ ਉਹਨਾਂ ਨੂੰ ਦੇਖਣ ਦਾ ਵੀ ਦਾਅਵਾ ਕੀਤਾ ਹੈ।

### 'ਦਾ ਆਰਟ੍ਰਚ ਇਨ' ਹੈ ਭੇਦ

ਇੰਗਲੈਂਡ ਦੇ ਇਕ ਪਿੰਡ ਕਾਨਬਰੁਕ ਵਿਚ ਬਣੇ ਇਸ ਘਰ ਦਾ ਨਾਂ ਦਾ ਆਰਟਿਰਚ ਇਨ ਹੈ। ਇਸਦਾ ਮਾਲਕ ਜਾਨ ਜਰਮਨ ਨਾਮੀ ਇਕ ਵਿਅਕਤੀ ਸੀ। ਕਿਹਾ ਜਾਂਦਾ ਹੈ ਕਿ ਉਸ ਤੇ ਆਪਣੇ ਘਰ ਵਿਚ 60 ਲੋਕਾਂ ਦੀ ਹੱਤਿਆ ਕਰਨ ਦਾ ਦੋਸ਼ ਸੀ। ਆਪਣੀ ਪਤਨੀ ਦੇ ਨਾਲ ਮਿਲ ਕੇ ਉਹ ਲੋਕਾਂ ਦੀ ਲਾਸ਼ ਨੂੰ ਉਬਾਲ ਕੇ ਤਹਿਖਾਨੇ ਵਿਚ ਲੁਕੋ ਦਿੰਦਾ ਸੀ। ਜਰਮਨ ਤੋਂ ਬਾਅਦ ਇੱਥੇ ਰਹਿਣ ਆਏ ਅਮੀਰਾਂ ਨੂੰ ਅਜੀਬ ਮਹਿਸੂਸ ਹੋਇਆ। ਇਸ ਘਰ ਵਿਚ ਕਿਚਨ ਦੇ ਠੀਕ ਉਪਰ



ਇਕ ਵਿਸ਼ੇਸ਼ ਕਮਰਾ ਹੈ। ਕੁਝ ਲੋਕ ਕਹਿੰਦੇ ਹਨ ਕਿ ਉਹਨਾਂ ਨੇ ਪਾਇਆ ਕਿ ਉਹਨਾਂ ਦਾ ਬੈਡ ਫਰਸ਼ ਨਾਲ ਜੁੜਿਆ ਹੋਇਆ ਸੀ। ਜਦਕਿ ਕੁਝ ਨੇ ਦੱਸਿਆ ਕਿ ਕਮਰਾ ਆਪਣੇ ਆਪ ਹੌਲੀ ਹੌਲੀ ਗਰਮ ਹੋ ਜਾਂਦਾ ਹੈ, ਤਾਂ ਕੁਝ ਦਾ ਕਹਿਣਾ ਹੈ ਕਿ ਇੱਥੇ ਰਹਿਣ ਦੇ ਦੌਰਾਨ ਉਹ ਕਾਫੀ ਥੱਕਿਆ ਹੋਇਆ ਮਹਿਸੂਸ ਕਰਦੇ ਸਨ। ਰਾਤ ਨੂੰ ਇਸ ਘਰ ਵਿਚ ਰਹਿਣ ਵਾਲਿਆਂ ਨੇ ਤਾਂ ਕਾਫੀ ਡਰਾਉਣੇ ਤਜਰਬੇ ਮਹਿਸੂਸ ਕੀਤਾ। ਜਿਵੇਂ ਉਹਨਾਂ ਨੂੰ ਲੱਗਿਆ ਕਿ ਫਰਸ਼ ਦੋ ਫਾੜ ਹੋ ਜਾਵੇਗਾ ਅਤੇ ਉਹਨਾਂ ਦਾ ਬੈਡ ਜ਼ਮੀਨ ਵਿਚ ਸਮਾ ਜਾਵੇਗਾ।



### ਦਾ ਹਾਊਸ ਆਫ ਡੈਥ- ਹੈ ਅਸ਼ੁਭ

ਨਿਊਯਾਰਕ ਸਿਟੀ ਦੇ ਗ੍ਰੀਨਵਿਧ ਵਿਲੇਜ ਵਿਚ 14 ਵੈਸਟ 10ਵੀਂ ਗਲੀ ਤੇ ਬਣਿਆ ਹੈ ਇਹ ਘਰ। ਇੱਥੇ ਰਹਿਣ ਵਾਲਾ ਹਰ ਵਿਅਕਤੀ ਇਸ ਗੱਲ ਨਾਲ ਸਹਿਮਤ ਹੈ ਕਿ ਇਹ ਘਰ ਅਸ਼ੁਭ ਹੈ।ਫਿਲਹਾਲ ਇਹ ਤਰਕ ਦਾ ਵਿਸ਼ਾ ਹੈ। 20ਵੀਂ ਸਦੀ ਦੇ ਅੰਤ ਵਿਚ ਇਹ ਘਰ ਕੁਝ ਡਰਾਉਣੀਆਂ ਘਟਨਾਵਾਂ ਦੇ ਕਾਰਨ ਬਣਿਆ। ਇਸਦੀ ਸ਼ੁਰੂਆਤ ਇਕ ਹੱਤਿਆ ਜਾਂ ਖੁਦਕੁਸ਼ੀ ਦੀ ਅਫਵਾਹ ਕਾਰਨ ਹੋਈ। ਕਿਹਾ ਜਾਂਦਾ ਹੈ ਕਿ 1987 ਵਿਚ ਇਯ ਘਰ ਵਿਚ ਡਿਫੈਂਸ ਅਟਾਰਨੀ ਜੋਏਲ ਸਟੇਨਬਰਗ ਨੇ ਸ਼ੱਕ ਦੇ ਕਾਰਨ ਆਪਣੀ 6 ਸਾਲ ਦੀ ਲੜਕੀ ਦੀ ਹੱਤਿਆ ਕਰ ਦਿੱਤੀ ਸੀ। ਨੇਮਪਲੇਟ ਦੇ ਮੁਤਾਬਕ ਇਸ ਘਰ ਦੇ ਪਹਿਲੇ ਮਾਲਕ ਮਾਰਕ ਟਵੇਨ ਸਨ। 1060 ਵਿਚ ਇਸਨੂੰ ਅਭਿਨੇਤਰੀ ਜਾਨ ਬ੍ਰਾਇੰਟ ਬਰਟਿਨ ਨੇ ਖਰੀਦਿਆ ਸੀ, ਪਰ ਹਫਤੇ ਦੇ ਅੰਦਰ ਹੀ ਉਸਨੂੰ ਕੁਝ ਡਰਾਉਣਾ ਮਹਿਸੂਸ ਹੋਇਆ। ਜਿਵੇਂ ਗਰਦਨ ਦੇ ਪਿੱਛੇ ਤੋਂ ਕਿਸੇ ਠੰਡੇ ਹੱਥ ਦਾ ਸਪਰਸ਼, ਘਰ ਵਿਚ ਕਿਸੇ ਦੇ ਕਦਮਾਂ ਦੀ ਆਵਾਜ਼, ਮਰੇ ਹੋਏ ਸਰੀਰਾਂ ਦੀ ਮਾੜੀ ਮੁਸ਼ਕ। ਇਸ ਕਾਰਨ ਬਰਟਿਲ ਬੇਹੱਦ ਤਣਾਅ ਵਿਚ ਆ ਗਈ। ਅਜਿਹੇ ਹੀ ਤਜਰਬੇ ਇੱਥੇ ਰਹਿਣ ਵਾਲੇ ਬਾਕੀ ਲੋਕਾਂ ਨੂੰ ਵੀ ਹੋਏ। ਇਸ ਕਾਰਨ ਕਈਆਂ ਦੀ ਮੌਤ ਹੋ ਗਈ।



### 29 ਹੈਨਬਰੀ ਸਟ੍ਰੀਟ ਤੇ ਮੰਡਰਾਉਂਦਾ ਹੈ ਭੂਤ

1880 ਵਿਚ ਸਾਹਮਣੇ ਆਈ ਸੀਰੀਅਲ ਕਿਲਰ ਜੈਕ ਦਾ ਰਿਪਰ ਦੀ ਤਸਵੀਰ ਕਾਰਨ ਪੂਰੇ ਲੰਡਨ ਵਿਚ ਚਰਚਾ ਹੋਈ ਸੀ। ਪਹਿਲੀ ਵਾਰ ਕਿਸੇ ਘਟਨਾ ਨੇ ਪੂਰੀ ਦੁਨੀਆਂ ਦੇ ਮੀਡੀਆ ਨੂੰ ਆਕਰਸ਼ਿਤ ਕੀਤਾ ਸੀ। ਰਿਪਰ ਦੇ 5 ਪੀੜਤਾਂ ਵਿਚੋਂ ਇਕ ਸੀ ਐਨੀ ਚੈਪਮੈਨ, ਜਿਸਦੀ ਲਾਸ਼ 8 ਸਤੰਬਰ 1888 ਨੂੰ 29 ਹੈਨਬਰੀ ਸਟ੍ਰੀਟ ਤੇ ਪਾਈ ਗਈ ਸੀ। ਉਸਦਾ ਸਿਰ ਅਤੇ ਬੱਚੇਦਾਨੀ ਕੱਟੀ ਹੋਈ ਸੀ। ਐਨੀ ਦਾ ਘਰ ਇਸ ਸੜਕ ਤੇ ਸੀ। 1970 ਵਿਚ ਇਸ ਘਰ ਦਾ ਉਤਰੀ ਭਾਗ ਜਦੋਂ ਇਕ ਸ਼ਰਾਬ ਘਰ ਦਾ ਰਸਤਾ ਬਣਾਉਣ ਲਈ ਢਾਹਿਆ ਗਿਆ ਤਾਂ ਉਸਤੋਂ ਬਾਅਦ ਹੈਰਾਨੀਜਨਕ ਘਟਨਾਵਾਂ ਹੋਈਆਂ। ਐਨੀ ਦਾ ਸਿਰ ਕੱਟਿਆ ਭੂਤ ਲੋਕਾਂ ਨੂੰ ਉਸ ਥਾਂ ਦੇ ਆਸ ਪਾਸ ਮੰਡਰਾਉਂਦਾ ਦਿਖਾਈ ਦੇਣ ਲੱਗਿਆ, ਜਿੱਥੇ ਉਸਦੀ ਲਾਸ਼ ਪਾਈ ਗਈ ਸੀ। ਲੋਕਾਂ ਦਾ ਦਾਅਵਾ ਹੈ ਕਿ ਹਰ ਸਾਲ ਐਨੀ ਦੀ ਡੈਥ ਐਨੀਵਰਸਰੀ ਤੇ ਇਹ ਭੂਤ ਉਥੇ ਦਿਖਾਈ ਦਿੰਦਾ ਹੈ।



### ਓਲਡ ਅਬੇ, ਇੱਥੇ ਰਹਿੰਦੀ ਹੈ ਕਾਲੀ ਚੁੜੈਲ

ਇਹ ਹੈ ਆਇਰਲੈਂਡ ਦੇ ਲਿਮੇਰਿਕ ਕਾਊਂਟੀ ਦਾ ਓਲਡ ਅਬੇ, ਇਸ ਮੈਦਾਨ ਤੇ ਹੁਣ ਸਿਰਫ ਖੰਡਰ ਬਚੇ ਹਨ, ਉਹ ਵੀ ਇਕ ਇਕ ਕਰਕੇ ਢਹਿਣ ਜਾ ਰਹੇ ਹਨ। ਕਿਹਾ ਜਾਂਦਾ ਹੈ ਕਿ ਇੱਥੇ ਕਾਲੀ ਨਨ ਦੀ ਸ਼ੈਤਾਨ ਆਤਮਾ ਭਟਕਦੀ ਹੈ, ਜਿਸਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ। ਇਸ ਜਗ੍ਹਾ ਨੂੰ ਬਲੈਕ ਹੈਗਜ਼ ਸੈਲ ਨਾਂ ਦਿੱਤਾ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਜਗ੍ਹਾ ਉਹ ਨਨ ਆਪਣੇ ਸ਼ੈਤਾਨੀ ਤਜਰਬੇ ਕਰਦੀ ਸੀ। ਉਸਦੇ ਵਾਲ ਚਾਰੇ ਪਾਸੇ ਫੈਲੇ ਹੋਏ ਹਨ। ਇਕ ਦਿਨ ਅਚਾਨਕ ਉਹ ਨਨ ਆਪਣੇ ਘਰ ਦੇ ਬਾਹਰ ਕੁਰਸੀ ਤੇ ਪੂਰੀ ਤਰ੍ਹਾਂ ਸੜੀ ਹੋਈ ਪਾਈ ਗਈ ਸੀ। ਉਸਦਾ ਚਿਹਰਾ ਦਹਿਸ਼ਦ ਕਾਰਨ ਪੀਲੇ ਪੈ ਗਿਆ ਸੀ। ਲੋਕਾਂ ਦੇ ਮੁਤਾਬਕ ਪਿਸ਼ਾਚ ਉਸ ਨਨ ਦੀ ਜਾਨ ਲਿਜਾਣ ਆਏ ਸਨ, ਪਰ ਸਭ ਨੂੰ ਤੰਗ ਕਰਨ ਦੇ ਲਈ ਉਸਦੀ ਆਤਮਾ ਨੂੰ ਇਸੇ ਮੈਦਾਨ ਵਿਚ ਭਟਕਣ ਲਈ ਛੱਡ ਗਏ।

### ਭੂਤਾਂ ਦਾ ਸ਼ਹਿਰ ਜੇਰੋਮੀ

ਅਮਰੀਕੀ ਸਟੇਟ ਐਰੀਜੋਨਾ ਦੇ ਜੇਰੋਮੀ ਸ਼ਹਿਰ ਨੂੰ ਭੂਤਾਂ ਦਾ ਸ਼ਹਿਰ ਕਿਹਾ ਜਾਂਦਾ ਹੈ, ਕਿਉਂਕਿ ਇੱਥੇ ਮਰੇ ਹੋਏ ਲੋਕਾਂ ਦੀ ਗਿਣਤੀ ਜਿਊਂਦੇ ਲੋਕਾਂ ਤੋਂ ਜ਼ਿਆਦਾ ਹੈ। 18ਵੀਂ ਸਦੀ ਦੇ ਅੰਤ ਵਿਚ ਜੇਰੋਮੀ ਤਾਂਬੇ ਦੀ ਖਾਣ ਦੇ ਲਈ ਜਾਣਿਆ ਜਾਂਦਾ ਸੀ। ਆਸਾਨੀ ਨਾਲ ਪੈਸਾ ਕਮਾਉਣ ਦੀ ਇੱਛਾ ਨੇ ਉਚ ਖਣਿਜ ਪਰਿਵਾਰਾਂ ਨੂੰ ਇੱਥੇ ਵੱਸਣ ਲਈ ਜ਼ਿਆਦਾ ਆਕਰਸ਼ਿਤ ਕੀਤਾ। ਪਰ ਆਪਸੀ ਸੰਘਰਸ਼ ਤੇ ਖਾਣਾਂ ਵਿਚ ਹੋਈਆਂ ਦੁਰਘਟਨਾਵਾਂ ਕਾਰਨ ਇੱਥੇ ਜ਼ਿਆਦਾਤਰ ਲੋਕ ਮਾਰੇ ਗਏ। ਜੇਰੋਮੀ ਨੂੰ ਅਮਰੀਕਾ ਵਿਚ ਸ਼ੈਤਾਨ ਲੋਕਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ। ਲੋਕਾਂ ਮੁਤਾਬਕ ਇੱਥੋਂ ਦੀਆਂ ਸੜਕਾਂ ਤੇ ਭੂਤ ਆਉਣ-ਜਾਣ ਵਾਲਿਆਂ ਨੂੰ ਪ੍ਰੇਸ਼ਾਨ ਕਰਦੇ ਹਨ।






# ਫਿਲਮਾਂ ਲਈ ਕਿਸੇ ਨੇ ਕੀਤੀ ਭੁੱਖ ਹੜਤਾਲ ਅਤੇ ਕਿਸੇ ਨੇ ਛੱਡਿਆ ਪਰਿਵਾਰ



ਆਪਣੇ ਜਮਾਨੇ ਦੀ ਪ੍ਰਸਿੱਧ ਅਭਿਨੇਤਰੀ ਬੀਨਾ ਰਾਏ ਨੂੰ ਗੁਜ਼ਰਿਆਂ 6 ਸਾਲ ਹੋ ਗਏ ਹਨ। 4 ਜੂਨ 1931 ਨੂੰ ਕ੍ਰਿਸ਼ਨਾ ਸਰੀਨ ਨਾਂ ਨਾਲ ਜਨਮੀ ਬੀਨਾ ਦਾ 6 ਦਸੰਬਰ 2009 ਨੂੰ ਹਾਰਟ ਅਟੈਕ ਕਾਰਨ ਦੇਹਾਂਤ ਹੋ ਗਿਆ ਸੀ। ਉਹਨਾਂ ਨੇ ਅਨਾਰਕਲੀ, ਤਾਜ ਮਹਿਲ ਅਤੇ ਘੁੰਗਟ ਵਰਗੀਆਂ ਕਈ ਪ੍ਰਸਿੱਧ ਫਿਲਮਾਂ ਦੇ ਲਈ ਜਾਣਿਆ ਜਾਂਦਾ ਹੈ। ਘੁੰਗਟ ਦੇ ਲਈ ਉਹਨਾਂ ਨੇ ਫਿਲਮ ਫੇਅਰ ਦਾ ਬੈਸਟ ਅਭਿਨੇਤਰੀ ਐਵਾਰਡ ਵੀ ਦਿੱਤਾ ਗਿਆ ਸੀ।

ਪ੍ਰਸਨਲ ਲਾਈਫ ਦੀ ਗੱਲ ਕਰੀਏ ਤਾਂ ਬਾਲੀਵੁੱਡ ਐਕਟਰ ਪ੍ਰੇਮਨਾਥ ਨਾਲ ਉਹਨਾਂ ਨੇ ਲਵ ਮੈਰਿਜ ਕੀਤੀ ਸੀ। ਦੋਵਾਂ ਦੀ ਲਵ ਸਟੋਰੀ ਫਿਲਮ 'ਔਰਤ' (1053) ਦੇ ਸੈਟ ਤੇ ਆਰੰਭ ਹੋਈ ਸੀ। ਇਸ ਫਿਲਮ ਵਿਚ ਦੋਵਾਂ ਨੇ ਪਹਿਲੀ ਵਾਰ ਕੰਮ ਕੀਤਾ ਸੀ।

### ਫਿਲਮਾਂ ਵਿਚ ਆਉਣ ਦੇ ਲਈ ਕੀਤੀ ਭੁੱਖ ਹੜਤਾਲ

ਬੀਨਾ ਦੇ ਮਾਪੇ ਉਸ ਨੂੰ ਫਿਲਮਾਂ ਵਿਚ ਕੰਮ ਕਰਨ ਦੇ ਖਿਲਾਫ ਸਨ ਪਰ ਉਸਨੇ ਤਾਂ ਆਪਣਾ ਮਨ ਬਣਾ ਲਿਆ ਸੀ। ਕਿਹਾ ਜਾਂਦਾ ਹੈ ਕਿ ਮਾਪਿਆਂ ਨੂੰ ਮਨਾਉਣ ਦੇ ਲਈ ਬੀਨਾ ਭੁੱਖ ਹੜਤਾਲ 'ਤੇ ਚਲੀ ਗਈ ਸੀ ਅਤੇ ਇਸਦਾ ਅਸਰ ਵੀ ਹੋਇਆ। ਫਾਈਨਲੀ ਉਹਨਾਂ ਨੇ ਐਕਟਿੰਗ ਫੀਲਡ ਵਿਚ ਆਉਣ ਦੀ ਆਗਿਆ ਲੈ ਲਈ।

### ਫਿਲਮਾਂ ਦੇ ਲਈ ਕਈ ਅਭਿਨੇਤਾਵਾਂ ਨਾਲ ਜੋੜਿਆ ਰਿਸ਼ਤਾ

ਬੀਨਾ ਹੀ ਸਿਰਫ ਅਜਿਹੀ ਅਭਿਨੇਤਰੀ ਨਹੀਂ ਹੈ, ਜਿਸਨੇ ਫਿਲਮਾਂ ਵਿਚ ਆਉਣ ਦੇ ਲਈ ਪਾਪੜ ਵੇਲੇ। ਬੀਨਾ ਨੇ ਜਿੱਥੇ ਭੁੱਖ ਹੜਤਾਲ ਨੂੰ ਆਪਣਾ ਹਥਿਆਰ ਬਣਾਹਿਆ ਸੀ, ਉਥੇ ਅੱਜ ਦੇ ਦੌਰ ਦੀਆਂ ਕਈ ਅਭਿਨੇਤਰੀਆਂ ਅਜਿਹੀਆਂ ਹਨ, ਜਿਹਨਾਂ ਦੇ ਸਿਰ ਤੇ ਫਿਲਮਾਂ ਦਾ ਭੂਤ ਸਵਾਰ ਸੀ। ਉਹਨਾਂ ਨੇ ਆਪਣਾ ਪਰਿਵਾਰ ਵੀ ਛੱਡਿਆ, ਬਲਕਿ ਵਿਆਹ ਤੱਕ ਤੋੜ ਦਿੱਤਾ। ਇਹਨਾਂ ਵਿਚ ਕੰਗਨਾ ਰਣੌਤ ਅਤੇ ਮੱਲਿਕਾ ਸ਼ਰਾਵਤ ਸਮੇਤ ਕਈ ਨਾਂ ਸ਼ਾਮਲ ਹਨ।




### ਕੰਗਨਾ ਰਣੌਤ ਨੇ ਛੱਡ ਦਿੱਤਾ ਸੀ ਘਰ

ਕੰਗਨਾ ਰਣੌਤ ਬਾਰੇ ਕਿਹਾ ਜਾਂਦਾ ਹੈ ਕਿ ਉਹ ਬਚਪਨ ਤੋਂ ਹੀ ਬਾਲੀਵੁੱਡ ਅਭਿਨੇਤਰੀ ਬਣਨ ਦਾ ਸੁਪਨਾ ਦੇਖਿਆ ਕਰਦੀ ਸੀ। ਉਹਨਾਂ ਨੇ ਐਕਟਿੰਗ ਦੇ ਲਏ ਸਕੂਲ ਛੱਡ ਦਿੱਤਾ, ਜਿਸ ਨੂੰ ਲੈ ਕੇ ਉਹਨਾਂ ਦੇ ਪਿਤਾ ਨੇ ਉਹਨਾਂ ਤੇ ਹੱਥ ਵੀ ਚੁੱਕਿਆ ਸੀ। ਹਾਲਾਂਕਿ ਕੰਗਨਾ ਮਨ ਬਣਾ ਚੁੱਕੀ ਸੀ। ਅਖੀਰ ਵਿਚ 15 ਸਾਲ ਦੀ ਉਮਰ ਵਿਚ ਉਹਨਾਂ ਨੇ ਆਪਣਾ ਘਰ ਛੱਡ ਦਿੱਤਾ। ਕੁਝ ਦਿਨ ਦਿੱਲੀ ਵਿਚ ਸਟੇਜ ਸ਼ੋਅ ਕੀਤੇ ਅਤੇ ਫਿਰ ਮੁੰਬਈ ਆ ਕੇ ਐਕਟਿੰਗ ਦੀ ਸ਼ੁਰੂਆਤ ਕੀਤੀ। ਗੈਂਗਸਟਰ (2006) ਉਹਨਾਂ ਦੀ ਪਹਿਲੀ ਫਿਲਮ ਸੀ।



### ਮੱਲਿਕਾ ਸ਼ੇਰਾਵਤ ਨੇ ਪਤੀ ਤੋਂ ਲਿਆ ਤਲਾਕ

ਮੱਲਿਕਾ ਖੁੱਲ੍ਹ ਕੇ ਕਦੀ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੀ, ਪਰ ਫਿਲਮਾਂ ਵਿਚ ਆਉਣ ਤੋਂ ਪਹਿਲਾਂ ਹੀ ਉਹਨਾਂ ਦਾ ਵਿਆਹ ਪਾਇਲਟ ਕਰਨ ਸਿੰਘ ਗਿੱਲ ਨਾਲ ਹੋ ਗਿਆ ਸੀ। ਹਾਲਾਂਕਿ ਐਕਟਿੰਗ ਦੇ ਫੀਲਡ ਵਿਚ ਆਉਣ ਦੇ ਲਈ ਉਹਨਾਂ ਨੇ ਆਪਣੇ ਵਿਆਹ ਨੂੰ ਤਾਕ ਤੇ ਰੱਖ ਦਿੱਤਾ। ਤਲਾਕ ਤੋਂ ਬਾਅਦ ਕੁਝ ਦਿਨ ਬਾਅਦ ਉਹਨਾਂ ਨੇ ਇਸ਼ਤਿਹਰਾਂ ਵਿਚ ਬਤੌਰ ਮਾਡਲ ਕੰਮ ਕੀਤਾ। ਸਾਲ 2003 ਵਿਚ ਉਹਨਾਂ ਦੀ ਪਹਿਲੀ ਫਿਲਮ 'ਖੁਹਾਇਸ਼' ਰਿਲੀਜ਼ ਹੋਈ, ਜਿਸ ਵਿਚ ਉਹਨਾਂ ਨੇ ਐਕਟਰ ਹਿਮਾਂਸ਼ੂ ਦੇ ਨਾਲ 17 ਕਿਸਿੰਗ ਸੀਨ ਦਿੱਤੇ ਸਨ।



### ਅਦਿਤੀ- ਲੰਮੇ ਸਮੇਂ ਤੱਕ ਲੁਕੋਅ ਰੱਖਿਆ ਰਿਸ਼ਤਾ

ਅਦਿਤੀ ਰਾਏ ਹੈਦਰੀ ਉਦੋਂ 21 ਸਾਲ ਦੀ ਸੀ, ਜਦੋਂ ਉਹਨਾਂ ਦਾ ਵਿਆਹ ਬਿਊਰੋਕ੍ਰੇਟ ਤੋਂ ਐਕਟਰ ਬਣੇ ਸਤਿਆਦੀਪ ਮਿਸ਼ਰਾ ਨਾਲ ਹੋਇਆ ਸੀ।

ਫਿਲਮਾਂ ਵਿਚ ਆਉਣ ਦੇ ਲਈ ਨਾ ਉਹਨਾਂ ਨੇ ਆਪਣੇ ਪਤੀ ਨੂੰ ਛੱਡਿਆ, ਬਲਕਿ ਲੰਮੇ ਸਮੇਂ ਤੱਕ ਰਿਸ਼ਤੇ ਦੀ ਗੱਲ ਵੀ ਲੁਕੋਈ। ਸਾਲ 2013 ਵਿਚ ਉਹਨਾਂ ਨੇ ਇਕ ਇੰਟਰਵਿਊ ਵਿਚ ਇਹ ਗੱਲ ਜ਼ਰੂਰ ਕਬੂਲ ਕੀਤੀ ਸੀ ਕਿ ਉਹ ਸੀਰੀਅਸ ਰਿਲੇਸ਼ਨ ਵਿਚ ਰਹੀ ਹੈ। ਵਿਆਹ ਦੀ ਗੱਲ ਕਦੀ ਉਹਨਾਂ ਨੇ ਜਨਤਕ ਤੌਰ ਤੇ ਸਵੀਕਾਰ ਨਹੀਂ ਕੀਤੀ। ਵਰਣਨਯੋਗ ਹੈ ਕਿ ਅਦਿਤੀ ਨੇ ਸੁਧੀਰ ਮਿਸ਼ਰਾ ਦੀ ਫਿਲਮ 'ਇਹ ਸਾਲੀ ਜ਼ਿੰਦਗੀ' ਤੋਂ ਬਾਲੀਵੁੱਡ ਵਿਚ ਐਂਟਰੀ ਕੀਤੀ ਸੀ।



### ਚਿਤਰਾਂਗਦਾ ਸਿੰਘ ਨੇ ਫਿਲਮਾਂ ਲਈ ਛੱਡਿਆ ਪਤੀ ਦਾ ਘਰ

ਬਾਲੀਵੁੱਡ ਅਭਿਨੇਤਰੀ ਚਿਤਰਾਂਗਦਾ ਸਿੰਘ ਦਾ ਵਿਆਹ ਗੋਲਫਰ ਜਯੋਤੀ ਰੰਧਾਵਾ ਨਾਲ ਹੋਇਆ ਸੀ। ਦੋਵਾਂ ਦਾ ਇਕ ਲੜਕਾ ਵੀ ਹੈ ਜੋਰਾਵਰ। ਸੂਤਰਾਂ ਮੁਤਾਬਕ ਫਿਲਮਾਂ ਦੇ ਲਈ ਚਿਤਰਾਂਗਦਾ ਪਤੀ ਦਾ ਘਰ ਛੱਡ ਕੇ ਦਿੱਲੀ ਤੋਂ ਮੁੰਬਈ ਸ਼ਿਫਟ ਹੋ ਗਈ। ਇਸਦਾ ਸਿੱਧਾ ਅਸਰ ਉਹਨਾਂ ਦੇ ਰਿਸ਼ਤੇ ਦੇ ਪਿਆ। ਪਿਛਲੇ ਸਾਲ ਅਪ੍ਰੈਲ ਵਿਚ ਦੋਵਾਂ ਦਾ ਤਲਾਕ ਹੋ ਚੁੱਕਾ ਹੈ।



### ਨਰਗਿਸ ਨੇ ਪਰਿਵਾਰ ਹੀ ਨਹੀਂ ਬੁਆਏ ਫਰੈਂਡ ਵੀ ਛੱਡਿਆ

ਕਿਹਾ ਜਾਂਦਾ ਹੈ ਕਿ ਬਾਲੀਵੁੱਡ ਅਭਿਨੇਤਰੀ ਬਣਨ ਦੀ ਧੁਨ ਵਿਚ ਨਾ ਕੇਵਲ ਨਰਗਿਸ ਨੇ ਆਪਣਾ ਘਰ ਛੱਡਿਆ, ਬਲਕਿ ਬੁਆਏ ਫਰੈਂਡ ਨਾਲੋਂ ਵੀ ਰਿਸ਼ਤਾ ਤੋੜ ਲਿਆ। ਸੂਤਰਾਂ ਮੁਤਾਬਕ ਵਿਆਹ ਕਰਨ ਤੋਂ ਪਹਿਲਾਂ ਉਹ ਆਪਣੀ ਜ਼ਿੰਦਗੀ ਵਿਚ ਬਹੁਤ ਕੁਝ ਕਰਨਾ ਚਾਹੁੰਦੀ ਸੀ। ਇਸ ਕਰਕੇ ਉਸਨੇ ਬੈਗ ਪੈਕ ਕੀਤਾ ਅਤੇ ਭਾਰਤ ਚਲੀ ਆਈ। ਸਾਲ 2011 ਵਿਚ ਰਾਕਸਟਾਰ ਤੋਂ ਉਹਨਾਂ ਨੇ ਬਾਲੀਵੁੱਡ ਵਿਚ ਐਂਟਰੀ ਕੀਤੀ। ਇਸ ਫਿਲਮ ਵਿਚ ਰਣਬੀਰ ਕਪੂਰ ਉਹਨਾਂ ਦੇ ਕੋ-ਐਕਟਰ ਸਨ।

# ਮਾਰਕ ਬਾਊਚਰ ਤੋਂ ਖਲੀ ਤੱਕ ਘਾਤਕ ਸੱਟ ਨੇ ਬਰਬਾਦ ਕੀਤਾ ਇਹਨਾਂ ਪਹਿਲਵਾਨਾਂ ਦਾ ਕੈਰੀਅਰ

ਸਾਊਥ ਅਫਰੀਕਾ ਦੇ ਬੈਟਸਮੈਨ ਅਤੇ ਵਿਕਟ ਕੀਪਰ ਮਾਰਕ ਬਾਊਚਰ ਨੇ ਬੀਤੇ 3 ਦਸੰਬਰ ਨੂੰ 39ਵਾਂ ਜਨਮ ਦਿਨ ਮਨਾਇਆ। ਮਾਰਕ ਬਾਊਚਰ ਨੇ 2012 ਵਿਚ ਸੱਟ ਦੇ ਕਾਰਨ ਰਿਟਾਇਰਮੈਂਟ ਲੈ ਲਈ ਸੀ। ਉਹ ਕੀਪਿੰਗ ਦੇ ਦੌਰਾਨ ਹੈਲਮਟ ਨਹੀਂ ਪਾਉਂਦੇ ਸਨ ਅਤੇ ਉਹਨਾਂ ਨੂੰ ਇਕ ਵਾਰ ਵਿਕਟ ਕੀਪਿੰਗ ਕਰਦੇ ਵਕਤ ਅੱਖ ਵਿਚ ਸੱਟ ਲੱਗ ਗਈ ਸੀ। ਇਸ ਤੋਂ ਬਾਅਦ ਉਹ ਵਾਪਸੀ ਨਹੀਂਕਰ ਸਕੇ। ਮਾਰਕ ਬਾਊਚਰ ਵਾਂਗ ਹੀ ਖਲੀ ਸਮੇਤ ਕਈ ਅਜਿਹੇ ਸਪੋਰਟਸ ਸਟਾਰ ਹੋਏ, ਜਿਹਨਾਂ ਨੂੰ ਸੱਟ ਦੇ ਕਾਰਨ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਦੇ ਲਈ ਮਜਬੂਰ ਹੋਣਾ ਪਿਆ।



### ਮਾਰਕ ਬਾਊਚਰ: ਇਕ ਸੱਟ ਤੋਂ ਖਤਮ ਹੋਇਆ ਕੈਰੀਅਰ

10 ਜੁਲਾਈ 2012 ਨੂੰ ਸਮਰਸੈਟ ਅਤੇ ਸਾਊਥ ਅਫਰੀਕਨਾਂ ਵਿਚਕਾਰ ਮੈਚ ਖੇਡਿਆ ਜਾ ਰਿਹਾ ਸੀ। ਮੈਚ ਦੇ 48ਵੇਂ ਓਵਰ ਵਿਚ ਇਮਰਾਨ ਤਾਹਿਰ ਦੀ ਗੇਂਦ ਤੇ ਜਰਮਲ ਹੁਸੈਨ ਬੋਲਡ ਹੋ ਗਏ, ਪਰ ਬਾਲ ਸਟੰਪ 'ਤੇ ਲੱਗਣ ਤੋਂਬਾਅਦ ਵਿਕਟ ਦੇ ਪਿੱਛੇ ਖੜ੍ਹੇ ਵਿਕਟ ਕੀਪਰ ਮਾਰਕ ਬਾਊਚਰ ਦੀ ਅੱਖ 'ਤੇ ਜਾ ਲੱਗੀ। ਇਹ ਮੈਚ ਮਾਰਕ ਬਾਊਚਰ ਦੇ ਕੈਰੀਅਰ ਦਾ ਆਖਰੀ ਮੈਚ ਸਾਬਤ ਹੋਇਆ। ਉਹਨਾਂ ਨੇ ਰਿਟਾਇਰਮੈਂਟ ਲੈ ਲਈ। ਮਾਰਕ ਬਾਊਚਰ ਫੀਲਡਿੰਗ ਦੇ ਦੌਰਾਨ ਹੈਲਮਟ ਨਹੀਂ ਪਾਉਂਦੇ ਸਨ ਕਿਉਂਕਿ ਇਮਰਾਨ ਤਾਹਿਰ ਸਪਿਨਰ ਹਨ, ਇਸ ਕਰਕੇ ਉਹ ਵਿਕਟ ਨਾਲ ਚਿਪਕ ਕੇ ਖੜ੍ਹੇ ਹੋਏ ਸਨ। ਬਾਊਚਰ ਨੇ ਕੈਰੀਅਰ ਵਿਚ ਟੈਸਟ ਅਤੇ ਵੰਨ ਡੇਅ ਵਿਚ ਮਿਲਾ ਕੇ 998 ਸ਼ਿਕਾਰ ਕੀਤੇ।



### ਰਿੰਗ ਵਿਚ ਕਰਦਾ ਸੀ ਸਭ ਨੂੰ ਢੇਰ

ਦਾ ਗ੍ਰੇਟ ਖਲੀ ਪਿਛਲੇ ਲੱਗਭੱਗ ਤਿੰਨ ਸਾਲਾਂ ਤੋਂ ਗੋਡਿਆਂ ਦੀ ਸੱਟ ਤੋਂ ਪ੍ਰੇਸ਼ਾਨ ਹੈ। ਬਿਗ ਬਾਸ-4 ਵਿਚ ਜਦੋਂ ਉਹ ਹਿੱਸਾ ਲੈ ਰਹੇ ਸਨ, ਉਸ ਵਕਤ ਵੀ ਉਠਣ-ਬੈਠਣ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਫਾਈਟ ਦੀ ਗੱਲ ਕੀਤੀ ਜਾਵੇ ਤਾਂ ਖਲੀ ਨੇ ਦੋ ਸਾਲ ਤੋਂ ਕੋਈ ਵੀ ਫਾਈਟ ਨਹੀਂ ਲੜੀ। ਰੈਸਲਿੰਗ ਕੈਰੀਅਰ ਦੇ ਦੌਰਾਨ ਦੋ ਵਾਰ ਉਸਦੇ ਸੱਟਾਂ ਲੱਗੀਆਂ। ਇਕ ਵਾਰ ਤਾਂ ਉਹਨਾਂ ਨੂੰ ਗੋਡਿਆਂ ਦਾ ਅਪਰੇਸ਼ਨ ਵੀ ਕਰਵਾਉਣਾ ਪਿਆ। ਦੱਸਿਆ ਜਾ ਰਿਹਾ ਹੈ ਕਿ ਉਹਨਾਂ ਦੇ ਸੰਨਿਆਸ ਦਾ ਅਸਲੀ ਕਾਰਨ ਲਗਾਤਾਰ ਸੱਟ ਤੋਂ ਪ੍ਰੇਸ਼ਾਨ ਹੋਣਾ ਰਿਹਾ।



### ਮੋਨਿਕਾ ਸੇਲੇਸ

1993 ਵਿਚ ਹੈਮਬਰਗ ਟੂਰਨਾਮੈਂਟ ਦੇ ਦੌਰਾਨ ਸਟੈਫੀ ਗ੍ਰਾਫ ਦੇ ਇਕ ਸਿਰਫਿਰੇ ਪ੍ਰਸ਼ੰਸਕ ਨੇ ਮੋਨਿਕਾ 'ਤੇ ਚਾਕੂ ਨਾਲ ਹਮਲਾ ਕਰਕੇ ਉਹਨਾਂ ਦੇ ਕੈਰੀਅਰ ਨੂੰ ਤਹਿਸ-ਨਹਿਸ ਕਰ ਦਿੱਤਾ ਸੀ।

ਇਹ ਦਰਸ਼ਕ ਵੀ ਸਟੇਡੀਅਮ ਵਿਚ ਮੈਚ ਦਾ ਆਨੰਦ ਲੈ ਰਿਹਾ ਸੀ। ਮੋਨਿਕਾ ਸੇਲੇਸ ਵਿਰੋਧੀ ਬੁਲਗਾਰੀਆ ਦੀ ਮੈਗੀ ਮਾਲੀਵਾ ਦੇ ਖਿਲਾਫ ਪਹਿਲੇ ਸੈਟ 6-4 ਨਾਲ ਜਿੱਤ ਚੁੱਕੀ ਸੀ। ਦੂਜੇ ਹਾਫ ਵਿਚ 4-3 ਨਾਲ ਅੱਗੇ ਸੀ, ਇਸੇ ਦੌਰਾਨ ਰੈਸਟ ਦਾ ਐਲਾਨ ਹੋਇਆ। ਉਹ ਟਾਵੇਲ ਲੈ ਕੇ ਚੇਅਰ ਤੇ ਬੈਠੀ ਹੀ ਸੀ ਕਿ ਪਿੱਛੇ ਤੋਂ ਸਿਰਫਿਰੇ ਨੇ ਉਹਨਾਂ ਦੀ ਪਿੱਠ ਤੇ ਚਾਕੂ ਮਾਰ ਦਿੱਤਾ।




### ਡੇਵਿਡ ਬੁਸਟ

ਅਪ੍ਰੈਲ, 1996 ਵਿਚ ਕਾਵੈਂਟਰੀ ਸਿਟੀ ਅਤੇ ਮੈਨਚੈਸਟਰ ਯੂਨਾਈਟਿਡ ਵਿਚਕਾਰ ਈ. ਪੀ. ਐਲ. (ਇੰਗਲਿਸ਼ ਪ੍ਰੀਮੀਅਰ ਲੀਗ) ਦੇ ਤਹਿਤ ਮੈਚ ਖੇਡਿਆ ਜਾ ਰਿਹਾ ਸੀ। ਇਸੇ ਦੌਰਾਨ ਵਿਰੋਧੀ ਟੀਮ ਦੇ ਖਿਡਾਰੀਆਂ ਤੋਂ ਗੇਂਦ ਖੋਹਣ ਦੀ ਕੋਸ਼ਿਸ਼ ਵਿਚ ਡੇਵਿਡ ਬੁਸਟ ਦੇ ਸੱਜੇ ਪੈਰ ਦੇ ਗੋਡੇ ਵਿਚ ਸੱਟ ਲੱਗ ਗਈ। ਡੇਵਿਡ ਦੇ ਗੋਡੇ ਦਾ ਹੁਣ ਤੱਕ 26 ਵਾਰ ਅਪਰੇਸ਼ਨ ਹੋਇਆ, ਪਰ ਸੱਟ ਠੀਕ ਨਹੀਂ ਹੋ ਸਕੀ। ਉਹਨਾਂ ਨੇ 29 ਸਾਲ ਦੀ ਉਮਰ ਵਿਚ ਨਵੰਬਰ 1996 ਨੂੰ ਫੁਟਬਾਲ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ।

ਐ ਬੋਝ ਨਾਲ ਥੱਕੇ ਮਾਰੇ ਲੋਕੋ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦੇਵਾਂਗਾ। (ਮਤੀ 11/28)

# ਸਮੂਹ ਪ੍ਰਭੂ ਯੀਸ਼ੂ ਸ਼ਰਧਾਲੂਆਂ ਅਤੇ ਕੁੱਲ ਲੋਕਾਈ ਨੂੰ ਮੈਰੀ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ





## ਚੰਦਨ ਸਿੰਘ ਅਤੇ ਸਮੂਹ ਪਰਿਵਾਰ




# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।





Call : Dharminder Singh

Cell : 530-870-6600 Fax : 530-405-1429

Email: myfuturetruck@gmail.com

2535 Front St. West Sacramento, CA 95691

ਟਰੱਕ ਡਰਾਇਵਰ ਵੀਰਾਂ ਲਈ

ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ



ਅੱਜ ਹੀ ਕਾਲ ਕਰੋ

TOLL FREE
1-800-381-0107

* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ

SKZ LLC. BROKERAGE

* CANT'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!

CALL Todal :-
DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM



Grant Line Insurance Agency, Inc.

DBA Sky High Insurance Agency

One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

Call for Free Quote
209-263-0860
3244 W. Grant Line Rd., Tracy, CA 95304
Email:- Jas@Skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154